SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ
# ਦੇਸ਼ ਦੁਆਬਾ
VOL - 9 ISSUE - 51
March 31, 2021
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਮਹਾਨ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ
ਦੀ ਸ਼ਹਾਦਤ ਨੂੰ ਕੋਟਿਨ-ਕੋਟਿ ਪ੍ਰਣਾਮ!!!
ਸ਼ਹੀਦ ਭਗਤ ਸਿੰਘ ਤੇ ਅਛੂਤ ਦਾ ਸਵਾਲ
*(ਡਾ. ਰੌਣਕੀ ਰਾਮ ਜੀ ਵਿਸ਼ੇਸ ਦਾ ਲੇਖ ਦੇਖੋ ਸਫਾ 16, 17, 18'ਤੇ)*

# ਨਸਲੀ ਹਿੰਸਾ ਖ਼ਿਲਾਫ਼ ਸ਼ਿਕਾਗੋ ਅਤੇ ਨਿਊਯਾਰਕ ਵਿਚ ਮੁਜ਼ਾਹਰੇ

**ਸ਼ਿਕਾਗੋ (ਬਿਊਰੋ)–** ਅਮਰੀਕਾ 'ਚ ਨਸਲੀ ਹਿੰਸਾ ਦੇ ਮਾਮਲੇ ਵੱਧ ਰਹੇ ਹਨ। ਇਨ੍ਹਾਂ ਅਪਰਾਧਾਂ ਖ਼ਿਲਾਫ਼ ਸ਼ਿਕਾਗੋ ਅਤੇ ਨਿਊਯਾਰਕ ਵਿਚ ਹਜ਼ਾਰਾਂ ਲੋਕਾਂ ਨੇ ਪ੍ਰਦਰਸ਼ਨ ਕੀਤਾ। ਸ਼ਿਕਾਗੋ ਦੇ ਚਾਈਨਾ ਟਾਊਨ ਚੌਕ ਵਿਚ ਨਸਲੀ ਭੇਦਭਾਵ ਅਤੇ ਅਪਰਾਧਾਂ ਖ਼ਿਲਾਫ਼ ਹਜ਼ਾਰਾਂ ਲੋਕ ਸੜਕ 'ਤੇ ਆ ਗਏ। ਇਨ੍ਹਾਂ ਸਾਰਿਆਂ ਦੇ ਹੱਥਾਂ ਵਿਚ 'ਸਟਾਪ ਏਸ਼ੀਅਨ ਹੇਟ', 'ਜ਼ੀਰੋ ਟਾਲਰੈਂਸ ਫਾਰ ਰੇਸਿਜ਼ਮ' ਲਿਖੇ ਨਾਅਰਿਆਂ ਦੀਆਂ ਤਖ਼ਤੀਆਂ ਫੜੀਆਂ ਹੋਈਆਂ ਸਨ। ਪ੍ਰਦਰਸ਼ਨਕਾਰੀਆਂ ਵਿਚ ਸਥਾਨਕ ਅਧਿਕਾਰੀ ਅਤੇ ਪੁਲਿਸ ਮੁਖੀ ਵੀ ਨਾਲ ਸਨ ਅਤੇ ਉਹ ਲੋਕਾਂ ਨੂੰ ਨਫ਼ਰਤੀ ਅਪਰਾਧ ਪ੍ਰਭਾਵੀ ਰੂਪ ਤੋਂ ਰੋਕਣ ਦਾ ਭਰੋਸਾ ਦੇ ਰਹੇ ਸਨ। ਦੱਸਣਯੋਗ ਹੈ ਕਿ 16 ਮਾਰਚ ਨੂੰ ਐਟਲਾਂਟਾ ਵਿਚ ਅੱਠ ਲੋਕਾਂ ਦੀ ਹੱਤਿਆ ਕਰ ਦਿੱਤੀ ਗਈ ਸੀ। ਇਨ੍ਹਾਂ ਵਿੱਚੋਂ ਛੇ ਏਸ਼ਿਆਈ ਮੂਲ ਦੀਆਂ ਔਰਤਾਂ ਸਨ। ਇਸ ਦੇ ਬਾਅਦ ਲਗਾਤਾਰ ਕਈ ਘਟਨਾਵਾਂ ਹੋਈਆਂ। ਪ੍ਰਦਰਸ਼ਨਕਾਰੀਆਂ ਦੀ ਮੁੱਖ ਮੰਗ ਸੁਰੱਖਿਆ ਵਧਾਉਣਾ, ਨਸਲੀ ਹਿੰਸਾ ਦੇ ਅਪਰਾਧਾਂ ਦੀ ਸ਼ਿਕਾਇਤ ਲਈ ਅਲੱਗ ਤੋਂ ਵੈੱਬਸਾਈਟ, ਹਿੰਸਾ ਪੀੜਤਾਂ ਲਈ ਫੰਡ, ਜੋ ਮਾਮਲੇ ਹਨ ਉਨ੍ਹਾਂ 'ਤੇ ਤੁਰੰਤ ਕਾਰਵਾਈ ਕਰਨਾ ਸੀ। ਨਿਊਯਾਰਕ ਵਿਚ ਵੀ ਨਸਲੀ ਹਿੰਸਾ ਖ਼ਿਲਾਫ਼ ਪ੍ਰਦਰਸ਼ਨ ਕੀਤਾ ਗਿਆ। ਇਸ ਪ੍ਰਦਰਸ਼ਨ ਵਿਚ 25 ਰਾਜਾਂ ਦੇ 60 ਤੋਂ ਜ਼ਿਆਦਾ ਸ਼ਹਿਰਾਂ ਦੇ ਲੋਕਾਂ ਦਾ ਪ੍ਰਤੀਨਿਧਤਵ ਸੀ। ਨਿਊਯਾਰਕ ਵਿਚ ਤਾਜ਼ਾ ਨਸਲੀ ਹਿੰਸਾ ਪਿੱਛੋਂ ਹੁਣ ਤਕ 10 ਤੋਂ ਜ਼ਿਆਦਾ ਰੈਲੀਆਂ ਕੀਤੀਆਂ ਜਾ ਚੁੱਕੀਆਂ ਹਨ।



# ਭਾਰਤ ਯਾਤਰਾ ਲਈ ਨਹੀਂ ਪਵੇਗੀ ਪੁਰਾਣੇ ਪਾਸਪੋਰਟ ਦੀ ਲੋੜ

**ਵਾਸ਼ਿੰਗਟਨ (ਬਿਊਰੋ)–** ਵਿਦੇਸ਼ੀ ਨਾਗਰਿਕ ਦਾ ਕਾਰਡ ਰੱਖਣ ਵਾਲੇ ਭਾਰਤੀ ਮੂਲ ਜਾਂ ਭਾਰਤੀ ਸਮੁਦਾਇ ਦੇ ਲੋਕਾਂ ਨੂੰ ਹੁਣ ਦੇਸ਼ ਆਉਣ ਲਈ ਪੁਰਾਣਾ ਪਾਸਪੋਰਟ ਨਾਲ ਰੱਖਣ ਦੀ ਜ਼ਰੂਰਤ ਨਹੀਂ ਹੈ। ਭਾਰਤੀ ਦੂਤਾਵਾਸ ਨੇ ਕੇਂਦਰ ਸਰਕਾਰ ਦੁਆਰਾ ਇਸ ਸਬੰਧ 'ਚ ਜਾਰੀ ਸੂਚਨਾ ਦਾ ਜ਼ਿਕਰ ਕਰਦੇ ਹੋਏ ਸੋਮਵਾਰ ਨੂੰ ਦੱਸਿਆ ਕਿ ਓਸੀਆਈ ਕਾਰਡ ਦੇ ਨਾਲ ਪੁਰਾਣਾ ਪਾਸਪੋਰਟ ਰੱਖਣ ਦੀ ਜ਼ਰੂਰਤ ਹੁਣ ਖ਼ਤਮ ਕਰ ਦਿੱਤੀ ਗਈ ਹੈ। ਇਸ਼ ਘੋਸ਼ਣਾ ਨੇ ਵਿਦੇਸ਼ਾਂ 'ਚ ਰਹਿ ਰਹੇ ਭਾਰਤੀਆਂ ਦੀ ਵੱਡੀ ਪ੍ਰੇਸ਼ਾਨੀ ਦੂਰ ਕਰ ਦਿੱਤੀ ਹੈ। ਦੂਤਾਵਾਸ ਵੱਲੋਂ ਇਹ ਕਿਹਾ ਗਿਆ ਹੈ ਕਿ ਹੁਣ ਪੁਰਾਣੀ ਪਾਸਪੋਰਟ ਸੰਖਿਆ ਵਾਲੇ ਮੌਜੂਦਾ ਓਸੀਆਈ ਕਾਰਡ ਦੇ ਸਹਾਰੇ ਯਾਤਰਾ ਕਰਨ ਵਾਲੇ ਵਿਅਕਤੀ ਨੂੰ ਪੁਰਾਣਾ ਪਾਸਪੋਰਟ ਨਾਲ ਰੱਖਣ ਦੀ ਜ਼ਰੂਰਤ ਨਹੀਂ ਹੈ, ਹਾਲਾਂਕਿ ਨਵਾਂ ਪਾਸਪੋਰਟ ਨਾਲ ਰੱਖਣਾ ਜ਼ਰੂਰੀ ਹੋਵੇਗਾ।

ਭਾਰਤ ਸਰਕਾਰ ਨੇ 20 ਸਾਲ ਤੋਂ ਘੱਟ ਤੇ 50 ਸਾਲ ਤੋਂ ਵੱਧ ਦੀ ਉਮਰ ਦੇ ਕਾਰਡ ਧਾਰਕਾਂ ਲਈ ਓਸੀਆਈ ਕਾਰਡ ਮੁੜ ਜਾਰੀ ਕਰਨ ਦੀ ਸੀਮਾ ਵਧਾ ਕੇ 31 ਦਸੰਬਰ, 2021 ਕਰਨ ਦਾ ਵੀ ਫ਼ੈਸਲਾ ਕੀਤਾ ਹੈ। ਸਾਲ 2005 ਤੋਂ ਲਾਗੂ ਓਸੀਆਈ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, 20 ਸਾਲ ਤੋਂ ਘੱਟ ਤੇ 50 ਸਾਲ ਤੋਂ ਵੱਧ ਉਮਰ ਦੇ ਕਾਰਡ ਧਾਰਕਾਂ ਨੂੰ ਹਰ ਵਾਰ ਨਵਾਂ ਪਾਸਪੋਰਟ ਬਨਵਾਉਣ 'ਤੇ ਆਪਣਾ ਕਾਰਡ ਦੁਬਾਰਾ ਜਾਰੀ ਕਰਨਾ ਹੁੰਦਾ ਹੈ।



MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜ਼ਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
WE OPEN 7-DAYS A WEEK
MANDEEP SANDHU
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212
(NEAR HWY 99 ON MORADA LANE)
(209-373-3562) msandhu2014@gmail.com

GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM - 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

THINKING ABOUT BUYING, SELLING, OR INVESTING IN REAL ESTATE? CALL ME!
JOHN SINGH BANGA
916-271-5404
banga.realtor@gmail.com
www.banga.bhhser.com
BERKSHIRE HATHAWAY
TRUST the advice of a professional
CALBRE #01397975
When it comes to Buying, Selling or Investing in real estate, it's important to Trust in a Real Estate Agent who cares about your neighborhood as as much as you do. When you are ready to buy or sell, give me a call.

Indian Grill
Indiangrillsanleandro.com
Pal343@ yahoo.com
510-878-2704, 510-332-1074 Mobile
We do Outdoor & Indoor Catering for all your Events
1600 Washington Ave. San Leandro.CA 94577
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM



INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com




HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com




Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
Follow us on Twitter
rajasweetsandcatering
rajasweets




Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜ੍ਹੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
**831-623-4702**

20% OFF LABOUR
on your next qualifying service

Car Care You Can Trust

## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

**NEW & USED TIRES**
**WASH, LUBE, BRAKES**

Call:
**530-824-5134**

LUCAS OIL LUCAS INJECTOR CLEANER $28.99

Call:
**650-642-0697**

**3525 Highway 99, West Corning, CA 96021**
Across the Street from TA Truck Stop

## ਯੂ ਐਸ ਏ, ਖਬਰਨਾਮਾ (ਹੁਸਨ ਲੜੋਆ ਬੰਗਾ)

# ਨਿਊਜਰਸੀ ਨੇ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ "ਮਨੁੱਖੀ ਅਧਿਕਾਰਾਂ ਅਤੇ ਧਾਰਮਿਕ ਆਜ਼ਾਦੀ ਦਿਵਸ" ਵਜੋਂ ਘੋਸ਼ਿਤ ਕੀਤਾ

**ਸੈਕਰਾਮੈਂਟੋ, ਕੈਲੀਫੋਰਨੀਆ–** ਨਿਉ ਜਰਸੀ ਸੈਨੇਟ ਦੇ ਪ੍ਰੈ੍ਜ਼ੀਡੈਂਟ ਸਟੀਵ ਸਵੀਨੀ ਅਤੇ ਅਸੈਂਬਲੀ ਦੇ ਸਪੀਕਰ ਕੈਰੇਗ ਕੌਗਲਿਨ ਨੇ ਅੱਜ ਈਸਟ ਕੋਸਟ ਸਿੱਖ ਕੋਆਰਡੀਨੇਸ਼ਨ ਕਮੇਟੀ ਅਤੇ ਸਿੱਖ ਭਾਈਚਾਰੇ ਦੇ ਮੈਂਬਰਾਂ ਨੂੰ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਦਿਵਸ ਨੂੰ "ਮਨੁੱਖੀ ਅਧਿਕਾਰਾਂ ਅਤੇ ਧਾਰਮਿਕ ਆਜ਼ਾਦੀ ਦਿਵਸ" ਵਜੋਂ ਮਾਨਤਾ ਦੇਣ ਵਾਲੇ ਮਤੇ ਨਾਲ ਸਨਮਾਨਿਤ ਕੀਤਾ। ਸਾਰਿਆਂ ਲਈ ਧਾਰਮਿਕ ਆਜ਼ਾਦੀ ਦੇ ਮੋਹਰੀ, ਗੁਰੂ ਤੇਗ ਬਹਾਦਰ ਜੀ ਨੇ ਮੁਗਲ ਸਮਰਾਟ ਔਰੰਗਜ਼ੇਬ ਦਾ ਹਿੰਦੂਆਂ ਦੇ ਜ਼ਬਰਦਸਤੀ ਧਾਰਮਿਕ ਧਰਮ ਪਰਿਵਰਤਨ ਦੇ ਵਿਰੁੱਧ ਮੁਕਾਬਲਾ ਕੀਤਾ, ਜਿਸ ਕੰਮ ਲਈ 1675 ਵਿਚ ਉਹਨਾਂ ਦਾ ਜਨਤਕ ਤੌਰ 'ਤੇ ਦਿੱਲੀ ਵਿਚ ਸੀਸ ਕਲਮ ਕੀਤਾ ਗਿਆ ਸੀ। ਸੈਨੇਟ ਦੇ ਪ੍ਰੈ੍ਜ਼ੀਡੈਂਟ ਸਵੀਨੀ ਨੇ ਕਿਹਾ, "ਦੂਜਿਆਂ ਦੇ ਅਧਿਕਾਰਾਂ ਦੀ ਰਾਖੀ ਲਈ ਆਪਣੀ ਜਾਨ ਕੁਰਬਾਨ ਕਰਨ ਤੋਂ ਵੱਧ ਹੋਰ ਕੋਈ ਦਲੇਰੀ ਨਹੀਂ ਹੈ। ਅਸੀਂ ਗੁਰੂ ਤੇਗ ਬਹਾਦਰ ਜੀ ਦਾ ਸਨਮਾਨ ਕਰਦੇ ਹੋਏ ਮਨੁੱਖੀ ਅਧਿਕਾਰਾਂ ਅਤੇ ਧਾਰਮਿਕ ਆਜ਼ਾਦੀ ਦਿਵਸ ਨੂੰ ਮਾਨਤਾ ਦਿੰਦੇ ਹਾਂ। । ਸਿੱਖ ਕੌਮ ਨਿਉ ਜਰਸੀ ਦੀ ਵਿਭਿੰਨ ਅਬਾਦੀ ਦਾ ਇਕ ਮਹੱਤਵਪੂਰਣ ਹਿੱਸਾ ਹੈ ਜੋ ਸਾਡੇ ਰਾਜ ਵਿਚ ਬਹੁਤ ਵੱਡਾ ਯੋਗਦਾਨ ਪਾਉਂਦੀ ਹੈ" ਗੁਰੂ ਤੇਗ ਬਹਾਦਰ, ਇੱਕ ਅਧਿਆਤਮਕ , ਧਾਰਮਿਕ, ਤੇਗ ਦੇ ਧਨੀ ਸਨ। ਉਹਨਾਂ ਦੀ ਮੱਨੁਖਤਾ ਲਈ ਕੁਰਬਾਨੀ 'ਸ੍ਰਿਸ਼ਟਿ ਦੀ ਚਾਦਰ' ਵਜੋਂ ਜਾਣੀ ਜਾਂਦੀ ਹੈ "ਪ੍ਰਗਟ ਭਏ ਗੁਰੂ ਤੇਗ ਬਹਾਦਰ ਸਗਲ ਸ੍ਰਿਸ਼ਟਿ ਪੇ ਢਾਪੀ ਚਾਦਰ । "ਅੱਜ ਦਾ ਦਿਨ ਸਿੱਖ ਕੌਮ




ਲਈ ਬਹੁਤ ਹੀ ਮਾਣ ਵਾਲਾ ਦਿਨ ਹੈ। ਨਿਉ ਜਰਸੀ ਦੇ ਸਾਰੇ ਸਿੱਖਾਂ ਦੀ ਤਰਫੋਂ, ਨਿਉ ਜਰਸੀ ਵਿਧਾਨ ਸਭਾ ਦੇ ਇਸ ਕਾਰਜ ਦੀ ਦਿਲੋਂ ਸ਼ਲਾਘਾ ਕਰਦੇ ਹਾਂ ਅਤੇ ਵਿਸ਼ੇਸ਼ ਤੌਰ 'ਤੇ ਸੈਨੇਟ ਦੇ ਪ੍ਰੈ੍ਜ਼ੀਡੈਂਟ ਸਟੀਵ ਸਵੀਨੀ ਅਤੇ ਸਪੀਕਰ ਕੈਰੇਗ ਕੌਗਲਿਨ ਦਾ ਇਸ ਇਤਿਹਾਸਕ ਅਵਸਰੋ ਤੇ ਇਸ ਵਿਸ਼ੇਸ਼ ਮਾਨਤਾ ਲਈ ਧੰ–ਨਵਾਦ ਕੀਤਾ ਗਿਆ "ਹਰਜਿੰਦਰ ਸਿੰਘ ਨੇ ਕਿਹਾ ਨਿਉ ਜਰਸੀ ਦੇਸ਼ ਦਾ ਸਭ ਤੋਂ ਵਿਭਿੰਨ ਰਾਜ ਹੈ ਅਤੇ ਸਿੱਖ ਕੌਮ ਆਪਣੇ ਬਹੁਸਭਿਆਚਾਰਕ ਤਾਣੇ ਦਾ ਅਨਿੱਖੜਵਾਂ ਅੰਗ ਹੋਣ ਤੇ ਮਾਣ ਮਹਿਸੂਸ ਕਰ ਰਹੀ ਹੈ। ਨਿਊ ਜਰਸੀ ਨੇ ਕਈ ਮਹੱਤਵਪੂਰਨ ਕਾਨੂੰਨ ਪਾਸ ਕੀਤੇ ਜੋ ਕਿ ਹੁਣ ਇਸ ਧਰਤੀ ਦੇ ਕਾਨੂੰਨ ਹਨ: 14 ਅਪ੍ਰੈਲ ਨੂੰ "ਸਿੱਖ ਦਿਵਸ" ਵਜੋਂਸ ਅਪ੍ਰੈਲ ਦਾ ਮਹੀਨਾ "ਸਿੱਖ ਜਾਗਰੂਕਤਾ ਅਤੇ ਪੈਰਸੰਸਾ ਮਹੀਨਾ" ਵਜੋਂ ਸਿੱਖਾਂ ਦੇ ਵੱਧ ਰਹੇ ਪ੍ਰਭਾਵ ਨੂੰ ਦਰਸਾਉਂਦਾ ਹੈ। ਮਨੁੱਖੀ ਅਧਿਕਾਰਾਂ ਅਤੇ ਧਾਰਮਿਕ ਸੁਤੰਤਰਤਾ ਦਿਵਸ ਅਤੇ ਗੁਰੂ ਤੇਗ ਬਹਾਦਰ ਜੀ ਦਾ 400 ਸਾਲਾ ਪ੍ਰਕਾਸ਼ ਦਿਵਸ 18 ਅਪ੍ਰੈਲ, 2021 ਨੂੰ ਮਨ–ਾਇਆ ਜਾਵੇਗਾਫ਼ਇਹ ਕਾਰਜ ਭਾਈ ਹਰਜਿੰਦਰ ਸਿੰਘ ਦੇ ਤਿੱਖੇ ਯਤਨਾਂ ਸਦਕਾ ਸੰਭਵ ਹੋਇਆ ਸੀਸ ਭਾਈ ਜਗਰਾਜ ਸਿੰਘ ਗਰੇਵਾਲ, ਮੈਂਬਰ–ਐਸ. ਸੀ. ਸੀ. ਈ. ਸੀ. ਭਾਈ ਹਿੰਮਤ ਸਿੰਘ, ਕੋਆਰਡੀਨੇਟਰ–ਐਸ ਸੀ ਸੀ ਈ ਸੀਸ ਭਾਈ ਹਰ–ਜੰਦਰ ਸਿੰਘ ਕੇਹਲ, ਮੈਂਬਰ–ਐਨ ਜੇ ਸਿੱਖ ਕਮੇਟੀਸ ਭਾਈ ਰਾਜਬਿੰਦਰ ਸਿੰਘ ਬਦੇਸ਼ਾ, ਮੈਂਬਰ–ਐਨ ਜੇ ਸਿੱਖ ਕਮੇਟੀਸ ਭਾਈ ਸਤਨਾਮ ਸਿੰਘ ਵਿਰਕ, ਮੈਂਬਰ–ਮੈਂਬਰ–ਐਨ ਜੇ ਸਿੱਖ ਕਮੇਟੀ ਅਤੇ ਯਾਦਵਿੰਦਰ ਸਿੰਘ, ਮੈਂਬਰ– ਐਨ ਜੇ ਸਿੱਖ ਕਮੇਟੀ ਵੱਲੋਂ ਨਿਊ ਜਰਸੀ ਸਟੇਟ ਦਾ ਇਸ ਬਿੱਲ ਨੂੰ ਪਾਸ ਕਰਣ ਵਾਸਤੇ ਧੰਨਵਾਦ ਕੀਤਾ ਗਿਆ ਅਤੇ ਸਿੱਖ ਜਗਤ ਨੂੰ ਵਧਾਈਆਂ ਦਿੱਤੀਆਂ।

# ਸਿੱਖ ਇਤਿਹਾਸ ਅਤੇ ਵਿਰਾਸਤ ਨੂੰ ਸਹੀ ਬਿਰਤਾਂਤ ਵਿਚ ਗ੍ਰਹਿਣ ਕਰਨ ਲਈ ਅਮਰੀਕਾ ਵਿਚ ਬਣਾਈ ਗਈ "ਸਿੱਖ ਆਰਟ ਗੈਲਰੀ"

**ਸੈਕਰਾਮੈਂਟੋ, ਕੈਲੀਫੋਰਨੀਆ–** ਸਿੱਖ ਇਤਿਹਾਸ ਬਾਰੇ ਵਿੱਦਿਆ ਅਤੇ ਜਾਗਰੂਕਤਾ ਲਈ 'ਸਿੱਖ ਆਰਟ ਗੈਲਰੀ ਕਨੈਕਟੀਕਟ ਵਿੱਚ ਬਣਾਈ ਗਈ ਹੈ। 'ਸਿੱਖ ਆਰਟ ਗੈਲਰੀ ਵਿਚ ਸਿੱਖ ਸਾਮਰਾਜ ਤੋਂ ਲੈ ਕੇ ਸਿੱਖ ਨਸਲਕੁਸ਼ੀ ਤੱਕ ਵੱਖ–ਵੱਖ ਪੋਰਟਰੇਟਾਂ ਦੀ ਪ੍ਰਦਰਸ਼ਨੀ ਰਾਹੀ ਸਿੱਖਾਂ ਦੀ ਇਤਿਹਾਸਕ ਯਾਤਰਾ ਨੂੰ ਦਰਸਾਇਆ ਗਿਆ ਹੈ। 'ਸਿੱਖ ਆਰਟ ਗੈਲਰੀ ਪੂਰਬੀ ਕਨੈਕਟੀਕਟ ਦੇ ਸ਼ਹਿਰ ਨੋਰਵਿਚ ਵਿਚ ਬਣੇ ਬੈਕਸ ਹਸਪਤਾਲ ਤੋਂ ਇਕ ਛੋਟੀ ਡਰਾਈਵ ਤੇ ਹੈ। ਗੈਲਰੀ ਦੇ ਸਿਰਜਣਾਤਮਕ ਨਿਰਦੇਸ਼ਕ ਸਵਰਨਜੀਤ ਸਿੰਘ ਖਾਲਸਾ ਨੇ ਕਿਹਾ, "ਕਲਾ ਇਕ ਅਜਿਹੀ ਭਾਸ਼ਾ ਹੈ ਜੋ ਲੋਕਾਂ ਦੇ ਦਿਲਾਂ ਨੂੰ ਜੋੜ ਸਕਦੀ ਹੈ," ਅਤੇ ਅਸੀਂ ਇਸ ਭਾਈਚਾਰੇ ਵਿਚ ਏਕਤਾ ਲਿਆਉਣ ਦੀ ਉਮੀਦ ਕਰਦੇ ਹਾਂ। "





ਜਦੋਂ ਤੋਂ ਬਲੈਕ ਲਾਈਵਜ਼ ਮੈਟਰੋ ਅੰਦੋਲਨ ਨੇ ਵਿਭਿੰਨਤਾ, ਬਰਾਬਰੀ ਅਤੇ ਸ਼ਮੂਲੀਅਤ 'ਤੇ ਚਾਨਣਾ ਪਾਇਆ ਹੈ, ਖ਼ਾਲਸੇ ਦਾ ਸੰਦੇਸ਼ ਇਸ ਤੋਂ ਪਹਿਲਾਂ ਕਦੇ ਵੀ ਮਹੱਤਵਪੂਰਨ ਨਹੀਂ ਰਿਹਾਫ਼ ਡੈਰੇਲ ਵਿਲਸਨ. ਸਿਟੀ ਕੌਂਸਲ ਦਾ ਮੈਂਬਰ ਨੋਰਵਿੱਚ ਨੇ ਖਾਲਸਾ ਦੇ ਇਸ ਪ੍ਰੋਜੈਕਟ ਦੀ ਸ਼ਲਾਘਾ ਕਿੱਤੀ ਅਤੇ ਸਿੱਖ ਕੌਮ ਬਾਰੇ ਜਾਣਕਾਰੀ ਲਈ ਸ਼ਹਿਰ ਵਾਸੀਆਂ ਨੂੰ ਸਿੱਖ ਆਰਟ ਗੈਲਰੀ ਆਉਣ ਲਈ ਪ੍ਰੇਰਿਤ ਕਿੱਤਾ ਫ਼ ਇਹ ਗੈਲਰੀ ਇਕ ਸਰੋਤ ਕੇਂਦਰ ਅਤੇ ਅਜਾਇਬ ਘਰ ਹੈ ਜੋ ਕਿ ਸਿੱਖ ਸਭਿਆਚਾਰ ਅਤੇ ਵਿਰਾਸਤ ਨੂੰ ਸਮਰਪਿਤ ਹੈਫ਼ 1 ਨਵੰਬਰ ਨੂੰ ਇਸ ਦਾ ਉਦਘਾਟਨ 1984 ਦੇ ਸਿੱਖ ਨਸਲਕੁਸ਼ੀ ਦੇ 36 ਵੇਂ ਯਾਦਗਾਰੀ ਸਮਾਰੋਹ ਵੇਲੇ ਹੋਇਆ ਸੀ ਜਦੋਂ ਪੂਰੇ ਭਾਰਤ ਵਿਚ ਹਜ਼ਾਰਾਂ ਸਿੱਖ ਮਾਰੇ ਗਏ ਸਨ। ਉਹਨਾਂ ਕਿਹਾ, "ਮੈਂ ਹਮੇਸ਼ਾਂ ਕਨੈਟੀਕਟ ਵਿਚ ਇਕ ਜਗਾ ਚਾਹੁੰਦਾ ਸੀ ਜਿਥੇ ਸਿੱਖ ਭਾਰਤ ਸਰਕਾਰ ਦੀ ਦਖਲਅੰਦਾਜ਼ੀ ਤੋਂ ਬਿਨਾਂ ਆਪਣੇ ਆਪ ਨੂੰ ਪੂਰੀ ਤਰਾਂ ਪ੍ਰਗਟ ਕਰ ਸਕਦੇ ਹੋਣ ਅਤੇ ਆਪਣੀ ਕਹਾਣੀ ਨੂੰ ਆਪਣੇ ਬਿਰਤਾਂਤ ਵਿਚ ਦੱਸ ਸਕਣ "ਟੀਚਾ ਹੈ ਕਿ ਅਮਰੀਕਾ ਦੀਆਂ ਲਾਇਬ੍ਰੇਰੀਆਂ ਅਤੇ ਹੋਰ ਜਨਤਕ ਥਾਂਵਾਂ 'ਤੇ ਸਿੱਖੀ ਵਿਰਾਸਤ ਅਤੇ ਸਭਿਆਚਾਰ ਪ੍ਰਤੀ ਕਲਾ ਦੇ ਪ੍ਰਦਰਸ਼ਨੀ ਨੂੰ ਵਧਾਇਆ ਜਾ ਸਕੇ। ਇਕ ਕੰਧ ਦੇ ਸਾਹਮਣੇ ਕਈ ਤਰਾਂ ਦੇ ਫਰੇਮ ਕੀਤੇ ਗਏ ਘੋਸ਼ਣਾਵਾਂ ਅਤੇ ਅਮਰੀਕੀ ਸੈਨੇਟਰਾਂ ਦੁਆਰਾ ਮਾਨਤਾ ਦੇ ਹਵਾਲੇ ਦਿੱਤੇ ਗਏ ਹਨ ਜੋ ਸਿੱਖ ਕੌਮ ਨੂੰ ਕਨੈਟੀਕਟ ਵਿਚ ਸਵਾਗਤ ਕਰਦੇ ਹਨ। ਸਿੱਖ ਝੰਡੇ ਨਿਸ਼ਾਨ ਸਾਹਿਬ ਚਾਰੇ ਪਾਸੇ ਹਨ ਅਤੇ ਸ਼ੈਲਫਾਂ 'ਤੇ ਸਿੱਖ ਧਰਮ ਬਾਰੇ ਜਾਣਕਾਰੀ ਭਰਪੂਰ ਕਿਤਾਬਾਂ ਹਨ। ਡਿਸਪਲੇਅ ਕੇਸ ਚਮਕਦੇ ਰਸਮੀ ਹਥਿਆਰਾਂ, ਸਿੱਖ ਰਾਜ ਦੀਆ ਫੋਟੋਆਂ, ਦਰਬਾਰ ਸਾਹਿਬ ਦਾ ਲੇਗੋ ਮਾਡਲ ਸ਼ਾਮਲ ਹੈ। ਖਾਲਸਾ ਨੇ ਲੈਗੋ ਵਿੱਚ ਬਣੇ ਅਕਾਲ ਤੱਖਤ ਵੱਲ ਇਸ਼ਾਰਾ ਕੀਤਾ ਅਤੇ ਕਿਹਾ, 'ਸਾਡੇ ਮਿਸ਼ਨ ਦਾ ਇੱਕ ਵੱਡਾ ਹਿੱਸਾ ਬੱਚਿਆਂ ਤੋਂ ਲੈ ਕੇ ਹਰ ਉਮਰ ਦੇ ਲੋਕਾਂ ਦੀ ਦਿਲਚਸਪੀ ਲੈਣਾ ਹੈ। ਖ਼ਾਲਸੇ ਦਾ ਕਹਿਣਾ ਹੈ। "ਅਸੀਂ ਚਾਹੁੰਦੇ ਹਾਂ ਕਿ ਲੋਕ ਇਸ ਗੈਲਰੀ ਨੂੰ ਇਕੱਠੇ ਹੋਣ, ਇਕ ਕੱਪ ਕਾਫੀ ਪੀਣ ਅਤੇ ਇਕ–ਦੂਜੇ ਬਾਰੇ ਸਿੱਖਣ ਲਈ ਇਕ ਜਗਾ ਸਮਝਣ।" ਸਾਨੂੰ ਇਹ ਸਥਾਨ ਪੈਰਾਪਤ ਕਰਨ ਦਾ ਬਖਸ਼ੈਸ਼ ਹੈ, ਅਤੇ ਸਾਡਾ ਉਦੇਸ਼ ਸਿੱਖਿਆ ਦੇਣਾ ਅਤੇ ਸਿੱਖਿਅਤ ਕਰਨਾ ਹੈ – ਧਰਮ ਬਦਲਣਾ ਨਹੀਂ ਸਾਡਾ ਧਰਮ ਵਿਭਿੰਨਤਾ ਦਾ ਸਵਾਗਤ ਕਰਦਾ ਹੈ।

# ਜਾਰਜ ਫਲਾਇਡ ਕਤਲ ਮਾਮਲੇ ਵਿਚ ਜੱਜ ਵੱਲੋਂ ਵੀਡੀਓ ਜਨਤਕ ਨਾ ਕਰਨ ਦੀ ਬੇਨਤੀ ਰੱਦ

**ਸੈਕਰਾਮੈਂਟੋ 31 ਮਾਰਚ–** ਜਾਰਜ ਫਲਾਇਡ ਦੀ ਮੌਤ ਦੇ ਮਾਮਲੇ ਵਿਚ ਮਿਨੀਪੋਲਿਸ ਪੁਲਿਸ ਦੇ ਸਾਬਕਾ ਪੁਲਿਸ ਅਧਿਕਾਰੀ ਡੈਰੇਕ ਸ਼ੌਵਿਨ ਵਿਰੁੱਧ ਚੱਲ ਰਹੇ ਹੱਤਿਆ ਦੇ ਮੁਕ–ਦਮੇ ਵਿਚ ਲੰਘੇ ਦਿਨ ਕੁੱਝ ਹੋਰ ਗਵਾਹੀਆਂ ਭੁਗਤੀਆਂ। ਇਨਾਂ ਵਿਚ ਇਕ ਅਹਿਮ ਗਵਾਹ ਇਕ ਨਬਾਲਗ ਵੀ ਸ਼ਾਮਿਲ ਸੀ ਜਿਸ ਨੇ ਘਟਨਾਕ੍ਰੈਮ ਦੀ ਵੀਡੀਓ ਬਣਾਈ ਸੀ। ਇਸ ਤੋਂ ਇਲਾਵਾ ਗਵਾਹੀਆਂ ਦੇਣ ਵਾਲਿਆਂ ਵਿਚ ਦੋ ਹਾਈ ਸਕੂਲ ਦੇ ਸੀਨੀਅਰਜ , ਇਕ ਮਾਰਸ਼ਲ ਆਰਟਸ ਫਾਈਟਰ ਤੇ ਇਕ ਫਾਇਰ ਫਾਈਟਰ ਬੀਬੀ ਵੀ ਸ਼ਾਮਿਲ ਸਨ। ਇਸ ਤੋਂ ਪਹਿਲਾਂ ਸੋਮਵਾਰ ਨੂੰ ਇਕ 911 ਡਿਸਪੈਚਰ ਤੇ ਇਕ ਕੈਸ਼ੀਅਰ ਦੀ ਗਵਾਹੀ ਹੋਈ। ਜੱਜ ਪੀਟਰ ਕਾਹਿਲ ਨੇ ਰਾਜ ਦੀ ਉਹ ਬੇਨਤੀ ਰੱਦ ਕਰ ਦਿੱਤੀ ਜਿਸ ਵਿਚ ਕਿਹਾ ਗਿਆ ਸੀ ਕਿ ਪੈਰਮੁੱਖ 4 ਗਵਾਹਾਂ ਦੀਆਂ ਸਾਰੀਆਂ ਵੀਡੀਓ ਤੇ ਆਡੀਓ ਜਨਤਿਕ ਨਾ ਕੀਤੀਆਂ ਜਾਣ। 18 ਸਾਲਾ ਹਾਈ ਸਕੂਲ ਦੀ ਵਿਦਿਆਰਥਣ ਅਲੀਸਾ ਨਿਕੋਲ ਫਨਾਰੀ ਨੇ ਕਿਹਾ ਕਿ ਉਹ ਘਟਨਾ ਸਮੇ ਕੱਪ ਫੂਡਜ਼ ਸਟੋਰ ਜਾ ਰਹੇ ਸਨ। ਉਸ ਨੇ ਆਪਣੇ ਮਿੱਤਰ ਦੇ ਫੋਨ ਉਪਰ ਘਟਨਾ ਦੀਆਂ ਤਿੰਨ ਵੀਡੀਓਜ਼ ਬਣਾਈਆਂ। ਅਦਾਲਤ ਨੇ ਉਸ ਦੇ 17 ਸਾਲਾ ਮਿੱਤਰ ਦੀ ਗਵਾਹੀ ਵੀ ਲਈ। ਅਹਿਮ ਵੀਡੀਓ ਬਣਾਉਣ ਵਾਲੀ 9 ਸਾਲਾ ਕੁੜੀ





ਦੀ ਗਵਾਹੀ ਵੀ ਹੋਈ ਉਸ ਨੇ ਕਿਹਾ ਕਿ ਇਸ ਘਟਨਾ ਨੇ ਮੇਰੀ ਜਿੰਦਗੀ ਬਦਲ ਦਿੱਤੀ ਹੈ। ਇਸ ਕੁੜੀ ਵੱਲੋਂ ਬਣਾਈ ਵੀਡੀਓ ਵਿਚ ਜਾਰਜ ਫਲਾਇਡ ਦੀ ਗ੍ਰਿਫਤਾਰੀ ਤੋਂ ਲੈ ਕੇ ਉਸ ਦੀ ਮੌਤ ਤੱਕ ਦੇ ਸਭ ਦੈਰਿਸ਼ ਸ਼ਾਮਿਲ ਹਨ। ਪੇਸ਼ਾਵਰ ਫਾਇਰ ਫਾਇਟਰ 27 ਸਾਲਾ ਜੇਨੇਵੀਵ ਹਨਸੇਨ ਨੇ ਆਪਣੀ ਗਵਾਹੀ ਵਿਚ ਕਿਹਾ ਕਿ ਉਹ ਹੱਥਕੜੀਆਂ ਵਿਚ ਜਕੜੇ ਇਕ ਵਿਅਕਤੀ ਦੀ ਗਰਦਨ ਉਪਰ ਆਪਣਾ ਪੂਰਾ ਭਾਰ ਪਾ ਕੇ ਬੈਠੇ ਇਕ ਪੁਲਿਸ ਅਧਿਕਾਰੀ ਨੂੰ ਵੇਖ ਕੇ ਚਿੰਤੁਤ ਹੋ ਗਈ ਸੀ। ਸਾਰੀ ਘਟਨਾ ਦਾ ਵੇਰਵਾ ਸੁਣਾਉਣ ਦੌਰਾਨ ਉਸ ਦੀਆਂ ਅੱਖਾਂ ਵਿਚ ਹੰਝੂ ਆ ਗਏ। ਉਸ ਨੇ ਕਿਹਾ ਕਿ ਮੌਕੇ ਤੇ ਮੌਜੂਦ ਪੁਲਿਸ ਅਧਿਕਾਰੀਆਂ ਨੇ ਜਮੀਨ ਉਪਰ ਪਏ ਵਿਅਕਤੀ ਨੂੰ ਬਚਾਉਣ ਦਾ ਕੋਈ ਯਤਨ ਨਹੀਂ ਕੀਤਾ। ਉਸ ਨੇ ਕਿਹਾ ਮੈ ਜਮੀਨ ਉਪਰ ਪਏ ਵਿਅਕਤੀ ਦੀ ਨਬਜ਼ ਵੇਖਣਾ ਚਹੁੰਦੀ ਸੀ ਤੇ ਉਸ ਦੀ ਮੱਦਦ ਕਰਨਾ ਚਹੁੰਦੀ ਸੀ ਪਰ ਪੁਲਿਸ ਅਧਿਕ–ਾਰੀਆਂ ਨੇ ਇਜਾਜ਼ਤ ਨਹੀਂ ਦਿੱਤੀ। ਹਨਸੇਨ ਨੇ ਕਿਹਾ ਮੈ ਘਟਨਾ ਦਾ ਵੇਰਵਾ ਦੱਸਣ ਲਈ 911 ਉਪਰ ਫੋਨ ਵੀ ਕੀਤਾ ਸੀ। ਉਸ ਦੀ ਗਵਾਹੀ ਕਲ ਵੀ ਜਾਰੀ ਰਹੇਗੀ।

ਇਸਤਗਾਸਾ ਧਿਰ ਦੇ ਵਕੀਲ ਜੈਰੀਬਲੈਕਵੈਲ ਨੇ ਕਿਹਾ ਕਿ ਇਹ ਹੱਤਿਆ ਹੋਈ ਹੈ ਜਦ ਕਿ ਬਚਾਅ ਪੱਖ ਦੇ ਵਕੀਲ ਐਰਿਕ ਨੈਲਸਨ ਨੇ ਕਿਹਾ ਕਿ ਜੋ ਕੁੱਝ ਵੀਡੀਓ ਵਿਚ ਨਜਰ ਆ ਰਿਹਾ ਹੈ, ਮਾਮਲਾ ਉਸ ਤੋਂ ਵੀ ਗੰਭੀਰ ਹੈ। ਜਾਰਜ ਫਲਾਇਡ ਦੀ ਮੌਤ ਡਰੱਗ ਤੇ ਉਸ ਦੀਆਂ ਹੋਰ ਸਿਹਤ ਸਮੱਸਿਆਵਾਂ ਨਾਲ ਜੁੜੀ ਹੋਈ ਹੈ। ਜੇਕਰ ਸ਼ੌਵਿਨ ਨੂੰ ਦੋਸ਼ੀ ਕਰਾਰ ਦੇ ਦਿੱਤਾ ਜਾਂਦਾ ਹੈ ਤਾਂ ਉਸ ਨੂੰ 15 ਸਾਲ ਤੱਕ ਸਜ਼ਾ ਹੋ ਸਕਦੀ ਹੈ।

# ਪੰਜਾਬ 'ਚ ਕੋਵਿਡ-19 ਪਾਬੰਦੀਆਂ 10 ਅਪਰੈਲ ਤੱਕ ਵਧਾਈਆਂ, ਭੀੜ ਭੜੱਕੇ ਵਾਲੀਆਂ ਥਾਵਾਂ 'ਤੇ ਮੋਬਾਈਲ ਟੀਕਾਕਰਨ ਕੇਂਦਰ ਸਥਾਪਤ ਕਰਨ ਦਾ ਫ਼ੈਸਲਾ

**ਚੰਡੀਗੜ੍ਹ–** ਪੰਜਾਬ ਸਰਕਾਰ ਨੇ ਕੋਰੋਨਾ ਦੇ ਵਧਦੇ ਮਾਮਲਿਆਂ ਨੂੰ ਦੇਖਦਿਆਂ ਲਾਈ ਗਈ ਪਾਬੰਦੀਆਂ ਨੂੰ 10 ਅਪ੍ਰੈਲ ਤਕ ਵਧਾ ਦਿੱਤਾ ਹੈ। ਪਹਿਲਾਂ 31 ਮਾਰਚ ਤਕ ਪਾਬੰਦੀ ਲਗਾਈ ਗਈ ਸੀ। ਸੂਬੇ 'ਚ ਸਕੂਲ–ਕਾਲਜ 10 ਅਪ੍ਰੈਲ ਤਕ ਨਹੀਂ ਖੋਲੇ ਜਾ ਸਕਣਗੇ। ਨਾਈਟ ਕਰਫਿਊ ਵੀ ਜਾਰੀ ਰਹੇਗਾ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਹ ਫ਼ੈਸਲਾ ਮੰਗਲਵਾਰ ਨੂੰ ਕੋਵਿਡ ਮਾਮਲਿਆਂ ਦੀ ਸਮੀਖਿਆ ਕਰਦਿਆਂ ਲਿਆ।ਪੰਜਾਬ ਸਰਕਾਰ ਨੇ ਜੇਲਾਂ 'ਚ ਵੀ ਕੋਵਿਡ ਵੈਕਸੀਨੇਸ਼ਨ ਕਰਵਾਉਣ ਦਾ ਫ਼ੈਸਲਾ ਲਿਆ ਹੈ। ਇਹ ਫ਼ੈਸਲਾ ਨਾਭਾ ਓਪਨ ਜੇਲ 'ਚ 40 ਔਰਤਾਂ ਕੈਦੀਆਂ ਦੇ ਪਾਜ਼ੇਟਿਵ ਆਉਣ ਤੋਂ ਬਾਅਦ ਲਿਆ ਗਿਆ ਹੈ। ਉੱਥੇ ਭੀੜ ਵਾਲੇ ਇਲਾਕਿਆਂ 'ਚ ਮੋਬਾਈਲ ਵੈਨ ਰਾਹੀਂ ਵੈਕਸੀਨੇਸ਼ਨ 'ਤੇ ਜ਼ੋਰ ਦਿੱਤਾ ਜਾਵੇਗਾ। ਇਹ ਮੋਬਾਈਲ ਵੈਨ ਪੁਲਿਸ ਲਾਈਨ, ਕਾਲਜ ਕਾਲਜ ਯੂਨੀ–ਵਰਸਿਟੀ, ਰੇਲਵੇ ਸਟੇਸ਼ਨ, ਬੱਸ ਸਟੈਂਡ, ਬਾਜ਼ਾਰ ਆਦਿ 'ਚ ਤਾਇਨਾਤ ਕੀਤੇ ਜਾਣਗੇ। ਸਥਿਤੀ ਉੱਤੇ ਡੂੰਘੀ ਚਿੰਤਾ ਜ਼ਾਹਰ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਸਕੱਤਰ ਵਿਨੀ ਮਹਾਜਨ ਨੂੰ ਟੈਸਟਿੰਗ ਦੀ ਗਿਣਤੀ ਵਧਾਉਣ ਅਤੇ ਭੀੜ–ਭਾੜ ਵਾਲੇ ਇਲਾਕਿਆਂ ਦੇ ਨਾਲ ਵਿਅਸਤ ਮਾਰਕੀਟ ਖੇਤਰਾਂ ਵਿੱਚ ਟੀਕਾਕਰਨ ਸ਼ੁਰੂ ਕਰਨ ਲਈ ਜ਼ਰੂਰੀ ਨਿਰਦੇਸ਼ ਜਾਰੀ ਕਰਨ ਲਈ ਕਿਹਾ। ਮੁੱਖ ਮੰਤਰੀ ਨੇ ਕਿਹਾ ਕਿ ਸਾਰੇ ਸਰਕਾਰੀ ਕਰਮਚਾਰੀਆਂ ਅਤੇ ਹੋਰ ਵਰਗਾਂ ਜਿਵੇਂ ਕਿ ਜੱਜਾਂ, ਅਧਿਆਪਕਾਂ ਆਦਿ ਜਿਹਨਾਂ ਨੂੰ ਟੀਕਾਕਰਨ ਲਈ ਕਵਰ ਕਰਨ ਦੀ ਬੇਨਤੀ ਕੀਤੀ ਸੀ ਨੂੰ 45 ਵਰਿਆਂ ਦੀ ਉਮਰ ਹੱਦ ਪਾਰ ਕਰਨ ਕਰ ਕੇ ਟੀਕਾਕਰਨ ਦੀ ਸਹੂਲਤ ਦੇਣ ਲਈ ਕਿਹਾ। ਉਹਨਾਂ ਵੱਧ ਕੇਸਾਂ ਵਾਲੇ ਜ਼ਿਲਿਆਂ ਵਿੱਚ ਮੌਜੂਦ ਵਸੀਲੇ ਇਕੱਠੇ ਕਰਨ ਦੇ ਆਦੇਸ਼ ਦਿੱਤੇ ਤਾਂ ਜੋ ਇਸ ਮਹਾਂਮਾਰੀ ਦੀ ਰੋਕਥਾਮ ਕਰਨ ਲਈ ਟੀਕਾਕਰਨ ਦੀ ਪ੍ਰਕਿਰਿਆ ਸੁਚੱਜੇ ਢੰਗ ਨਾਲ ਨੇਪਰੇ ਚਾੜੀ ਜਾ ਸਕੇ। ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਪ੍ਰਮੁੱਖ ਸਕੱਤਰ ਨੇ ਕੋਵਿਡ ਮਹਾਂਮਾਰੀ ਦੀ ਤਾਜ਼ਾ ਦਸ਼ਾ ਅਤੇ ਯੋਗ ਵਰਗ ਦੇ ਲਾਭਪਾਤਰੀਆਂ ਦੇ ਟੀਕਾਕਰਨ ਦੀ ਸਥਿਤੀ ਵੀ ਸਾਂਝੀ ਕੀਤੀ। ਮੀਟਿੰਗ ਵਿੱਚ ਸੀਐਮਸੀ ਲੁਧਿਆਣਾ ਵੱਲੋਂ ਪੇਸ਼ ਕੀਤੇ ਰੁਝਾਨ ਦੱਸਦਿਆਂ ਇਹ ਸੂਚਨਾ ਦਿੱਤੀ ਗਈ ਕਿ ਕੁਝ ਜ਼ਿਲਿਆਂ ਵਿੱਚ ਪਾਜ਼ੇਟਿਵ ਕੇਸਾਂ ਅਤੇ ਮੌਤਾਂ ਦੀ ਗਿਣਤੀ ਵਿੱਚ ਬਹੁਤ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਵਧਦੇ ਕੇਸਾਂ ਸਬੰਧੀ ਇਸ ਰੁਝਾਨ ਅਨੁਸਾਰ 6 ਅਪ੍ਰੈਲ, 2021 ਨੂੰ ਸਿਖਰ ਹੋਵੇਗਾ।

**ਵਰ ਦੀ ਲੋੜ**

ਬਾਲਮੀਕ ਗਿੱਲ, ਅਮਰੀਕਨ ਸਿਟੀਜਨ, ਉਮਰ 32 ਸਾਲ, ਕੱਦ 5 ਫੁੱਟ ਚਾਰ ਇੰਚ, LVN ਨਰਸ ਦੀ ਨੌਕਰੀ ਕਰਦੀ ਲੜਕੀ ਲਈ ਚੰਗੇ ਪਰਿਵਾਰ ਦੇ ਨਸ਼ਿਆਂ ਤੋਂ ਰਹਿਤ ਲੜਕੇ ਦੀ ਜ਼ਰੂਰਤ ਹੈ। ਸੰਪਰਕ ਲਈ ਫੋਨ ਨੰਬਰ 530-740-3056

## ਯੂ ਐਸ ਏ, ਖਬਰਨਾਮਾ (ਹੁਸਨ ਲੜੋਆ ਬੰਗਾ)

# ਏਸ਼ੀਅਨ ਲੋਕਾਂ 'ਤੇ ਹਮਲਿਆਂ ਵਿਰੁੱਧ ਅਮਰੀਕਾ ਭਰ ਵਿੱਚ ਰੈਲੀਆਂ ਤੇ ਪ੍ਰਦਰਸ਼ਨ

**ਸੈਕਰਾਮੈਂਟੋ 28 ਮਾਰਚ–** ਪਿਛਲੇ ਹਫ਼ਤੇ ਐਟਲਾਂਟਾ ਵਿਚ ਹੋਈ ਗੋਲੀਬਾਰੀ ਦੀ ਘਟਨਾ ਜਿਸ ਵਿਚ 6 ਏਸ਼ੀਅਨ ਮੂਲ ਦੀਆਂ ਔਰਤਾਂ ਸਮੇਤ 8 ਵਿਅਕਤੀ ਮਾਰੇ ਗਏ ਸਨ, ਤੋਂ ਬਾਅਦ ਅਮਰੀਕਾ ਭਰ ਵਿਚ ਰੋਸ ਤੇ ਰੋਹ ਪਾਇਆ ਜਾ ਰਿਹਾ ਹੈ। ਲੰਘੇ ਦਿਨ ਨਿਊਯਾਰਕ, ਵਸ਼ਿੰਗਟਨ, ਸ਼ਿਕਾਗੋ, ਸਨਫਰਾਂਸਿਸਕੋ, ਟੂਸਲਾ, ਓਕਲਾਹੋਮਾ ਸਮੇਤ ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਵਿਚ ਏਸ਼ੀਅਨ ਲੋਕਾਂ 'ਤੇ ਹੋ ਰਹੇ ਹਮਲਿਆਂ ਵਿਰੁੱਧ ਪ੍ਰਦਰਸ਼ਨ ਕੀਤੇ ਗਏ ਤੇ ਰੈਲੀਆਂ ਕੱਢੀਆਂ ਗਈਆਂ। ਸਨਫਰਾਂਸਿਸਕੋ (ਕੈਲੀਫੋਰਨੀਆ) ਵਿਚ ਹੋਈ ਰੈਲੀ ਵਿਚ ਏਸ਼ੀਅਨਾਂ ਤੋਂ ਇਲਾਵਾ ਅਮਰੀਕੀ ਮੂਲ ਦੇ ਲੋਕਾਂ ਨੇ ਵੀ ਹਿੱਸਾ ਲਿਆ ਤੇ ਉਨਾਂ ਨੇ ਏਸ਼ੀਅਨਾਂ ਨਾਲ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਨਸਲੀ ਹਿੰਸਾ ਵਿਰੁੱਧ ਨਾਅਰੇ ਲਾਏ ਗਏ ਤੇ ਅਮਰੀਕੀ ਪ੍ਰਸ਼ਾਸਨ ਕੋਲੋਂ ਏਸ਼ੀਅਨਾਂ ਦੀ ਸੁਰੱਖਿਆ ਕਰਨ ਦੀ ਮੰਗ ਕੀਤੀ ਗਈ। ਰੈਲੀ ਵਿਚ ਸ਼ਾਮਿਲ ਲੋਕਾਂ ਨੇ ਹਿੰਸਾ ਵਿਰੁੱਧ ਬੈਨਰ ਫੜੇ ਹੋਏ ਸਨ। ਬੁਲਾਰਿਆਂ ਨੇ ਕਿਹਾ ਕਿ ਰੰਗ ਭੇਦ ਵਿਚ ਵਿਸ਼ਵਾਸ਼ ਰਖਣ ਵਾਲੇ ਕੁਝ ਲੋਕ ਸਮੁੱਚੇ ਮਾਹੌਲ ਨੂੰ ਖਰਾਬ ਕਰਨ ਦੀ ਕੋਸ਼ਿਸ ਕਰ







ਰਹੇ ਹਨ ਜਿਨਾਂ ਦਾ ਡੱਟ ਕੇ ਵਿਰੋਧ ਕਰਨਾ ਪਵੇਗਾ। ਇੰਡਿਆਨਾਪੋਲਿਸ ਵਿਚ ਹੋਏ ਪ੍ਰਦਰਸ਼ਨ ਮੌਕੇ ਲਿੰਗ ਲਿਊ ਨਾਮੀ ਬੀਬੀ ਨੇ ਕਿਹਾ ਕਿ 'ਅਸੀਂ ਅਮਰੀਕੀ ਹਾਂ, ਅਸੀਂ ਮਾਵਾਂ ਹਾਂ, ਅਸੀਂ ਮਿੱਤਰ ਹਾਂ ਤੇ ਅਸੀਂ ਇਥੋਂ ਦੇ ਵਸਨੀਕ ਹਾਂ।'' ਉਨਾਂ ਹੋਰ ਕਿਹਾ ਅਸੀਂ ਆਪਣੇ ਸਮਾਜ ਨੂੰ ਪਿਆਰ ਕਰਦੇ ਹਾਂ ਤੇ ਅਸੀਂ ਕਿਸੇ ਵੀ ਵਿਅਕਤੀ ਵਿਰੁੱਧ ਕਿਸੇ ਵੀ ਤਰਾਂ ਦੀ ਹਿੰਸਾ ਦੇ ਖਿਲਾਫ ਹਾਂ। ਬਾਅਦ ਵਿਚ ਸ਼ਹਿਰ ਵਿਚ ਰੈਲੀ ਕੱਢੀ ਗਈ ਜਿਸ ਵਿਚ ਨਸਲਵਾਦ ਤੇ ਨਫਰਤੀ ਹਿੰਸਾ ਵਿਰੁੱਧ ਨਾਅਰੇ ਲਾਏ ਗਏ। ਇਥੇ ਜਿਕਰਯੋਗ ਹੈ ਕਿ ਕੋਰੋਨਾ ਮਹਾਂਮਾਰੀ ਦੌਰਾਨ ਏਸ਼ੀਅਨ ਮੂਲ ਦੇ ਅਮਰੀਕਨਾਂ ਵਿਰੁੱਧ ਦੇਸ਼ ਭਰ ਵਿਚ ਹਿੰਸਾ ਵਿੱਚ ਵਾਧਾ ਹੋਇਆ ਹੈ। ਆਨ ਲਾਈਨ ਪ੍ਰੇਸ਼ਾਨ ਕਰਨ ਦੀਆਂ ਘਟਨਾਵਾਂ ਵਿਚ 6% ਦਾ ਵਾਧਾ ਹੋਇਆ ਹੈ। ਤੁਰੇ ਜਾਂਦੇ ਏਸ਼ੀਅਨ ਲੋਕਾਂ ਉਪਰ ਅਚਾਨਕ ਹਮਲਾ ਕਰਕੇ ਉਨਾਂ ਨੂੰ ਬੇਇਜ਼ਤ ਕੀਤਾ ਜਾਂਦਾ ਹੈ। ਹਾਲ ਹੀ ਵਿਚ ਸਨਫਰਾਂਸਿਸਕੋ ਵਿਚ ਵਾਪਰੀ ਇਕ ਘਟਨਾ ਵਿਚ ਇਕ 75 ਸਾਲਾ ਔਰਤ ਉਪਰ ਇਕ ਵਿਅਕਤੀ ਨੇ ਹਮਲਾ ਕਰ ਦਿੱਤਾ ਤੇ ਉਸ ਦੇ ਘਸੁੰਨ ਮਾਰੇ ਜਿਸ ਕਾਰਨ ਉਹ ਬੁਰੀ ਤਰਾਂ ਜ਼ਖਮੀ ਹੋ ਗਈ। ਇਥੇ ਜ਼ਿਕਰਯੋਗ ਹੈ ਕਿ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਕੋਰੋਨਾ ਵਾਇਰਸ ਲਈ ਚੀਨ ਨੂੰ ਦੋਸ਼ੀ ਠਹਿਰਾਉਂਦੇ ਰਹੇ ਹਨ। ਇਕ ਵਾਰ ਨਹੀਂ ਉਹ ਵਾਰ ਵਾਰ ਅਮਰੀਕੀ ਲੋਕਾਂ ਦੀਆਂ ਕੋਰੋਨਾ ਕਾਰਨ ਮੌਤਾਂ ਲਈ ਚੀਨ ਨੂੰ ਦੋਸ਼ੀ ਕਹਿੰਦੇ ਰਹੇ ਹਨ ਜਿਸ ਕਾਰਨ ਉਨਾਂ ਦੇ ਸਮਰਥਕ ਚੀਨੀ ਲੋਕਾਂ ਵਿਰੁੱਧ ਆਪਣੀ ਭੜਾਸ ਕਢਦੇ ਰਹੇ ਹਨ। ਏਸ਼ੀਅਨ ਲੋਕਾਂ ਵਿਰੁੱਧ ਵਧੇ ਹਮਲਿਆਂ ਲਈ ਸਾਬਕਾ ਰਾਸ਼ਟਰਪਤੀ ਦੀ ਨੀਤੀ ਤੇ ਸੋਚ ਨੂੰ ਵੀ ਦੋਸ਼ੀ ਠਹਿਰਾਇਆ ਜਾ ਰਿਹਾ ਹੈ।

## ਐਲਕ ਗਰੋਵ ਦੀ ਮੇਅਰ ਬੌਬੀ ਸਿੰਘ ਦਾ ਅਮਰੈਕੀਨ ਸਿੱਖ ਕਮੇਟੀ ਵੱਲੋਂ ਸਨਮਾਨ



**ਸੈਕਰਾਮੈਂਟੋ 28 ਮਾਰਚ–** ਅਮੈਰਕੀਨ ਸਿੱਖ ਕੌਕਸ ਕਮੇਟੀ ਵੱਲੋਂ ਭਾਰਤੀ ਮੂਲ ਦੀ ਐਲਕ ਗਰੋਵ (ਕੈਲੀਫੋਰਨੀਆ) ਦੀ ਮੇਅਰ ਬੌਬੀ ਸਿੰਘ ਐਲਨ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਕਮੇਟੀ ਦੇ ਆਗੂਆਂ ਨੇ ਬੌਬੀ ਸਿੰਘ ਐਲਨ ਦੀ ਸ਼ਲਾਘਾ ਕੀਤੀ ਤੇ ਮੇਅਰ ਬਣਨ ਦੀ ਵਧਾਈ ਦਿੱਤੀ। ਅਮੈਰੀਕਨ ਸਿੱਖ ਕਮੇਟੀ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਬੌਬੀ ਸਿੰਘ ਪਹਿਲੀ ਭਾਰਤੀ ਮੂਲ ਦੀ ਅਮਰੀਕੀ ਸਿੱਖ ਔਰਤ ਹੈ ਜੋ ਸਿੱਧੀ ਚੋਣ ਜਿੱਤ ਕੇ ਮੇਅਰ ਬਣੀ ਹੈ। ਕਮੇਟੀ ਅਨੁਸਾਰ ਸਿੱਖ ਸਿਧਾਤਾਂ ਨੂੰ ਪ੍ਰਣਾਈ ਹੋਈ ਬੌਬੀ ਸਿੰਘ ਬਹੁਤ ਹੀ ਇਮਾਨਦਾਰ, ਦਯਾਵਾਨ ਤੇ ਸੇਵਾ ਭਾਵਨਾ ਵਾਲੀ ਸਖਸ਼ੀਅਤ ਹੈ। ਉਹ ਨਿਰਸਵਾਰਥ ਸੇਵਾਵਾਂ ਲਈ ਹਰ ਵਕਤ ਤਿਆਰ ਰਹਿੰਦੀ ਹੈ। ਉਨਾਂ ਦੀ ਇਸ ਪਹੁੰਚ ਕਾਰਨ ਹੀ ਐਲਕਗਰੋਵ ਦੇ ਲੋਕਾਂ ਨੇ ਉਨਾਂ ਨੂੰ ਮੇਅਰ ਦੇ ਅਹੁੱਦੇ ਲਈ ਚੁਣਿਆ ਹੈ। ਇਸ ਤੋਂ ਪਹਿਲਾਂ ਬੌਬੀ ਸਿੰਘ ਨੇ ਕਿਸਾਨਾਂ ਦੇ ਹਿੱਤ ਚ ਅਤੇ ਕਿਸਾਨਾਂ ਦੀਆਂ ਮੰਗਾਂ ਲਈ ਵੀ ਭਾਰਤ ਦੇ ਅੰਬੈਸਡਰ ਸ ਸੰਧੂ ਨੂੰ ਵੀ ਮੈਮੋਰੰਡਮ ਦਿੱਤਾ ਸੀ ਤੇ ਵਿਸ਼ੇਸ ਤੌਰ ਤੇ ਲਿਖਿਆ ਸੀ।

## ਮਹਾਂਮਾਰੀ ਔਰਤਾਂ ਲਈ ਤਬਾਹਕੁੰਨ ਸਾਬਤ ਹੋਈ-ਕਮਲਾ ਹੈਰਿਸ, ਕਿਹਾ ਅਮਰੀਕੀ ਔਰਤਾਂ ਮਹਾਨ ਹਨ

**ਸੈਕਰਾਮੈਂਟੋ 27 ਮਾਰਚ–** ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ 'ਯੂ ਐਸ ਏ ਟੂਡੇ' ਨਾਲ ਇਕ ਮੁਲਾਕਾਤ ਦੌਰਾਨ ਦੇਸ਼ ਵਿਚ ਔਰਤਾਂ ਦੀ ਹਾਲਤ ਬਾਰੇ ਖੁਲਕੇ ਗੱਲ ਕੀਤੀ ਤੇ ਉਨਾਂ ਦੀ ਸਮਾਜਿਕ ਸਥਿੱਤੀ ਉਪਰ ਚਿੰਤਾ ਪ੍ਰਗਟ ਕੀਤੀ। ਉਪ ਰਾਸ਼ਟਰਪਤੀ ਨੇ ਛੋਟੇ ਕਾਰੋਬਾਰਾਂ ਵਿਚ ਔਰਤਾਂ ਤੇ ਘੱਟ ਗਿਣਤੀਆਂ ਨੂੰ ਤਰਜੀਹ ਦੇਣ ਦੀ ਗੱਲ ਕਹੀ। ਉਨਾਂ ਕਿਹਾ ਕਿ ਕੋਰੋਨਾ ਮਹਾਂਮਾਰੀ ਔਰਤਾਂ ਤੇ ਵਿਸ਼ੇਸ਼ ਕਰਕੇ ਸਾਹਫਿਆਮ ਔਰਤਾਂ ਲਈ ਤਬਾਹੀ ਲੈ ਕੇ ਆਈ ਹੈ। ਉਨਾਂ ਕਿਹਾ ਕਿ ''ਮੇਰਾ ਵਿਚਾਰ ਹੈ ਕਿ ਮਹਾਂਮਾਰੀ ਨੇ ਸਾਡੀਆਂ ਅਸਫਲਤਾਵਾਂ ਤੇ ਸਮਾਜਿਕ ਵੰਡ ਦਾ ਪਰਦਾਫਾਸ਼ ਕਰ ਦਿੱਤਾ ਹੈ ਜੋ ਲੰਬੇ ਸਮੇਂ ਤੋਂ ਸਾਡੇ ਸਮਾਜ ਵਿਚ ਮੌਜੂਦ ਹਨ। ਮਹਾਂਮਾਰੀ ਨੇ ਇਸ ਵੰਡ ਨੂੰ ਹੋਰ ਵਿਆਪਕ ਬਣਾ ਦਿੱਤਾ ਹੈ।'' ਉਨਾਂ ਕਿਹਾ ਕਿ ਇਕ ਸਾਲ ਦੌਰਾਨ ਮਹਾਂਮਾਰੀ ਨੇ ਅਮਰੀਕਾ ਵਿਚ ਪਾਈ ਜਾਂਦੀ ਲਿੰਗ ਅਸਮਾਨਤਾ ਨੂੰ ਹੋਰ ਵਧਾ ਦਿੱਤਾ ਹੈ ਤੇ ਦਹਾਕਿਆਂ ਦੌਰਾਨ ਔਰਤਾਂ ਵੱਲੋਂ ਕੀਤੀ ਉਨਤੀ ਦਾ ਗਲਾ ਘੁੱਟਣ ਦਾ ਕੰਮ ਕੀਤਾ ਹੈ। ਹੈਰਿਸ ਨੇ ਕਿਹਾ ''ਔਰਤਾਂ ਦੀ ਵਰਕਫੋਰਸ ਵਿਚ ਗਿਣਤੀ ਖ਼ੌਫ਼ਨਾਕ ਹੱਦ ਤੱਕ ਘਟੀ ਹੈ। ਔਰਤ ਉਦਮੀ ਦੀਆਂ ਦੁਕਾਨਾਂ ਬੰਦ ਹੋ ਗਈਆਂ ਹਨ ਜਾਂ ਖਾਲੀ ਹਨ। ਉਨਾਂ ਉਪਰ ਬੱਚਿਆਂ ਦੀ ਸੰਭਾਲ ਦਾ ਬੋਝ ਵਧਿਆ ਹੈ ਜਦ ਕਿ ਬੱਚੇ ਘਰਾਂ ਵਿਚ ਪੜ ਰਹੇ ਹਨ। ਕਾਲੀਆਂ ਤੇ ਅਮਰੀਕੀ ਮੂਲ ਦੀਆਂ ਲਤਿਨ ਔਰਤਾਂ ਵਿਸ਼ੇਸ਼ ਕਰਕੇ ਗੁਰਬੱਤ ਦੀ ਦਲ ਦਲ ਵਿਚ ਫਸ ਰਹੀਆਂ ਹਨ।'' ਉਪ ਰਾਸ਼ਟਰਪਤੀ ਨੇ ਇਸ ਸਥਿੱਤੀ ਦੀ ਤੁਲਨਾ 'ਕੌਮੀ ਹੰਗਾਮੀ ਸਥਿੱਤੀ' ਨਾਲ ਕੀਤੀ ਹੈ। ਉਨਾਂ ਕਿਹਾ ਕਿ ਸਭ ਲਈ 'ਪੇਅਡ ਸਿਕ ਲੀਵ' ਤੇ 'ਪੇਅਡ ਫੈਮਿਲੀ ਲੀਵ' ਦੀ ਲੋੜ ਹੈ ਤੇ ਬੱਚਿਆਂ ਵਾਸਤੇ ਸਸਤੇ ਸੰਭਾਲ ਕੇਂਦਰਾਂ ਦੀ ਲੋੜ ਹੈ। ਉਨਾਂ ਕਿਹਾ ਕਿ ਸਾਡੇ ਦਿਹਾਤ ਸਮੇਤ ਬਹੁਤ ਸਾਰੀਆਂ ਥਾਵਾਂ ਦੇ ਬੱਚਾ ਸੰਭਾਲ ਕੇਂਦਰਾਂ ਦੀ ਹਾਲਤ ਖੌਫਨਾਕ ਹੈ ਤੇ ਇਹ ਕਹਿਣਾ ਵੀ ਅਣਉਚਿੱਤ ਨਹੀਂ ਹੈ ਕਿ ਮਹਾਂਮਾਰੀ ਤੋਂ ਪਹਿਲਾਂ ਬੱਚਾ ਸੰਭਾਲ ਕੇਂਦਰ ਮੌਜੂਦ ਹੀ ਨਹੀਂ ਸਨ ਤੇ ਜੇ ਸਨ ਤਾਂ ਨਿਸ਼ਚਤ ਤੌਰ 'ਤੇ ਇਹ ਬਹੁਤ ਮਹਿੰਗੇ ਸਨ।'' ਅਮਰੀਕੀ ਔਰਤਾਂ ਨੂੰ ਮਹਾਨ ਦਸਦਿਆਂ ਕਮਲਾ ਹੈਰਿਸ ਨੇ ਕਿਹਾ ਕਿ ਇਸ ਸਮੇਂ ਹਾਲਾਤ ਇਹ ਹਨ ਕਿ ਉਹ ਜਾਂ ਤਾਂ ਆਪਣਾ ਕਰੀਅਰ ਬਣਾਉਣ ਜਾਂ ਫਿਰ ਆਪਣੇ ਬੱਚਿਆਂ ਦਾ ਪਾਲਣ ਪੋਸਣ ਕਰਨ। ਮੇਰਾ ਵਿਚਾਰ ਹੈ ਕਿ ਉਹ ਇਹ ਦੋਨੋਂ ਕੰਮ ਕਰਨ ਦੇ ਸਮਰਥ ਹੋਣੀਆਂ ਚਾਹੀਦੀਆਂ ਹਨ। ਉਨਾਂ ਕਿਹਾ ਕਿ ਉਹ ਆਪਣੇ ਖਜ਼ਾਨਾ ਸਕੱਤਰ ਨਾਲ ਕੰਮ ਕਰ ਰਹੀ ਹੈ ਤੇ ਅਸੀਂ ਆਪਣੇ ਛੋਟੇ ਕਾਰੋਬਾਰਾਂ ਲਈ ਵਧੇਰੇ ਸਾਧਨ ਜੁਟਾਉਣ ਦੇ ਯਤਨ ਵਿਚ ਹਾਂ।



## ਭਾਰੀ ਬਾਰਿਸ਼ ਕਾਰਨ ਨੈਸ਼ਵਿਲੇ ਵਿਚ ਹੜ੍ਹ, 7 ਲੋਕਾਂ ਦੀ ਮੌਤ



**ਸੈਕਰਾਮੈਂਟੋ 29 ਮਾਰਚ–** ਨੈਸ਼ਵਿਲੇ ਦੇ ਇਤਿਹਾਸ ਵਿਚ ਪਹਿਲੀ ਵਾਰ ਹੋਈ ਭਾਰੀ ਬਾਰਿਸ਼ ਕਾਰਨ ਹੜ ਆ ਗਿਆ ਜਿਸ ਦੌਰਾਨ ਘੱਟੋ ਘੱਟ 7 ਲੋਕਾਂ ਦੀ ਮੌਤ ਹੋ ਗਈ। ਅਧਿਕਾਰੀਆਂ ਅਨੁਸਾਰ ਮਾਰੇ ਗਏ ਦੋ ਵਿਅਕਤੀਆਂ ਦੀ ਉਮਰ 60 ਤੋਂ 70 ਸਾਲ ਦੇ ਦਰਮਿਆਨ ਸੀ ਜਿਨਾਂ ਦੀ ਮੌਤ ਪਾਣੀ ਵਿਚ ਡੁੱਬਣ ਕਾਰਨ ਹੋਈ। ਇਨਾਂ ਵਿਚੋਂ ਇਕ ਵਿਅਕਤੀ ਜਦੋਂ ਆਪਣੀ ਕਾਰ ਵਿਚੋਂ ਉਤਰਿਆ ਤਾਂ ਹੜ ਦਾ ਪਾਣੀ ਉਸ ਨੂੰ ਰੋੜ ਕੇ ਲੈ ਗਿਆ। ਹੜ ਨਾਲ ਘਰਾਂ ਤੇ ਕਾਰੋਬਾਰੀ ਅਦਾਰਿਆਂ ਨੂੰ ਨੁਕਸਾਨ ਪੁੱਜਾ। ਕਾਰਾਂ ਤੇ ਹੋਰ ਵਾਹਣ ਵੀ ਹੜ ਦੇ ਪਾਣੀ ਵਿਚ ਵਹਿ ਗਏ। ਪ੍ਰਭਾਵਿਤ ਇਲਾਕੇ ਵਿਚੋਂ ਸੈਂਕੜੇ ਲੋਕਾਂ ਨੂੰ ਬਚਾਇਆ ਗਿਆ ਹੈ।




NIRMAL SINGH BADHAN

NSB Insurance

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

for Insurance Call:
NIRMAL SINGH BADHAN
707-228-2020
Lic #0144676

Call: 707-228-2020, Fax: 707-260-2813

www.nsbinsures.com

1519 Gary CT., Rohnert Park, CA 94928



'ਦੇਸ਼ ਦੁਆਬਾ'

ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ। ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ। ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com

(ਸੰਪਰਕ) 1-916-947-8920, (ਫੈਕਸ) 1-916-238-1393

www.deshdoaba.com www.ambedkartimes.com

ਦੇਸ਼ ਦੁਆਬਾ

# Sahib Shri Kanshi Ram: The Architect of Bahujan Samaj

**Prem K. Chumber Editor-In-Chief: Ambedkar Times & Desh Doaba**

Babu Kanshi Ram ((15 March 1934 – 9 October 2006), venerated by his followers and admirers as 'Sahib' and 'Manyavar'continued the legacy of great Dalit struggle that began with the advent of Buddhism in India in the 6th century BCE and slowly graduated through the strenuous efforts first of Jyotirao Phule (11 April 1827 – 28 November 1890) then of Boddhisatva Bharat Ratan Babasaheb Dr. Bhimrao Ramji Ambedkar (4 April 1891 – 6 December 1956). He brought into the vast public domain of Indian democracy a new form of leadership that instantly made a long-lasting place in the imaginations of millions of lowest of the low and the underprivileged artisans/service class people of India – constitutionally designated as Scheduled Castes (SCs) and Other Backward Classes (OBCs).His sterling contribution lies in organizing the educated youth and varied SC and OBCs employees and inculcating within their hearts missionary spirit for the social transformation of the Indian society as a whole by emancipating and empowering them to rule the country. The achieve this mega goal – "Changethe System" – Sahib Shri Kanshi Ram founded the All India Backward and Minority Communities Employees' Federation (BAMCEF) in 1971 and Dalit Shoshit Samaj Sangharsh Samiti (DS-4) in 1981 that eventually culminated into a larger political formation what came to be known by the nameof Bahujan Samaj Party (BSP) in 1984.

Sahib Shri Kanshi Ramdid not confine the strings of his newly launched socio-political process of empowering the lower castes to himself only.He, rather, let it loose to spread among his people who hitherto fore were prevented from entering the corridors of political powers by varied Machiavellian machinations. He based his political strategy to prepare the way for his people to enter the parliament on the basis of the famous slogan of Dr. Ambedkar: "Educate, Agitate, Organise", and chiselled his innovative '85 vs 15' formula of 'Master Key' to unlock the portal of political power. He taught his people that they should prepare themselves to attain political power on the basis of 'bargaining and not begging'. He cycled day and night for months together to reach the lowest of the low to apprise them of their hidden numerical power that can win for them political power in the state and national democratic electoral processes. His dexterously prepared second line of young leadership belied the centuries old indoctrinated belief that Dalits are born only to serve! He proved the world that they have now come up to take over the reign of the rule into their own hands and became capable of writing their own destiny. The BSP under his pupil Mayawati ruled Uttar Pradesh, one of the most politically powerful states in India, for four terms as Chief Minister. Sahib Shri Kanshi Ram taught millions of SCs and OBCs of this vast democracy how to convert their numerical strength into a potent electoral force to defeat those who thrived by dividing them in the name of caste, religion and false electoral promises.

The forum of **"Ambedkar Times"** and **"Desh Doaba"** take immense pride in congratulating our contributors, readers and well-wishers on the 88th birth anniversary of Manyavar Sahib Shri Kanshi Ram Ji. We are also feeling proud to humbly state that Ambedkartimes.com, dedicated to teachings and lifeworks of Babasaheb Dr. B.R. Ambedkar, Babu Mangu Ram Mugowalia and Sahib Shri Kanshi Ram, has successfully completed its 13 years of regular publication. We seek your support and encouragement and good wishes to continue with our small effort in your service.

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

ਲੜੀ ਨੰਬਰ-170

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

## ਛਿਅ ਘਰ, ਛਿਅ ਗੁਰ ਅਤੇ ਛਿਅ ਉਪਦੇਸ਼



**ਅਵਤਾਰ ਸਿੰਘ ਮਿਸ਼ਨਰੀ**
**510-432-5827**

"ਸ਼ਬਦ ਗੁਰੂ ਗ੍ਰੰਥ" ਵਿਖੇ ਆਏ ਛਿਅ ਘਰ, ਛਿਅ ਗੁਰ ਅਤੇ ਛਿਅ ਉਪਦੇਸ਼ ਕ੍ਰਮਵਾਰ ਇਸ ਪ੍ਰਕਾਰ ਹਨ। ਛਿਅ ਘਰ-ਸ਼ਾਂਖ, ਯੋਗ, ਨੀਆਂਇ, ਵੈਸ਼ੇਸ਼ਕ, ਮੀਮਾਂਸਾ ਅਤੇ ਵੇਦਾਂਤ ਹਨ। ਛਿਅ ਗੁਰ-ਵੈਸ਼ੇਸ਼ਕ ਸ਼ਾਸ਼ਤਰ (ਘਰ) ਦਾ ਗੁਰੂ (ਸੰਚਾਲਕ) ਕੈਣਾਦ, ਨਿਆਂਇ ਦਾ ਗੌਤਮ, ਸ਼ਾਂਖ ਦਾ ਕਪਲ, ਯੋਗ ਦਾ ਪਤੰਜਲ, ਮੀਮਾਂਸਾ ਦਾ ਜੈਮਿਨੀ ਅਤੇ ਵੇਦਾਂਤ ਦਾ ਵਿਆਸ ਹੈ। ਛਿਅ ਉਪਦੇਸ਼-ਛਿਅ ਘਰਾਂ (ਸ਼ਾਸ਼ਤਰਾਂ) ਦੇ ਛਿਅ ਹੀ ਉਪਦੇਸ਼ ਹਨ-ਖਟ (ਛੇ) ਦਰਸ਼ਨ (ਸਿਧਾਂਤ) ਅਤੇ ਇਹ ਫਲਸਫਾ ਬ੍ਰਾਹਮਣੀ ਹੈ। ਇਨ੍ਹਾਂ ਦੇ ਖਟ ਦਰਸ਼ਨ (ਸ਼ਾਸ਼ਤਰ) ਭਾਵ ਸਿਧਾਂਤ ਇਹ ਹਨ-

1. ਨਿਆਏਂ-ਇਸ ਦਾ ਕਰਤਾ ਗੌਤਮ ਰਿਖੀ ਹੈ। ਇਸ ਵਿੱਚ ਈਸ਼ਵਰ ਦੀ ਸਿੱਧੀ ਲਈ ਤਰਕ ਪੂਰਨ ਚਰਚਾ ਕੀਤੀ ਗਈ ਹੈ। ਇਸ ਸ਼ਾਸ਼ਤਰ ਅਨੁਸਾਰ ਪ੍ਰਮਾਤਮਾਂ, ਆਤਮਾਂ ਤੇ ਪ੍ਰਕਿਰਤੀ ਆਦਿ ਅੰਤ ਤੋਂ ਰਹਿਤ ਤੇ ਮੁਕਤੀ ਦਾ ਸਾਧਨ ਤੱਤ ਗਿਆਨ ਹੈ।

3. ਵੈਸ਼ੇਸ਼ਕ-ਇਸ ਦਾ ਮੋਢੀ ਕਣਾਦ ਮੁਨੀ ਤੇ ਇਸ ਨੇ ਛੇ ਪਦਾਰਥ ਦ੍ਰਵ, ਗੁਣ, ਕਰਮ, ਸਮਾਨਯ, ਵਿਸ਼ੇਸ਼ ਅਤੇ ਸਮਵਾਯ ਮੰਨੇ ਜੋ ਨਿਤ ਅਤੇ ਅਨਿਤ ਹਨ। ਕਣਾਦ ਅਨੁਸਾਰ ਪ੍ਰਮਾਤਮਾਂ ਆਤਮਾਂ ਤੋਂ ਵੱਖਰਾ ਹੈ। ਇਹ ਸ੍ਰਿਸ਼ਟੀ ਦੀ ਰਚਨਾ ਪ੍ਰਮਾਣੂਆਂ ਤੋਂ ਈਸ਼ਵਰ ਦੀ ਇਛਿਆ ਅਨੁਸਾਰ ਤੇ ਛੇ ਪਦਾਰਥਾਂ ਤੋਂ ਮੁਕਤੀ ਹੁੰਦੀ ਮੰਨਦਾ ਹੈ।

3. ਸ਼ਾਂਖ-ਇਸ ਦਾ ਕਰਤਾ ਕਪਲ ਮੁਨੀ ਹੈ। ਇਸ ਅਨੁਸਾਰ ਸੰਸਾਰ ਅਨਿਤ ਅਤੇ ਪ੍ਰਣਾਮ ਸਰੂਪ ਪ੍ਰਵਾਹ ਨਾਲ ਸਦਾ ਬਦਲਦਾ ਰਹਿੰਦਾ ਹੈ। ਪ੍ਰਕਿਰਤੀ ਨੂੰ ਪੁਰਸ਼ ਅਤੇ ਪੁਰਸ਼ ਨੂੰ ਪ੍ਰਕਿਰਤੀ ਦੀ ਲੋੜ ਤੇ ਇਕੱਲੇ ਦੋਵੇਂ ਨਿਹਫਲ ਹਨ। ਜਦ ਪੁਰਸ਼ ਵਿਵੇਕ ਨਾਲ ਆਪਣੇ ਆਪ ਨੂੰ ਪ੍ਰਕ੍ਰਿਤੀ ਤੇ ਉਸ ਦੇ ਕਾਰਜਾਂ ਤੋਂ ਭਿੰਨ ਵੇਖਦੈ ਤਦ ਬੁੱਧੀ ਕਾਰਨ ਪ੍ਰਾਤਪ ਹੋਏ ਸੰਤਾਪਾਂ ਤੋਂ ਦੁਖੀ ਨਹੀ ਹੁੰਦਾ ਇਹ ਵੱਖਰਪਨ ਹੀ ਮੁਕਤੀ ਹੈ।

4. ਯੋਗ-ਇਸ ਦਾ ਕਰਤਾ ਪਤੰਜਲ ਰਿਸ਼ੀ ਹੈ। ਇਸ ਮੁਤਾਬਕ ਦ੍ਰਿਸ਼ਟਾ ਤੇ ਦ੍ਰਿਸ਼ਯ ਦੋ ਪਦਾਰਥ ਹਨ। ਪੁਰਸ਼ ਦ੍ਰਿਸ਼ਟਾ ਤੇ ਬਾਕੀ ਪ੍ਰਕ੍ਰਿਤੀ ਰੂਪ ਜਗਤ ਰੂਪ ਜਗਤ ਦ੍ਰਿਸ਼ਯ ਹੈ। ਜਦ ਚਿਤ-ਬ੍ਰਿਤੀਆਂ ਰੁਕਦੀਆਂ ਨੇ ਤਦ ਹੋਰ ਦ੍ਰਿਸ਼ਯ ਨਾ ਹੋਣ ਕਾਰਣ ਦ੍ਰਿਸ਼ਟਾ ਦੀ ਆਪਣੇ ਰੂਪ 'ਚ ਸਥਿਤੀ ਹੁੰਦੀ ਹੈ। ਅਭਿਆਸ ਤੇ ਵੈਰਾਗ ਆਦਿਕ ਸਾਧਨਾਂ ਰਾਹੀਂ ਰੋਕੀਆਂ ਚਿਤ-ਵ੍ਰਿਤੀਆਂ ਕਾਰਣ ਚਿਤ ਪੂਰਨ ਇਕਾਗਰਤਾ ਨੂੰ ਪ੍ਰਾਪਤ ਨਹੀਂ ਹੁੰਦਾ ਤੇ ਇਹ ਅਵਸਥਾ ਯੋਗ ਕਹਾਂਦੀ ਹੈ। ਪ੍ਰਕ੍ਰਿਤੀ ਤੇ ਪੁਰਸ਼ ਨੂੰ ਭਿੰਨ-ਭਿੰਨ ਜਾਨਣ ਨਾਲ ਹੀ ਗਿਆਨ ਦਾ ਪ੍ਰਕਾਸ਼ ਹੁੰਦੈ ਅਤੇ ਆਤਮਾ ਪ੍ਰਕ੍ਰਿਤੀ ਦੇ ਬੰਧਨਾਂ ਤੋਂ ਮੁਕਤ ਹੁੰਦੀ ਤੇ ਇਸ ਅਵੱਸਥਾ ਦਾ ਨਾਂ ਹੀ ਮੁਕਤੀ ਹੈ।

5. ਮੀਮਾਂਸਾ-ਇਸ ਦਾ ਕਰਤਾ ਜੈਮਨ ਰਿਸ਼ੀ ਤੇ ਇਸ ਨੇ ਧਰਮ ਦਾ ਪੂਰਨ ਗਿਆਨ ਹੀ ਮੁਕਤੀ ਦਾ ਸਾਧਨ ਮੰਨਿਆ ਤੇ ਵੇਦਾਂ ਦੁਆਰਾ ਦਰਸਾਏ ਗਏ ਯੱਗ ਆਦਿਕ ਕਰਮ ਕਰਨੇ ਹੀ ਧਰਮ ਹੈ। ਚੰਗੇ ਕਰਮਾਂ ਦੇ ਪ੍ਰਭਾਵ ਕਾਰਨ ਹੀ ਪ੍ਰਾਣੀ ਦੇਵਤਾ ਤੇ ਅਵਤਾਰ ਆਦਿ ਉੱਚ ਪਦਵੀਆਂ ਪ੍ਰਾਪਤ ਕਰਦਾ ਤੇ ਸਵਰਗ 'ਚ ਅਨੰਦ ਭੋਗਦਾ ਹੈ।

6. ਵੇਦਾਂਤ-ਇਸ ਦਾ ਕਰਤਾ ਵੇਦ ਵਿਆਸ ਰਿਸ਼ੀ ਹੈ। ਵੇਦਾਂਤ ਅਨੁਸਾਰ ਬ੍ਰਹਮ ਸਤਾ ਸਹਿਤ ਹੀ ਮਾਇਆ ਦੁਆਰਾ ਸਭ ਕੁਝ ਉਪਜਿਆ ਤੇ ਉਸ ਵਿੱਚ ਹੀ ਲੀਨ ਹੋਵੇਗਾ। ਸ਼ੁੱਧ ਮਾਇਆ 'ਚ ਬ੍ਰਹਮ ਦਾ ਪ੍ਰਤੀਬਿੰਬ ਪ੍ਰਮਾਤਮਾਂ ਅਤੇ ਮਲੀਨ ਮਾਇਆ ਵਿੱਚ ਜੀਵ ਜਾਂ ਆਤਮਾਂ ਹੈ। ਬ੍ਰਹਮ ਇਕ ਅਤੇ ਅਬਿਨਾਸ਼ੀ ਹੈ ਪਰ ਉਪਾਧੀ ਭੇਦ ਕਾਰਣ ਭਿੰਨ-ਭਿੰਨ ਪ੍ਰਤੀਤ ਹੁੰਦਾ ਹੈ। ਇਹ ਉਪਾਧੀ ਭੇਦ ਮਿਟਾਉਣ&;'ਤੇ ਸ਼ੁੱਧ ਬ੍ਰਹਮ ਨਾਲ ਇਕਮਿਕਤਾ ਹੋ ਜਾਂਦੀ ਹੈ। ਬ੍ਰਹਮ ਗਿਆਨ ਦੁਆਰਾ ਸਾਰਾ ਭੇਦ-ਭਾਵ ਮਿਟਾ ਕੇ ਸ਼ੁੱਧ ਸਰੂਪ ਵਿੱਚ, ਬ੍ਰਹਮ ਦਾ ਸਾਖਿਆਤਕਾਰ ਕਰਨਾ ਹੀ ਮੁਕਤੀ ਹੈ। ਇਹ ਹਨ ਉਪ੍ਰੋਕਤ ਛਿਅ ਘਰ (ਸ਼ਾਸ਼ਤਰਾਂ) ਦੀਆਂ ਘੁੰਮਣ ਘੇਰੀਆਂ। ਇਵੇਂ ਤਰਕ-ਵਤਰਕ ਆਦਿਕ ਗੱਲਾਂ ਤੇ ਬ੍ਰਾਹਮਣੀ ਮੱਤ ਦੀ ਸਾਰੀ ਦਾਰਸ਼ਨਿਕ ਪ੍ਰਨਾਲੀ ਅਧਾਰਿਤ ਹੈ।

ਗੁਰਮਤਿ ਦਾ ਨਜਰੀਆ-ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਡੋਲਿ॥ ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ॥(ਮ:੫-੨੬੫) ਛਿਅ ਘਰਾਂ (ਸ਼ਾਸਤਰਾਂ) ਦੇ ਸਿਧਾਂਤ ਆਪਸ 'ਚ ਮਿਲਦੇ ਨਹੀਂ, ਇਨ੍ਹਾਂ ਦੇ ਕਰਮਕਾਂਡ ਕਰਨ ਵਾਲਿਆਂ ਨੂੰ ਸੁਖ-ਸ਼ਾਤੀ ਪ੍ਰਾਪਤ ਨਹੀਂ ਹੁੰਦੀ ਸਗੋਂ ਹੰਕਾਰੀ ਹੋ ਜਾਂਦੇ ਹਨ। ਇਨ੍ਹਾਂ ਦੇ ਕਰਤਾ ਮੰਨਣ ਵਾਲੇ ਜਾਤਾਂ-ਪਾਤਾਂ ਦੀਆਂ ਵੰਡੀਆਂ, ਛੂਆ-ਛਾਤ, ਊਚ-ਨੀਚ ਅਤੇ ਪੁਜਾਰੀਵਾਦ ਤੋਂ ਮੁਕਤਿ ਨਹੀ ਹੋਏ। "ਸ਼ਬਦ ਗੁਰੂ ਗ੍ਰੰਥ" ਦੀ ਕੋਈ ਸਿਖਿਆ ਦੇਸ਼ ਕਾਲ ਦੀ ਕੈਦ 'ਚ ਆ ਕੇ, ਕਰਮਕਾਂਡਾਂ ਨੂੰ ਮੂਲ ਧਰਮ ਨਹੀਂ ਮੰਨਦੀ ਸਗੋਂ ਫੁਰਮਾਂਦੀ ਹੈ-ਸਰਬ ਧਰਮ ਮਹਿ ਸ੍ਰੇਸਟ ਧਰਮੁ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥(੨੬੬) ਭਾਵ ਪ੍ਰਭੂ ਦਾ ਨਾਮ ਜਪਣਾ (ਪ੍ਰਭੂ ਨਿਯਮਾਂ 'ਚ ਰਹਿਣਾ) ਹੀ ਨਿਰਮਲ ਕਰਮ ਅਤੇ ਸਰਬ ਸ੍ਰੇਸ਼ਟ ਧਰਮ ਹੈ। ਇਹ ਛਿਅ ਘਰ (ਸ਼ਾਸ਼ਤਰ) ਕਰਮਕਾਂਡਾਂ ਤੇ ਹੰਕਾਰ ਦੀ ਸੰਗਲੀ 'ਚ ਵਲੇਟ ਦਿੰਦੇ ਹਨ-ਬੇਦ ਕੀ ਪੁਤਰੀ ਸਿੰਮ੍ਰਿਤੀ ਭਾਈ॥ ਸਾਂਕਰ ਜੇਵਰੀ ਲੈ ਹੈ ਆਈ॥ (ਕਬੀਰ-੩੨੯)

੧ੳ ਸਤਿਗੁਰ ਪ੍ਰਸਾਦਿ॥ ਹਰਿ ਦਰਸਨੁ ਪਾਵੈ ਵਡਭਾਗਿ॥ ਗੁਰ ਕੈ ਸ਼ਬਦਿ ਸਚੈ ਬੈਰਾਗਿ॥ ਖਟੁ ਦਰਸਨੁ ਵਰਤੈ ਵਰਤਾਰਾ॥ ਗੁਰ ਕਾ ਦਰਸਨੁ ਅਗੰਮ ਅਪਾਰਾ॥ ਗੁਰ ਕੈ ਦਰਸਨਿ ਮੁਕਤਿ ਗਤਿ ਹੋਇ॥ ਸਾਚਾ ਆਪਿ ਵਸੈ ਮਨਿ ਸੋਇ॥੧॥ ਰਹਾਉ॥ ਗੁਰ ਦਰਸਨਿ ਉਧਰੈ ਸੰਸਾਰਾ॥ ਜੇ ਕੋ ਲਾਏ ਭਾਉ ਪਿਆਰਾ॥ ਭਾਉ ਪਿਆਰਾ ਲਾਏ ਵਿਰਲਾ ਕੋਇ॥ ਗੁਰ ਕੈ ਦਰਸਨਿ ਸਦਾ ਸੁਖੁ ਹੋਇ॥੨॥ ਗੁਰ ਕੈ ਦਰਸਨਿ ਮੋਖ ਦੁਆਰੁ॥ ਸਤਿਗੁਰੁ ਸੇਵੈ ਪਰਵਾਰ ਸਾਧਾਰੁ॥ ਨਿਗੁਰੇ ਕੀ ਗਤਿ ਕਾਈ ਨਾਹੀਂ॥ ਅਵਗੁਣਿ ਮੁਠੇ ਚੋਟਾਂ ਖਾਹੀ॥੩॥ ਗੁਰ ਕੈ ਸਬਦਿ ਸੁਖੁ ਸਾਂਤਿ ਸਰੀਰ॥ ਗੁਰਮੁਖਿ ਤਾ ਕਉ ਲਗੈ ਨ ਪੀਰ॥ ਜਮਕਾਲ ਤਿਸੁ ਨੇੜਿ ਨ ਆਵੈ॥ ਨਾਨਕ ਗੁਰਮੁਖਿ ਸਾਚਿ ਸਮਾਵੈ॥੪॥੧॥੪੦॥ (੩੬੦)

ਛੇ ਸ਼ਾਸਤ੍ਰ, ਛੇ ਹੀ ਇਨ੍ਹਾਂ ਦੇ ਚਲਾਣ ਵਾਲੇ, ਛੇ ਹੀ ਇਨ੍ਹਾਂ ਦੇ ਸਿੱਧਾਂਤ (ਉਪਦੇਸ਼) ਪਰ ਇਨ੍ਹਾਂ ਸਾਰਿਆਂ ਦਾ ਮੂਲ-ਗੁਰੂ (ਕਰਤਾਰ) ਇੱਕ ਹੈ। ਇਹ ਸਾਰੇ ਸਿਧਾਂਤ ਉਸ ਇੱਕ ਪ੍ਰਭੂ ਦੇ ਹੀ ਅਨੇਕਾਂ ਵੇਸ ਪ੍ਰਭੂ ਦੀ ਹਸਤੀ ਦੇ ਪ੍ਰਕਾਸ਼ ਦੇ ਰੂਪ ਹਨ। ਹੇ ਭਾਈ! ਜਿਸ (ਸਤਸੰਗ-ਘਰ ਵਿੱਚ ਕਰਤਾਰ ਦੀ ਸਿਫ਼ਤਿ-ਸਾਲਾਹ ਹੁੰਦੀ ਹੈ, ਉਸ ਘਰ ਨੂੰ ਸਾਂਭ ਰੱਖ ਭਾਵ ਉਸ ਸਤਸੰਗ ਦਾ ਆਸਰਾ ਲਈ ਰੱਖ, ਇਸੇ ਵਿਚ ਤੇਰੀ ਭਲਾਈ ਹੈ-ਬਾਬਾ ਜੈ ਘਰਿ ਕਰਤੇ ਕੀਰਤਿ ਹੋਇ॥ ਸੋ ਘਰੁ ਰਾਖੁ ਵਡਾਈ ਤੋਇ॥੧॥ ਰਹਾਉ॥ ਜਿਵੇਂ ਵਿਸੁਏ, ਚਸੇ, ਘੜੀਆਂ, ਪਹਰ, ਥਿੱਤਾਂ, ਵਾਰ, ਮਹੀਨਾ (ਆਦਿਕ) ਅਤੇ ਹੋਰ ਅਨੇਕਾਂ ਰੁੱਤਾਂ ਨੇ ਪਰ ਸੂਰਜ ਇਕੋ ਹੀ ਹੈ ਜਿਸ ਦੇ ਇਹ ਸਾਰੇ ਵੱਖ-ਵਖ ਰੂਪ ਹਨ ਤਿਵੇਂ, ਹੇ ਨਾਨਕ! ਕਰਤਾਰ ਦੇ ਇਹ ਸਾਰੇ ਸਿਧਾਂਤ ਆਦਿਕ ਅਨੇਕਾਂ ਸਰੂਪ ਹਨ-ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ॥ ਸੂਰਜੁ ਏਕੋ ਰੁਤਿ ਅਨੇਕ॥ ਨਾਨਕ, ਕਰਤੇ ਕੇ ਕੇਤੇ ਵੇਸ॥੨॥(੧੨) ਇਹ ਤੇ ਸਪਸ਼ਟ ਹੈ, ਕਿ ਗੁਰਬਾਣੀ ਮਨੁੱਖੀ ਮਨ ਨੂੰ ਵਿਕਾਰਾਂ ਵਲੋਂ ਮੋੜ ਕੇ ਰੱਬੀ ਗੁਣਾਂ ਨਾਲ ਜੁੜਨ ਦਾ ਢੰਗ ਤਰੀਕਾ ਸਮਝਾਉਂਦੀ ਹੈ ਜਾਂ ਇੰਝ ਕਹਿ ਲਿਆ ਜਾਏ ਕਿ ਗੁਰਬਾਣੀ ਜ਼ਿੰਦਗੀ ਜਿਉਣ ਦਾ ਉੱਤਮ ਖ਼ਜ਼ਾਨਾ ਹੈ। ਇਹ ਠੀਕ ਹੈ ਕਿ ਕੋਈ ਵਧੀਆ ਕਿਸਾਨ, ਮਜ਼ਦੂਰ, ਵਪਾਰੀ, ਡਾਕਟਰ, ਪ੍ਰੋਫੈਸਰ, ਵਕੀਲ, ਚੰਗਾ ਸਾਇੰਸਟਿਸਟ ਤੇ ਚੰਗਾ ਜੱਜ ਹੋ ਸਕਦੈ ਪਰ ਇਹ ਜ਼ਰੂਰੀ ਨਹੀਂ ਕਿ ਉਨ੍ਹਾਂ ਦੇ ਪਾਸ ਜ਼ਿੰਦਗੀ ਜਿਉਣ ਲਈ ਸਦਾਚਾਰਕ ਗੁਣ ਵੀ ਹੋਣ। ਗੁਰਬਾਣੀ ਸਿਧਾਂਤ ਦੀ ਇਹ ਪ੍ਰਮੁੱਖ ਵਿਸ਼ੇਸ਼ਤਾਈ ਹੈ ਕਿ ਹਰੇਕ ਇਨਸਾਨ ਨੂੰ ਸਚਿਆਰ ਬਣਨ ਲਈ ਪ੍ਰੇਰਨਾ ਦੇਂਦੀ ਹੈ। ਸੱਚ ਦੇ ਅਧਾਰਤ ਜ਼ਿੰਦਗੀ ਜਿਉਣ ਨੂੰ ਰੂਹਾਨੀਅਤ ਕਿਹਾ ਗਿਆ ਹੈ। ਅਗਿਆਨਤਾ, ਦਵੈਸ਼, ਈਰਖਾ, ਵਿਕਾਰੀ ਬਿਰਤੀ ਤੇ ਇਖ਼ਲਾਕੀ ਗਿਰਾਵਟਾਂ ਨੂੰ ਹੈਵਾਨੀਅਤ ਕਿਹਾ ਗਿਆ ਹੈ।

ਗੁਰਬਾਣੀ ਇਹ ਬਾਰ-ਬਾਰ ਸਮਝਾਉਂਦੀ ਕਿ ਮਨ ਦੇ ਪੁੱਠੇ ਵੇਗ ਦੀਆਂ ਬਰੀਕੀਆਂ ਨੂੰ ਸਮਝ ਕੇ ਇਸ ਨੂੰ ਉਸਾਰੀ ਵਾਲੇ ਰੋਲ ਨਿਬਾਉਣ ਲਈ ਪ੍ਰੇਰਤ ਕਰਨ ਦਾ ਹਰ ਸਾਰਥਿਕ ਯਤਨ ਕਰਦੇ ਰਹਿਣਾ ਚਾਹੀਦੈ ਜੋ-ਊਠਤ ਬੈਠਤ ਸੋਵਤ ਧਿਆਈਐ॥ ਮਾਰਗਿ ਚਲਤ ਹਰੇ ਹਰਿ ਗਾਈਐ॥ ਦਾ ਗਹਿਰਾ ਉਪਦੇਸ਼ ਹੈ। ਮਨ ਫੁਰਨਿਆਂ ਦਾ ਘਰ ਹੈ ਜੋ ਹਰ ਵੇਲੇ ਫੁਰਦੇ ਰਹਿੰਦੇ ਹਨ।

ਸੁਤੇ ਪਿਆਂ ਵੀ ਇਸ ਦੇ ਮਨ ਵਿੱਚ ਖ਼ਿਆਲ ਚੱਲਦੇ ਹੀ ਰਹਿੰਦੇ ਹਨ। ਗੁਰੂ ਨਾਨਕ ਸਾਹਿਬ ਜੀ ਨੇ ਮਨ ਵਿਚਲੇ ਰੱਬੀ ਗੁਣਾਂ ਨੂੰ ਸੰਭਾਲਣ ਦਾ ਇੱਕ ਨਿਯਮ ਸਮਝਾਇਐ ਜੋ ਸੋਹਿਲੇ ਦੀ ਬਾਣੀ ਵਿੱਚ ਅੰਕਤ ਹੈ-ਛਿਅ ਘਰ ਛਿਅ ਗੁਰ ਛਿਅ ਉਪਦੇਸ॥ ਗੁਰੁ ਗੁਰੁ ਏਕੋ ਵੇਸ ਅਨੇਕ॥੧॥ ਬਾਬਾ ਜੈ ਘਰਿ ਕਰਤੇ ਕੀਰਤਿ ਹੋਇ॥ ਸੋ ਘਰੁ ਰਾਖੁ ਵਡਾਈ ਤੋਇ॥੧॥ਰਹਾਉ॥ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ॥ ਸੂਰਜੁ ਏਕੋ ਰੁਤਿ ਅਨੇਕ॥ ਨਾਨਕ, ਕਰਤੇ ਕੇ ਕੇਤੇ ਵੇਸ॥੨॥(੧੨)

# ਸ਼੍ਰੋਮਣੀ ਕਮੇਟੀ ਦਾ 9 ਅਰਬ 12 ਕਰੋੜ 59 ਲੱਖ ਰੁਪਏ ਦਾ ਬਜਟ ਪਾਸ

**ਅੰਮ੍ਰਿਤਸਰ –** ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਦਫ਼ਤਰ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਹੋਏ ਬਜਟ ਇਜਲਾਸ ਦੌਰਾਨ ਸਾਲ 2021-2022 ਲਈ ਸ਼ਰੋਮਣੀ ਕਮੇਟੀ ਦਾ 9 ਅਰਬ 12 ਕਰੋੜ 59 ਲੱਖ 26 ਹਜ਼ਾਰ ਰੁਪਏ ਦਾ ਬਜਟ ਪਾਸ ਕੀਤਾ ਗਿਆ। ਇਜਲਾਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖ਼ਤ ਸ੍ਰੀ ਕੇਸਗੜ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼ਰੋਮਣੀ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਸਮੇਤ 86 ਮੈਂਬਰ ਹਾਜ਼ਰ ਸਨ। ਬਜਟ ਸ਼ਰੋਮਣੀ ਕਮੇਟੀ ਦੇ ਜਨਰਲ ਸਕੱਤਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਨੇ ਪੇਸ਼ ਕੀਤਾ, ਜਿਸ ਨੂੰ ਹਾਜ਼ਰ ਮੈਂਬਰਾਂ ਨੇ ਜੈਕਾਰਿਆਂ ਦੀ ਗੂੰਜ ਵਿਚ ਪ੍ਰਵਾਨਗੀ ਦਿੱਤੀ। ਉਹਨਾਂ ਆਪਣੇ ਬਜਟ ਭਾਸ਼ਣ ਦੌਰਾਨ ਵੱਖ-ਵੱਖ ਵਿਭਾਗਾਂ ਅਤੇ ਅਦਾਰਿਆਂ ਲਈ ਰਾਖਵੀਂ ਰੱਖੀ ਗਈ ਰਾਸ਼ੀ ਦਾ ਵਿਸਥਾਰ ਦਿੱਤਾ ਅਤੇ ਆਮਦਨ ਦੇ ਸਰੋਤਾਂ ਦੇ ਨਾਲ ਹੋਣ ਵਾਲੇ ਖਰਚਿਆਂ ਦੀ ਤਫਸੀਲ ਸਾਂਝੀ ਕੀਤੀ। ਪਾਸ ਕੀਤੇ ਗਏ ਬਜਟ ਮੁਤਾਬਕ ਅਨੁਮਾਨਿਤ ਖਰਚਿਆਂ ਦੇ ਮੁਕਾਬਲਤਨ ਸਾਲ 2021-22 ਦੀ ਕੁਲ ਆਮਦਨ 8 ਅਰਬ 71 ਕਰੋੜ 93 ਲੱਖ 24 ਹਜ਼ਾਰ ਰੁਪਏ ਦੇ ਕਰੀਬ ਹੋਵੇਗੀ। ਇਸ ਤਰਾਂ ਪਾਸ ਕੀਤੇ ਗਏ ਬਜਟ ਅਨੁਸਾਰ ਆਮਦਨ ਨਾਲੋਂ 40 ਕਰੋੜ 66 ਲੱਖ ਰੁਪਏ ਦੇ ਕਰੀਬ ਵੱਧ ਖਰਚਾ ਹੋਣ ਦਾ ਅੰਦਾਜ਼ਾ ਹੈ।

ਬਜਟ ਸਬੰਧੀ ਵੇਰਵੇ ਜਾਰੀ ਕਰਦਿਆਂ ਸ਼ਰੋਮਣੀ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਨੇ ਦੱਸਿਆ ਕਿ ਸ਼ਰੋਮਣੀ ਕਮੇਟੀ ਦੇ ਬਜਟ ਸਬੰਧੀ ਪਾਇਆ ਜਾਂਦਾ ਵੱਡਾ ਭੁਲੇਖਾ ਦੂਰ ਕਰਨ ਦਾ ਇਸ ਵਾਰ ਯਤਨ ਕੀਤਾ ਗਿਆ ਹੈ। ਉਹਨਾਂ ਦੱਸਿਆ ਕਿ ਗੁਰਦੁਆਰਾ ਸਾਹਿਬਾਨ ਵਿਖੇ ਸੰਗਤ ਵੱਲੋਂ ਚੜਾਵੇ ਦੇ ਰੂਪ ਵਿਚ ਆਉਂਦੀ ਰਾਸ਼ੀ ਵਿੱਚੋਂ 30 ਫੀਸਦੀ ਦੇ ਕਰੀਬ ਵੱਖ-ਵੱਖ ਵਿਭਾਗਾਂ ਲਈ ਸ਼ਰੋਮਣੀ ਕਮੇਟੀ ਨੂੰ ਫੰਡ ਪ੍ਰਾਪਤ ਹੁੰਦੇ ਹਨ। ਪਰੰਤੂ ਬੀਤੇ ਸਮੇਂ ਦੌਰਾਨ ਇਹ ਰਾਸ਼ੀ ਮੁੜ ਆਮਦਨ ਦਾ ਹਿੱਸਾ ਬਣਾ ਦੇਣ ਨਾਲ ਬਜਟ ਵਿਚ ਵੱਡਾ ਅੰਤਰ ਪੈਦਾ ਹੋ ਗਿਆ। ਕਿਉਂਕਿ ਗੁਰਦੁਆਰਿਆਂ ਦੇ ਬਜਟ ਦੇ ਨਾਲ ਜਦੋਂ ਸ਼ਰੋਮਣੀ ਕਮੇਟੀ ਅਤੇ ਧਰਮ ਪ੍ਰਚਾਰ ਕਮੇਟੀ ਦਾ ਬਜਟ ਪੇਸ਼ ਕੀਤਾ ਸੀ ਤਾਂ ਉਹ ਮੁੜ ਆਮਦਨ ਵਿਚ ਸ਼ਾਮਲ ਹੁੰਦਾ ਸੀ। ਇਸ ਵਾਰ ਇਸ ਨੂੰ ਦਰੁੱਸਤ ਕਰਦਿਆਂ ਬਜਟ ਪੇਸ਼ ਕੀਤਾ ਗਿਆ ਹੈ। ਭਾਵੇਂ ਕਿ ਇਸ ਨਾਲ ਪਹਿਲਾਂ ਪਾਸ ਕੀਤੇ ਜਾਂਦੇ ਰਹੇ ਬਜਟ ਤੋਂ ਇਸ ਵਾਰ ਦਾ ਬਜਟ ਘੱਟ ਹੈ, ਲੇਕਿਨ ਇਹ ਸੋਧ ਕਰਨੀ ਬਹੁਤ ਜ਼ਰੂਰੀ ਸੀ। ਉਹਨਾਂ ਕਿਹਾ ਕਿ ਸ਼ਰੋਮਣੀ ਕਮੇਟੀ ਦੇ ਵੱਖ-ਵੱਖ ਵਿਭਾਗਾਂ ਦੇ ਬਜਟ ਸੰਗਤ ਦੀ ਸ਼ਰਧਾ 'ਤੇ ਅਧਾਰਿਤ ਹੁੰਦੇ ਹਨ ਅਤੇ ਇਸ ਸਬੰਧ ਵਿਚ ਕੇਵਲ ਅਨੁਮਾਨਿਤ ਬਜਟ ਹੀ ਪੇਸ਼ ਕੀਤਾ ਜਾਂਦਾ ਹੈ। ਉਹਨਾਂ ਕਿਹਾ ਕਿ ਜਿਸ ਤਰਾਂ ਬੀਤੇ ਸਾਲ ਕੋਰੋਨਾ ਮਹਾਂਮਾਰੀ ਕਾਰਨ ਆਮਦਨ ਵਿਚ ਕਾਫੀ ਗਿਰਾਵਟ ਦਰਜ ਕੀਤੀ ਗਈ ਸੀ। ਬੀਬੀ ਜਗੀਰ ਕੌਰ ਨੇ ਕਿਹਾ ਕਿ ਆਮਦਨ ਨਾਲੋਂ ਖਰਚੇ ਵਧੇਰੇ ਹਨ, ਜਿਹਨਾਂ ਦੀ ਪੂਰਤੀ ਲਈ ਸ਼ਰੋਮਣੀ ਕਮੇਟੀ ਸੰਗਤ ਨੂੰ ਪ੍ਰੇਰਣਾ ਕਰਨ ਦੇ ਨਾਲ-ਨਾਲ ਆਪਣੀਆਂ ਬੱਚਤਾਂ ਵਿੱਚੋਂ ਖਰਚ ਕਰੇਗੀ। ਬੀਬੀ ਜਗੀਰ ਕੌਰ ਨੇ ਦੱਸਿਆ ਕਿ ਇਤਿਹਾਸਕ ਗੁਰਦੁਆਰਾ ਸਾਹਿਬਾਨ ਜਿਹਨਾਂ ਦੀ ਸੇਵਾ ਸੰਭਾਲ ਸੈਕਸ਼ਨ 85 ਤਹਿਤ ਕੀਤੀ ਜਾਂਦੀ ਹੈ, ਤੋਂ ਸਾਲ 2021-22 ਦੌਰਾਨ 6 ਅਰਬ 47 ਕਰੋੜ 25 ਲੱਖ ਰੁਪਏ ਤੋਂ ਆਮਦਨ ਦੀ ਸੰਭਾਵਨਾ ਹੈ, ਜਦਕਿ 6 ਅਰਬ 52 ਕਰੋੜ 37 ਲੱਖ ਰੁਪਏ ਖਰਚਿਆਂ ਦਾ ਅੰਦਾਜ਼ਾ ਹੈ। ਇਸੇ ਤਰਾਂ ਵਿਦਿਅਕ ਅਦਾਰਿਆਂ ਤੋਂ ਇਸ ਸਾਲ 1 ਅਰਬ 89 ਕਰੋੜ 17 ਲੱਖ ਰੁਪਏ ਦੇ ਕਰੀਬ ਆਮਦਨ ਅਤੇ 2 ਅਰਬ 23 ਕਰੋੜ 18 ਲੱਖ ਰੁਪਏ ਦੇ ਲਗਭਗ ਖਰਚੇ ਹੋਣਗੇ। ਉਹਨਾਂ ਕਿਹਾ ਕਿ ਵਿਦਿਅਕ ਅਦਾਰਿਆਂ ਦੇ ਬਜਟ ਵਿਚ ਘਾਟੇ ਦੀ ਪੂਰਤੀ ਲਈ ਸ਼ਰੋਮਣੀ ਕਮੇਟੀ ਵੱਲੋਂ ਫਿਲਹਾਲ 16 ਕਰੋੜ 55 ਲੱਖ ਰੁਪਏ ਦੇ ਕਰੀਬ ਰੱਖੇ ਗਏ ਹਨ। ਬੀਬੀ ਜਗੀਰ ਕੌਰ ਨੇ ਕਿਹਾ ਕਿ ਅਸੀਂ ਲਗਾਤਾਰ ਯਤਨ ਕਰ ਰਹੇ ਹਾਂ ਕਿ ਸ਼ਰੋਮਣੀ ਕਮੇਟੀ ਦੇ ਬਜਟ ਨੂੰ ਲੀਹਾਂ 'ਤੇ ਲਿਆਂਦਾ ਜਾ ਸਕੇ। ਬੀਤੇ ਚਾਰ ਮਹੀਨਿਆਂ ਦੌਰਾਨ ਸ਼ਰੋਮਣੀ ਕਮੇਟੀ ਦੇ ਖਰਚਿਆਂ ਨੂੰ ਘਟਾਉਣ ਲਈ ਵੱਡੇ ਯਤਨ ਕੀਤੇ ਗਏ ਹਨ। ਇਸ ਦੇ ਨਾਲ ਹੀ ਸੰਗਤ ਨੂੰ ਵੱਖ-ਵੱਖ ਕਾਰਜ ਕਰਨ ਲਈ ਪ੍ਰੇਰਿਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਦਿੱਲੀ ਦੇ ਇਕ ਪ੍ਰੇਮੀ ਵੱਲੋਂ 9 ਕਰੋੜ ਤੋਂ ਵੱਧ ਭੇਟਾ ਸ੍ਰੀ ਦਰਬਾਰ ਸਾਹਿਬ ਦੀ ਗੋਲਕ ਵਿਚ ਪਾਈ ਗਈ ਹੈ। ਇਸੇ ਤਰਾਂ ਸੋਲਰ ਪਲਾਂਟ ਅਤੇ ਭਾਫ਼ ਵਿਧੀ ਦੁਆਰਾ ਲੰਗਰ ਤਿਆਰ ਕਰਨ ਲਈ ਵੀ ਸੰਗਤਾਂ ਸੇਵਾ ਕਰਵਾ ਰਹੀਆਂ ਹਨ। ਵੱਖ-ਵੱਖ ਹੋਰ ਸੇਵਾਵਾਂ ਲਈ ਵੀ ਸੰਗਤਾਂ ਨੂੰ ਪ੍ਰੇਰਿਆ ਜਾ ਰਿਹਾ ਹੈ। ਬੀਬੀ ਜਗੀਰ ਕੌਰ ਨੇ ਇਹ ਵੀ ਜਾਣਕਾਰੀ ਦਿੱਤੀ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਮਾਇਆ ਭੇਟਾ ਕਰਨ ਵਾਲੀਆਂ ਸੰਗਤਾਂ ਨੂੰ ਟੈਕਸ ਤੋਂ ਛੋਟ ਮਿਲੇਗੀ। ਉਹਨਾਂ ਦੱਸਿਆ ਕਿ ਇਸ ਸਬੰਧ ਵਿਚ ਸ਼ਰੋਮਣੀ ਕਮੇਟੀ ਵੱਲੋਂ ਯਤਨ ਕੀਤੇ ਜਾ ਰਹੇ ਸਨ, ਪਰੰਤੂ ਇਸੇ ਦੌਰਾਨ ਆਰਟੀਆਈ ਤਹਿਤ ਜਾਣਕਾਰੀ ਪ੍ਰਾਪਤ ਹੋਈ ਹੈ ਕਿ ਪਹਿਲਾਂ ਤੋਂ ਹੀ 1965 ਵਿਚ ਸ੍ਰੀ ਦਰਬਾਰ ਸਾਹਿਬ ਲਈ ਏਟੀਜੀ ਮਿਲ ਚੁੱਕੀ ਹੈ। ਇਸ ਤਹਿਤ ਹੁਣ ਸੰਗਤਾਂ ਟੈਕਸ

**(ਬਾਕੀ ਸਫਾ 11 'ਤੇ)**



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਬਸਪਾ ਦੀ ਬੇਗਮਪੁਰਾ ਪਾਤਸ਼ਾਹੀ ਬਣਾਓ ਰੈਲੀ ਪੰਜਾਬ ਦੀ ਰਾਜਨੀਤਿਕ ਦਿਸ਼ਾ ਬਦਲੇਗੀ- ਜਸਵੀਰ ਸਿੰਘ ਗੜ੍ਹੀ

**ਰੂਪਨਗਰ (ਬਿਊਰੋ)–** ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਪ੍ਰੈਸ ਕਾਨਫਰੰਸ ਦੌਰਾਨ ਰੈਲੀ ਨਾਲ ਸੰਬਧਿਤ ਗੱਲਬਾਤ ਕੀਤੀ ਜਿਸ ਵਿਚ ਉਹਨਾਂ ਕਿਹਾ ਕਿ 12 ਅਪ੍ਰੈਲ ਦੀ ਬੇਗਮਪੁਰਾ ਪਾਤਸਾਹੀ ਬਣਾਓ ਰੈਲੀ ਬਸਪਾ ਸੰਸਥਾਪਕ ਸਾਹਿਬ ਕਾਂਸ਼ੀਰਾਮ ਜੀ ਦੇ ਜੱਦੀ ਪਿੰਡ ਖੁਆਸਪੁਰਾ ਵਿਖੇ ਰੱਖੀ ਗਈ ਹੈ।



ਸਾਹਿਬ ਕਾਂਸ਼ੀਰਾਮ ਜੀ ਨੇ 1978 ਵਿੱਚ ਬਾਮਸੇਫ਼, 1981 ਵਿੱਚ ਡੀ.ਐਸ. ਫੋਰ ਤੇ 1984 ਬਹੁਜਨ ਸਮਾਜ ਪਾਰਟੀ ਦਾ ਗਠਨ ਕੀਤਾ ਜੋ ਅੱਜ ਭਾਰਤ ਦੀ ਤੀਸਰੇ ਦਰਜ਼ੇ ਦੀ ਸਭ ਤੋਂ ਵੱਡੀ ਰਾਸ਼ਟਰੀ ਪਾਰਟੀ ਹੈ ਜਿਸਦੀ ਅਗਵਾਈ ਮੌਜੂਦਾ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਕਰ ਰਹੇ ਹਨ। ਸਰਦਾਰ ਗੜ੍ਹੀ ਨੇ ਕਿਹਾ ਕਿ ਅਸੀਂ ਪੱਕਾ ਤਹੱਈਆ ਕਰਕੇ ਲੱਗੇ ਹਾਂ ਕਿ ਸਾਹਿਬ ਕਾਂਸ਼ੀਰਾਮ ਜੀ ਦਾ ਅਧੂਰਾ ਮਿਸ਼ਨ 2022 ਵਿਚ ਸਰਕਾਰ ਵਿੱਚ ਹਿੱਸੇਦਾਰੀ ਪਾ ਕੇ ਪੂਰਾ ਕਰਨ ਦੀ ਪੁਰਜੋਰ ਕੋਸ਼ਿਸ਼ ਕਰਾਂਗੇ। ਬਸਪਾ ਦਾ ਮਿਸ਼ਨ ਭਾਰਤ ਦੇ ਗਰੀਬਾਂ ਲਈ ਸਮ-ਾਜਿਕ ਪਰਿਵਰਤਨ ਤੇ ਆਰਥਿਕ ਮੁਕਤੀ ਦਾ ਸੰਕਲਪ ਹੈ ਜੋਕਿ ਸਾਹਿਬ ਕਾਂਸੀ ਰਾਮ ਜੀ ਨੇ ਦੇਖਿਆ ਸੀ ਸਰਕਾਰ ਬਣਾਕੇ ਜਰੂਰ ਪੂਰੇ ਕਰਾਂਗੇ। ਜਿੱਥੇ ਅਸੀਂ ਅਸੀਂ ਉਹਨਾਂ ਦੀਆ ਲੀਹਾਂ ਤੇ ਚੱਲ ਕੇ ਮੁੜ ਪੰਜਾਬ ਨੂੰ ਨੀਲਾ ਨੀਲਾ ਕਰਾਂਗੇ ਉਥੇ ਪੰਜਾਬ ਨੂੰ ਲੁੱਟਣ ਵਾਲੇ ਕਾਂਗਰਸ ਭਾਜਪਾ ਤੇ ਅਕਾਲੀ ਦਲ ਦੇ ਮਾਲਿਕ ਭਾਗੋਆ ਨਾਲ ਬਸਪਾ ਦੇ ਭਾਈ ਲਾਲੋ ਟੱਕਰ ਲੈਣਗੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਦੀ ਧਰਤੀ ਤੋਂ ਸੰਕਲਪ ਲਿਆ ਸੀ ਕਿ ਗ਼ਰੀਬ ਸਿੱਖਾਂ ਨੂੰ ਪਾਤਸ਼ਾਹੀ ਦੇਣੀ। ਗੁਰੂ ਸਾਹਿਬ ਦੇ ਸੁਪਨੇ ਨੂੰ ਪੂਰਾ ਕਰਨ ਲਈ ਰੋਪੜ ਦੀ ਧਰਤੀ ਤੋਂ ਹੀ ਬਸਪਾ ਸੰਸਥਾਪਕ ਸਾਹਿਬ ਕਾਂਸ਼ੀ ਰਾਮ ਸਾਹਿਬ ਨੇ ਹੀ ਜਨਮ ਲਿਆ ਤੇ ਬਹੁਜਨ ਸਮਾਜ ਪਾਰਟੀ ਬਣਾਈ ਸੀ ਤਾਂਕਿ ਗੁਰੂਆਂ ਦੇ ਸੁਪਨਿਆਂ ਨੂੰ ਮੰਜਿਲ ਤੇ ਪਹੁੰਚਾਇਆ ਜਾ ਸਕੇ। ਸ ਗੜ੍ਹੀ ਨੇ ਪੰਜਾਬ ਵਾ-ਸੀਆਂ ਨੂੰ ਬੇਨਤੀ ਹੈ ਕਿ ਇਸ ਰੈਲੀ ਵਿੱਚ ਵੱਧ ਚੜ ਕੇ ਹਿੱਸਾ ਲਓ। ਉਲੇਖਯੋਗ ਹੈ ਕਿ ਪਿਛਲੇ ਦੋ ਦਿਨਾ ਤੋਂ ਰੈਲੀ ਦੀਆ ਤਿਆਰੀਆਂ ਹਿਤ ਵਿਸ਼ਾਲ ਟੈਂਟ ਲੱਗ ਰਿਹਾ ਹੈ। ਦੋ ਟਰੈਕਟਰ ਤਵੀਆਂ ਸੁਹਾਗੇ ਸੈਕੜੇ ਬਸਪਾ ਵਰਕਰ ਮਿਸ਼ਨਰੀ ਭਾਵਨਾ ਤਹਿਤ ਰੈਲੀ ਗਰਾਊਂਡ ਵਿਚ ਕੰਮ ਕਰ ਰਹੇ ਹਨ। ਰੋਪੜ ਦੇ ਆਲੇ ਦੁਆਲੇ ਵਾਲ ਪੇਂਟਿੰਗ ਨਾਲ ਹਾਥੀ ਮੁੜਕੇ ਨਜ਼ਰ ਆਉਣ ਲੱਗ ਪਿਆ ਹੈ। ਬਸਪਾ ਦੀ ਅਜਿਹੀ ਸਰਗਰਮੀ ਨੇ ਪੰਜਾਬ ਦਾ ਰਾਜਨੀਤਿਕ ਪਿੜ ਪੂਰਾ ਤਰ੍ਹਾਂ ਨਾਲ ਗਰਮਾ ਦੇਣਾ ਹੈ। ਇਸ ਮੌਕੇ ਸੂਬਾ ਮੀਤ ਪ੍ਰਧਾਨ ਸ ਹਰਜੀਤ ਸਿੰਘ ਲੌਂਗੀਆਂ, ਸੂਬਾ ਜਨਰਲ ਸਕੱਤਰ ਤੇ ਰੈਲੀ ਇੰਚਾਰਜ ਸ੍ਰੀ ਨਛੱਤਰ ਪਾਲ ਜੀ, ਜਨਰਲ ਸਕੱਤਰ ਸ੍ਰੀ ਰਾਜਾ ਰਜਿੰਦਰ ਸਿੰਘ ਨਨਹੇੜੀਆਂ, ਜ਼ੋਨ ਇੰਚਾਰਜ ਸ੍ਰੀ ਚਰਨਜੀਤ ਸਿੰਘ ਘਈ, ਜ਼ੋਨ ਇੰਚਾਰਜ ਸ੍ਰੀ ਪਰਵੀਨ ਬੰਗਾ ਆਦਿ ਸ਼ਾਮਿਲ ਸਨ।



# ਦੇਸ਼ ਭਗਤ ਹਾਲ 'ਚ ਵਿਸ਼ਵ ਰੰਗ ਮੰਚ ਦਿਹਾੜਾ ਮਨਾਇਆ 'ਦਿੱਲੀਓ ਖਾਲੀ ਨੀ ਪਰਤੇਗਾ ਦੁੱਲਾ' ਅਤੇ 'ਸਬਲਾ' ਨਾਟਕਾਂ ਨੇ ਛੱਡੀ ਅਮਿੱਟ ਛਾਪ





**ਜਲੰਧਰ: 27 ਮਾਰਚ (ਬਿਊਰੋ)–** ਅੱਜ ਵਿਸ਼ਵ ਰੰਗ ਮੰਚ ਦਿਹਾੜੇ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਕੀਤਾ ਰੰਗ ਮੰਚੀ ਸਮਾਗਮ ਖੇਤੀ ਵਿਰੋਧੀ ਕਾਨੂੰਨਾਂ ਦੇ ਖਿਲਾਫ਼ ਚੱਲ ਰਹੇ ਜਨ ਅੰਦੋਲਨ ਨੂੰ ਸਮਰਪਤ ਕੀਤਾ ਗਿਆ।

ਦੇਸ਼ ਭਗਤ ਯਾਦਗਾਰ ਹਾਲ ਵਿੱਚ ਵਿਸ਼ਵ ਰੰਗ ਮੰਚ ਦਿਹਾੜੇ ਦਾ ਆਗਾਜ਼ ਰੰਗ ਮੰਚ, ਕੌਮੀ ਮੁਕਤੀ ਲਹਿਰ ਅਤੇ ਕਿਸਾਨ ਮਜ਼ਦੂਰ ਸੰਘਰਸ਼ ਵਿੱਚ ਜ਼ਿੰਦੜੀਆਂ ਵਾਰਨ ਵਾਲਿਆਂ ਨੂੰ ਖੜ੍ਹੇ ਹੋ ਕੇ ਸ਼ਰਧਾਂਜ਼ਲੀ ਭੇਂਟ ਕਰਨ ਨਾਲ ਹੋਇਆ। ਵਿਸ਼ਵ ਰੰਗ ਮੰਚ ਦਿਹਾੜੇ ਮੌਕੇ ਦੁਨੀਆਂ ਭਰ ਦੀਆਂ ਭਾਸ਼ਾਵਾਂ ਵਿੱਚ ਜਾਰੀ ਹੋਇਆ ਹੈਲਨ ਮਿਰਨ ਦਾ ਸੁਨੇਹਾ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਪੜ੍ਹਕੇ ਸੁਣਾਇਆ। ਸੁਨੇਹਾ ਕਹਿੰਦਾ ਹੈ ਕਿ, ''ਅਜੋਕੇ ਸਮੇਂ ਰੰਗ ਕਰਮੀਆਂ ਦਾ ਅਨੇਕਾਂ ਦੁਸ਼ਵਾਰੀਆਂ ਨਾਲ ਮੱਥਾ ਲੱਗਾ ਹੋਇਆ ਹੈ ਪਰ ਸਾਨੂੰ ਵਿਸ਼ਵਾਸ਼ ਹੈ ਕਿ ਅਸੀਂ ਇਹਨਾਂ ਚੁਣੌਤੀਆਂ ਉਪਰ ਫਤਿਹ ਪਾ ਕੇ ਖ਼ੂਬਸੂਰਤ ਮੌਸਮ ਲਿਆਉਣ 'ਚ ਸਫ਼ਲ ਹੋਵਾਂਗੇ।'' ਇਸ ਮੌਕੇ ਸਰਗਮ, ਵਰਜੀਤ ਕੌਰ, ਅਨਮੋਲ ਰੂਪੇਵਾਲੀ ਅਤੇ ਧਰਮਿੰਦਰ ਮਸਾਣੀ ਨੇ ਬਹੁਤ ਹੀ ਖੂਬਸੂਰਤ ਗੀਤਾਂ ਨਾਲ ਰੰਗ ਮੰਚ ਵਿੱਚ ਸੰਗੀਤਕ ਰੰਗ ਭਰਿਆ। ਮਾਨਵਤਾ ਕਲਾ ਮੰਚ ਨਗਰ (ਪਲਸ ਮੰਚ) ਵੱਲੋਂ ਪੇਸ਼ ਇੱਕ ਪਾਤਰ ਦੀ ਅਦਾਕਾਰ ਨਰਗਿਸ ਨੇ 'ਦਿੱਲੀਓ ਖਾਲੀ ਨਹੀਂ ਪਰਤੇਗਾ' ਨਾਟਕ ਵਿੱਚ ਆਪਣੀ ਅਦਾਕਾਰੀ ਨਾਲ ਦਰਸ਼ਕਾਂ ਨੂੰ ਹਲੂਣਕੇ ਰੱਖ ਦਿੱਤਾ।

'ਦਿੱਲੀਓ ਖਾਲੀ ਨੀ ਪਰਤੇਗਾ ਦੁੱਲਾ' ਨਾਟਕ ਦੀ ਪਟਕਥਾ ਖੇਤੀ ਕਾਨੂੰਨਾਂ ਖਿਲਾਫ਼ ਉੱਠੇ ਜਨ ਅੰਦੋਲਨ ਦੀਆਂ ਅਨੇਕਾਂ ਪਰਤਾਂ ਖੋਲ੍ਹਦੀ ਹੋਈ ਕੇਂਦਰੀ ਭਾਜਪਾ ਹਕੂਮਤ ਉਪਰ ਸਾਮਰਾਜੀ ਬਹੁ ਕੌਮੀ ਕੰਪ-ਨੀਆਂ ਦੇ ਦਬਾਅ ਦਾ ਭਾਂਡਾ ਭੰਨਦੀ ਹੈ। ਪੁਰਅਮਨ ਅਤੇ ਹੱਕੀ ਕਿਸਾਨ ਅੰਦੋਲਨ ਨੂੰ ਲੀਹੋਂ ਲਾਹੁਣ ਅਤੇ ਨਾਕਾਮ ਕਰਨ ਲਈ ਘੜੇ ਵੰਨ-ਸੁਵੰਨੇ ਛੜਯੰਤਰਾਂ ਤੋਂ ਸੁਚੇਤ ਹੋ ਕੇ ਇਤਿਹਾਸ ਦੀ ਬੁੱਕਲ 'ਚ ਪਲ਼ੇ ਅੱਜ ਦੇ ਦੁੱਲੇ ਕਿਵੇਂ ਸੰਘਰਸ਼ ਨੂੰ ਜਿੱਤਕੇ ਹੀ ਮੁੜਨਗੇ ਇਹ ਸੁਨੇਹਾ ਦਿੰਦਾ ਹੈ ਕੁਲਵੰਤ ਕੌਰ ਨਗਰ ਦੀ ਕਲਮ ਤੋਂ ਲਿਖਿਆ, ਜਸਵਿੰਦਰ ਪੱਪੀ ਦੁਆਰਾ ਨਿਰਦੇਸ਼ਤ ਨਾਟਕ। ਸਟਾਈਲ ਆਰਟਸ ਐਸੋਸੀਏਸ਼ਨ ਜਲੰਧਰ ਦੇ ਕਲਾਕਾਰਾਂ ਨੇ ਨੀਰਜ ਕੌਸ਼ਿਕ ਦੀ ਨਿਰਦੇਸ਼ਨਾ 'ਚ ਖੇਡੇ ਨਾਟਕ 'ਸਬਲਾ' ਨੇ ਬੁਲੰਦ ਆਵਾਜ਼ 'ਚ ਸੁਨੇਹਾ ਦਿੱਤਾ ਕਿ ਧਰਤੀ ਦੀਆਂ ਜਾਈਆਂ ਹੁਣ ਅਬਲਾ ਬਣਕੇ ਦਮ ਘੁੱਟਵੇਂ ਮਾਹੌਲ ਨਾਲ ਸਮਝੌਤਾ ਨਹੀਂ ਕਰਨਗੀਆਂ, ਸਗੋਂ ਉਹ ਸਬਲਾ ਬਣਕੇ ਮਾਣ ਅਤੇ ਸ਼ਾਨ ਭਰੀ ਜ਼ਿੰਦਗੀ ਦੇ ਸਫ਼ਰ 'ਤੇ ਅੱਗੇ ਵਧਣਗੀਆਂ। ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਮੀਤ ਪ੍ਰਧਾਨ ਸੀਤਲ ਸਿੰਘ ਸੰਘਾ, ਖਜ਼ਾਨਚੀ ਰਣਜੀਤ ਸਿੰਘ ਔਲਖ, ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ, ਮੰਗਤ ਰਾਮ ਪਾਸਲਾ, ਚਰੰਜੀ ਲਾਲ ਕੰਗਣੀਵਾਲ, ਵਿਜੈ ਬੰਬੇਲੀ, ਹਰਮੇਸ਼ ਮਾਲੜੀ ਤੋਂ ਇਲਾਵਾ ਅਵਤਾਰ ਲੰਗੇਰੀ, ਕਸ਼ਮੀਰ ਘੁਗਸ਼ੋਰ, ਰਾਜਿੰਦਰ ਸਿੰਘ ਹੁਸ਼ਿਆਰਪੁਰ, ਡਾ.ਮੰਗਤ ਰਾਏ ਆਦਿ ਹਾਜ਼ਰ ਸਨ। ਸਮਾਗਮ ਦਾ ਮੰਚ ਸੰਚਾਲਨ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕੀਤਾ।


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

ਯੂ ਐਸ ਏ, ਖਬਰਨਾਮਾ (ਹੁਸਨ ਲੜੋਆ ਬੰਗਾ)

# 2024 ਵਿਚ ਦੁਬਾਰਾ ਚੋਣ ਲੜਨੀ ਪਸੰਦ ਕਰਾਗਾਂ- ਜੋਅ ਬਾਇਡੇਨ



**ਸੈਕਰਾਮੈਂਟੋ 27 ਮਾਰਚ–** ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡੇਨ ਨੇ 2024 ਵਿਚ ਦੁਬਾਰਾ ਰਾਸ਼ਟਰਪਤੀ ਦੀ ਚੋਣ ਲੜਨ ਦੀ ਇੱਛਾ ਪ੍ਰਗਟ ਕੀਤੀ ਹੈ ਪਰ ਨਾਲ ਹੀ 78 ਸਾਲਾ ਡੈਮੋਕਰੇਟਿਕ ਆਗੂ ਨੇ ਪਹਿਲੇ ਕਾਰਜਕਾਲ ਤੋਂ ਬਾਅਦ ਚੋਣ ਮੈਦਾਨ ਵਿਚੋਂ ਹਟ ਜਾਣ ਦੀ ਸੰਭਾਵਨਾ ਨੂੰ ਵੀ ਖੁਲਾ ਰਖਿਆ ਹੈ। ਉਨਾਂ ਨਿਊਯਾਰਕ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ " ਮੇਰੀ ਯੋਜਨਾ ਦੁਬਾਰਾ ਚੋਣ ਲੜਨ ਦੀ ਹੈ। ਇਹ ਮੇਰੀ ਇੱਛਾ ਹੈ।" ਇਕ ਪੱਤਰਕਾਰ ਵੱਲੋਂ ਇਹ ਪੁੱਛੇ ਜਾਣ 'ਤੇ ਕਿ ਕੀ 2024 ਦੀ ਯੋਜਨਾ ਨਿਸ਼ਚਤ ਹੈ ਤਾਂ ਬਾਇਡੇਨ ਨੇ ਕਿਹਾ ' ਇਹ ਮੇਰੀ ਇੱਛਾ ਹੈ ਪਰੰਤੂ ਮੈ ਕਿਸਮਤ ਵਿਚ ਵਿਸ਼ਵਾਸ਼ ਰਖਦਾ ਹਾਂ।

ਇਸ ਦੇ ਨਾਲ ਹੀ ਉਨਾਂ ਕਿਹਾ ਕਿ ਉਹ ਉਪ ਰਾਸ਼ਟਰਪਤੀ ਵਜੋਂ ਕਮਲਾ ਹੈਰਿਸ ਦੀ ਚੋਣ ਕਰਨਾ ਪਸੰਦ ਕਰਨਗੇ, ਉਹ ਬਹੁਤ ਵਧੀਆ ਕੰਮ ਕਰ ਰਹੀ ਹੈ ਤੇ ਬਹੁਤ ਵਧੀਆ ਭਾਈਵਾਲ ਹੈ। ਇਹ ਪੁੱਛੇ ਜਾਣ 'ਤੇ ਕਿ ਕੀ ਉਹ ਆਸ ਕਰਦੇ ਹਨ ਕਿ ਰਿਪਬਲੀਕਨ ਪਾਰਟੀ ਵੱਲੋਂ ਡੋਨਲਡ ਟਰੰਪ ਦੁਬਾਰਾ ਚੋਣ ਲੜਨਗੇ ਤਾਂ ਬਾਇਡੇਨ ਨੇ ਕਿਹਾ ਮੈ ਤਾਂ ਇਸ ਬਾਰੇ ਸੋਚਦਾ ਵੀ ਨਹੀਂ ਹਾਂ, ਮੇਰਾ ਕੋਈ ਵਿਚਾਰ ਨਹੀਂ ਹੈ ਪਰ ਹੋ ਸਕਦਾ ਹੈ ਕਿ ਟਰੰਪ ਰਿਪਬਲੀਕਨ ਪਾਰਟੀ ਦਾ ਹਿੱਸਾ ਹੀ ਨਾ ਰਹੇ।

## ਮਿੰਨੀ ਕਹਾਣੀ/ ਫੁੱਲ

ਉਹ ਅਕਸਰ ਮੈਨੂੰ ਡਿਊਟੀ 'ਤੇ ਜਾਂਦੇ ਨੂੰ ਰਾਹ ‘ਚ ਤੁਰਿਆ ਜਾਂਦਾ ਮਿਲਦਾ। ਨੀਲੀ ਵਰਦੀ, ਇਕ ਮੈਲਾ ਜਿਹਾ ਕਿਤਾਬਾਂ ਦਾ ਬੈਗ, ਉਲਝੇ ਵਾਲ, ਕਦੇ-ਕਦੇ ਲੱਗਦਾ ਜਿਵੇਂ ਸੁੱਤਾ ਉੱਠ ਕੇ ਹੀ ਆ ਗਿਆ ਹੋਵੇ। ਅੱਜ ਜਦੋਂ ਉਸਨੇ ਮੈਨੂੰ ਰੁਕਣ ਲਈ ਹੱਥ ਦਿੱਤਾ ਤਾਂ ਮੈਂ ਉਸਨੂੰ ਦੇਖ ਹੈਰਾਨ ਰਹਿ ਗਿਆ। ਉਹ ਚੰਗੀ ਤਰੈਹਾਂ ਨਹਾ ਧੋ ਕੇ ਸਾਫ਼ ਵਰਦੀ ਪਾਈ, ਵਾਲਾਂ ਨੂੰ ਕੰਘੀ ਕਰੀ ਫਿਰਦਾ ਸੀ। ਉਸਦੇ ਹੱਥ ਵਿੱਚ ਫੁੱਲ ਸਨ। ਮੈਂ ਹੱਸਦੇ ਨੇ ਪੁੱਛਿਆ ਕਿਵੇਂ ਅੱਜ ਲਿਸ਼ਕਿਆ -ਪੁਸ਼ਕਿਆ ਫਿਰਦਾ ਏਂ? ਅੰਕਲ ਅੱਜ ਨਾ ਕੱਤੀ ਮਾਰਚ ਆ ਸਾਡਾ ਰਿਜ਼ਲਟ ਆਉਣਾ। ਅੱਛਾ, ਫਿਰ ਪਾਸ ਤਾਂ ਹੋ ਜਾਵੇਂਗਾ! ਮੈਂ ਉਸਨੂੰ ਛੇੜਦੇ ਹੋਏ ਪੁੱਛਿਆ। ਅੰਕਲ ਮੈਂ ਫਸਟ ਆਉਣਾ। ਸਰਾਂ ਨੇ ਸਾਡੇ ਘਰ ਸੁਨੇਹਾ ਭੇਜਿਆ ਸੀ ਕਿ ਬੀਬੀ ਪਾਪੇ ਨੂੰ ਨਾਲ ਲੈ ਕੇ ਆਉਣਾ, ਮੈਨੂੰ ਅੱਜ ਇਨਾਮ ਦੇਣਗੇ। ਉਹਨੇ ਖੁਸ਼ੀ ਨਾਲ ਚਹਿਕਦੇ ਹੋਏ ਦੱਸਿਆ। ਓ ਵੈਰੀ ਗੁੱਡ, ਫਿਰ ਲੈ ਕੇ ਨਹੀਂ ਆਇਆ ਬੀਬੀ ਪਾਪੇ ਨੂੰ! ਮੈਂ ਮੋਟਰਸਾਈਕਲ ਚਲਾਉਂਦੇ-ਚਲਾਉਂਦੇ ਉਸ ਵੱਲ ਦੇਖ ਦੇ ਪੁੱਛਿਆ। ਗੱਲ ਏਵੇਂ ਆ ਜੀ, ਬੀਬੀ ਨੇ ਦਿਹਾੜੀ ਤੇ ਕਿਸੇ ਦੇ ਰੋਟੀਆਂ ਪਕਾਉਣ ਜਾਣਾ,ਦੋ ਸੋ ਰੁਪਏ ਮਿਲਣਗੇ ਉਹਨੂੰ। ਉਹ ਇਕਦਮ ਸਿਆਣਿਆਂ ਵਾਂਗ ਦੱਸਣ ਲੱਗਿਆ। ਹੂੰ, ਫਿਰ ਬਾਪੂ ਕਿਉਂ ਨਹੀਂ ਆਇਆ ਤੇਰਾ? ਬਾਪੂ ਤਾਂ ਤਿੰਨ ਚਾਰ ਦਿਨਾਂ ਤੋਂ ਰੋਜ਼ ਸਵੇਰੇ ਹੀ ਦਾਰੂ ਨਾਲ ਡੱਕ ਲੈਂਦਾ... ਠੇਕੇ ਟੁੱਟੇ ਹੋਏ ਨੇ ਨਾ ਅੰਕਲੌ ਉਹਨੇ ਭੋਲਾ ਜਿਹਾ ਮੂੰਹ ਬਣਾ ਕੇ ਕਿਹਾ। ਸਕੂਲ ਆ ਗਿਆ ਸੀ ਮੈਂ ਹਮੇਸ਼ਾ ਉਸਨੂੰ ਉਤਾਰ ਕੇ ਅੱਗੇ ਲੰਘ ਜਾਂਦਾ ਪਰ ਅੱਜ ਉਸਦੇ ਆਖਰੀ ਜਵਾਬ ਨੇ ਮੈਨੂੰ ਉਦਾਸ ਕਰ ਦਿੱਤਾ। ਮੈਂ ਖੜੈਹਾ ਉਸ ਵੱਲ ਦੇਖਣ ਲੱਗਾ, ਉਹ ਹੱਥ ਵਿੱਚ ਫੁੱਲ ਲਈ ਸਕੂਲ ਵੱਲ ਦੜੰਗੇ ਮਾਰਦਾ ਭੱਜਿਆ ਜਾ ਰਿਹਾ ਸੀ,ਮੇਰੀ ਨਿਗੈਹਾ ਕਦੇ ਉਸ ਉੱਪਰ ਕਦੇ ਫੁੱਲਾਂ ਵੱਲ ਚਲੀ ਜਾਂਦੀ।



– ਕੁਲਵਿੰਦਰ ਕੌਸ਼ਲ 91-94176-36255

# ਜਾਰਜ ਫਲਾਇਡ ਦੀ ਮੌਤ ਦੇ ਮਾਮਲੇ ਵਿਚ ਮੁਕੱਦਮਾ ਸ਼ੁਰੂ, 3 ਗਵਾਹ ਭੁਗਤੇ

**ਸੈਕਰਾਮੈਂਟੋ 30 ਮਾਰਚ–** ਲੰਘੇ ਦਿਨ ਜਾਰਜ ਫਲਾਇਡ ਦੀ ਮੌਤ ਦੇ ਮਾਮਲੇ ਦੀ ਸੁਣਵਾਈ ਸ਼ੁਰੂ ਹੋਈ ਤੇ ਮੌਕੇ ਦੇ 3 ਗਵਾਹਾਂ ਨੇ ਗਵਾਹੀਆਂ ਦਿੱਤੀਆਂ। ਮਿਨੀਪੋਲਿਸ ਦੇ ਪੁਲਿਸ ਅਫਸਰ ਡੈਰਕ ਸ਼ੌਵਿਨ ਵਿਰੁੱਧ ਜਾਰਜ ਫਲਾਇਡ ਦਾ ਕਤਲ ਕਰਨ ਦੇ ਦੋਸ਼ ਲਾਏ ਗਏ ਹਨ। ਅਦਾਲਤ ਵਿਚ 9 ਮੰਟ ਤੇ 29 ਸਕਿੰਟਾਂ ਦੀ ਉਹ ਪੂਰੀ ਵੀਡੀਓ ਵੀ ਵਿਖਾਈ ਗਈ ਜਿਸ ਦੌਰਾਨ ਜਾਰਜ ਫਲਾਇਡ ਦੀ ਧੌਣ ਉਪਰ ਗੋਡਾ ਰਖਕੇ ਡੈਰਕ ਸ਼ੌਵਿਨ ਬੈਠਾ ਨਜਰ ਆਇਆ ਤੇ ਮੌਕੇ ਦੇ ਗਵਾਹ ਉਸ ਨੂੰ ਧੌਣ ਤੋਂ ਗੋਡਾ ਚੁੱਕਣ ਲਈ ਬੇਨਤੀ ਕਰ ਰਹੇ ਹਨ।

ਮੌਤ ਤੋਂ ਪਹਿਲਾਂ ਹਫਿਆ ਹੋਇਆ ਜਾਰਜ ਫਲਾਇਡ ਵਾਰ ਵਾਰ ਕਹਿ ਰਿਹਾ ਹੈ ਕਿ ਉਹ ਸਾਹ ਨਹੀਂ ਲੈ ਸਕਦਾ। ਇਹ ਸ਼ਬਦ ਉਸ ਨੇ 27 ਵਾਰ ਦੁਹਰਾਏ ਤੇ ਇਸ ਉਪਰੰਤ ਉਸ ਦੀ ਅਵਾਜ਼ ਸਦਾ ਲਈ ਬੰਦ ਹੋ ਗਈ। ਗਵਾਹ ਵਜੋਂ ਪੇਸ਼ ਹੋਏ ਰੈਸਲਰ ਡੋਨਲਡ ਵਿਲੀਅਮ ਨੇ ਕਿਹਾ ਕਿ ਉਹ ਨੇੜੇ ਦੀ ਲੰਘ ਰਿਹਾ ਸੀ ਜਿਥੇ ਉਸ ਨੇ ਫਲਾਇਡ ਨੂੰ ਪੁਲਿਸ ਹਿਰਾਸਤ ਵਿਚ ਵੇਖਿਆ। ਜਮੀਨ ਉਪਰ ਮੂਧੇ ਮੂੰਹ ਪਿਆ ਫਲਾਇਡ ਹੌਲੀ ਹੌਲੀ ਲਿਫਾਫੇ ਵਿਚ ਪਾਈ ਇਕ ਮੱਛੀ ਦੀ ਤਰਾਂ ਤੜਫ ਰਿਹਾ ਸੀ ਤੇ ਉਹ ਜਾਨ ਬਖਸ਼ ਦੇਣ ਦੀ ਵਾਰ ਵਾਰ ਗੁਹਾਰ ਲਾ ਰਿਹਾ ਸੀ।

ਵਿਲੀਅਮ ਨੇ ਅਦਾਲਤ ਨੂੰ ਦਸਿਆ ਕਿ ਉਸ ਨੇ ਪੁਲਿਸ ਅਫਸਰ ਨੂੰ ਕਿਹਾ ਕਿ ਉਹ ਉਸ ਦਾ ਸਾਹ ਨਾ ਘੁੱਟੇ ਜਿਸ ਨਾਲ ਉਹ ਬੇਹੋਸ਼ ਹੋ ਸਕਦਾ ਹੈ ਪਰੰਤੂ ਸ਼ੌਵਿਨ ਨੇ ਹੋਰ ਜੋਰ ਨਾਲ ਉਸ ਦਾ ਸਾਹ ਬੰਦ ਕਰ ਦਿੱਤਾ। ਦੂਸਰੇ ਦੋ ਗਵਾਹਾਂ ਨੇ ਵੀ ਲਗਭੱਗ ਇਸ ਕਿਸਮ ਦੀਆਂ ਗਵਾਹੀਆਂ ਹੀ ਦਿੱਤੀਆਂ। ਕਲ ਵੀ ਗਵਾਹੀਆਂ ਜਾਰੀ ਰਹਿਣਗੀਆਂ।

ਸ਼ੌਵਿਨ ਵਿਰੁੱਧ ਸੈਕੰਡ ਡਿਗਰੀ ਕਤਲ ਦੇ ਦੋਸ਼ ਲਾਏ ਗਏ ਹਨ ਜੇਕਰ ਉਹ ਦੋਸ਼ੀ ਸਿੱਧ ਹੋ ਜਾਂਦਾ ਹੈ ਤਾਂ ਉਸ ਨੂੰ 10 ਤੋਂ 15 ਸਾਲ ਤੱਕ ਸਜ਼ਾ ਹੋ ਸਕਦੀ ਹੈ। ਇਥੇ ਜਿਕਰਯੋਗ ਹੈ ਕਿ ਫਲਾਇਡ ਦੀ ਮੌਤ ਤੋਂ ਬਾਅਦ ਅਮਰੀਕਾ ਭਰ ਵਿਚ 'ਬਲੈਕ ਲਿਵਜ਼ ਮੈਟਰ' ਦੇ ਬੈਨਰ ਹੇਠ ਵਿਖਾਵੇ ਤੇ ਰੈਲੀਆਂ ਹੋਈਆਂ ਸਨ ਜਿਸ ਦੌਰਾਨ ਹਿੰਸਾ ਵੀ ਹੋਈ ਸੀ।

ਅਮਰੀਕਾ ਦਾ ਸਮੁੱਚਾ ਪੁਲਿਸ ਢਾਂਚਾ ਸਵਾਲਾਂ ਦੇ ਘੇਰੇ ਵਿਚ ਆ ਗਿਆ ਸੀ।

ਅਮਰੀਕਾ ਦੀ ਸਿਆਸਤ ਵੀ ਕਾਲੇ ਲੋਕਾਂ ਨਾਲ ਹੁੰਦੀਆਂ ਵਧੀਕੀਆਂ ਨੂੰ ਲੈ ਕੇ ਗਰਮਾ ਗਈ ਸੀ। ਤਤਕਾਲ ਰਾਸ਼ਟਰਪਤੀ ਡੋਨਲਡ ਟਰੰਪ ਦਬਵੀਂ ਆਵਾਜ਼ ਵਿਚ ਇਸ ਘਟਨਾ ਦੀ ਨਿੰਦਾ ਕਰਦੇ ਰਹੇ ਜਦ ਕਿ ਮੌਜੂਦਾ ਰਾਸ਼ਟਰਪਤੀ ਜੋਅ ਬਾਇਡੇਨ ਜੋ ਉਸ ਸਮੇ ਰਾਸ਼ਟਰਪਤੀ ਅਹੁੱਦੇ ਲਈ ਸੰਭਾਵੀ ਉਮੀਦਵਾਰ ਸਨ , ਨੇ ਸਪੱਸ਼ਟ ਤੌਰ 'ਤੇ ਇਸ ਘਟਨਾ ਦੀ ਨਿੰਦਾ ਕੀਤੀ ਤੇ ਪੀੜਤਾਂ ਨਾਲ ਇਨਸਾਫ ਕਰਨ ਉਪਰ ਜੋਰ ਦਿੱਤਾ ਸੀ।

# ਕਰੋਨਾ ਕਾਰਨ ਹੋਲਾ ਮਹੱਲਾ ਨਾ ਕੱਢਣ ਦੇਣ ਕਾਰਨ ਪੁਲਿਸ 'ਤੇ ਹਮਲਾ, 14 ਗ੍ਰਿਫਤਾਰੀਆਂ

**ਨਾਂਦੇੜ–** ਇਥੇ ਕਰੋਨਾ ਕਾਰਨ ਸਿੱਖਾਂ ਨੂੰ ਹੋਲਾ ਮਹੱਲਾ ਨਾ ਕੱਢਣ ਦੇਣ ਤੋਂ ਨਾਰਾਜ਼ ਸਿੱਖਾਂ ਨੇ ਬੈਰੀਕੇਡ ਤੋੜ ਕੇ ਤਲਵਾਰਾਂ ਨਾਲ ਪੁਲੀਸ 'ਤੇ ਹਮਲਾ ਕਰ ਦਿੱਤਾ। ਇਸ ਕਾਰਨ ਚਾਰ ਪੁਲੀਸ ਮੁਲਾਜ਼ਮ ਜ਼ਖ਼ਮੀ ਹੋਏ। ਇਨ੍ਹਾਂ ਵਿੱਚੋਂ ਇਕ ਦੀ ਹਾਲਤ ਗੰਭੀਰ ਹੈ। ਵੀਡੀਓ ਵਿੱਚ ਨਜ਼ਰ ਆ ਰਿਹਾ ਹੈ ਕਿ ਗੁਰਦੁਆਰੇ ਦੇ ਗੇਟ ਅੱਗੇ ਲਗਾਏ ਬੈਰੀਕੇਡ ਸਿੱਖਾਂ ਨੇ ਤੋੜ ਦਿੱਤੇ ਤੇ ਪੁਲੀਸ ਵਾਲਿਆਂ ਨੂੰ ਭਜਾ ਭਜਾ ਕੇ ਕੁੱਟਿਆ ਤੇ ਉਨ੍ਹਾਂ ਦੇ ਵਾਹਨਾਂ ਨੂੰ ਨੁਕਸਾਨ ਪਹੁੰਚਾਇਆ। ਇਸ ਸਬੰਧੀ ਪੁਲੀਸ ਨੇ 14 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੁਲੀਸ ਮੁਤਾਬਕ ਤਖ਼ਤ ਹਜ਼ੂਰ ਸਾਹਿਬ ਵਿੱਚ ਹੋਈ ਘਟਨਾ ਦੇ ਮਾਮਲੇ ਵਿੱਚ ਨਾਂਦੇੜ ਜ਼ਿਲ੍ਹੇ ਵਿੱਚ ਵਜ਼ੀਰਾਵਾਦ ਥਾਣੇ ਵਿੱਚ 64 ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ।










# ਡਾ. ਸੁਖਪਾਲ ਸੰਘੇੜਾ ਦੀ ਕਵਿਤਾ ਦਾ ਸਾਹਿਤਿਕ ਮੁਲਾਂਕਣ

**ਸੈਨਹੋਜ਼ੇ ਕੈਲੀਫੋਰਨੀਆ (ਚਰਨਜੀਤ ਸਿੰਘ ਪੰਨੂ)-** ਵਿਸ਼ਵ ਪੰਜਾਬੀ ਸਾਹਿੱਤਿਕ ਅਕੈਡਮੀ ਕੈਲੀਫੋਰਨੀਆ, ਦੀ ਮਾਸਿਕ ਜ਼ੂਮ ਮਿਲਣੀ ਦਾ ਆਯੋਜਨ ਕੀਤਾ ਗਿਆ। ਆਰੰਭ ਵਿਚ ਜਨਰਲ ਸਕੱਤਰ ਕੁਲਵਿੰਦਰ ਪਲਾਹੀ ਨੇ ਹਾਜ਼ਰੀਨ ਨੂੰ ਜੀ ਆਇਆਂ ਕਿਹਾ ਤੇ ਪ੍ਰਧਾਨ ਡਾ. ਸੁਖਵਿੰਦਰ ਕੰਬੋਜ ਨੂੰ ਸਵਾਗਤੀ ਭਾਸ਼ਣ ਲਈ ਸੱਦਾ ਦਿੱਤਾ। ਡਾ. ਕੰਬੋਜ ਨੇ ਰਸਮੀ ਤੌਰ 'ਤੇ ਹਾਜ਼ਰ ਸਾਹਿਤਕਾਰਾਂ ਅਤੇ ਬੁੱਧੀਜੀਵੀਆਂ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਪਾਸ਼ ਦੀ ਸ਼ਹਾਦਤ ਨੂੰ ਯਾਦ ਕਰਨ ਦੇ ਨਾਲ ਸਹੀਦ ਭਗਤ ਸਿੰਘ, ਰਾਜਗੁਰੂ, ਤੇ ਸੁਖਦੇਵ ਦੀਆਂ ਕੁਰਬਾਨੀਆਂ ਨੂੰ ਪ੍ਰਣਾਮ ਕੀਤਾ। 23 ਮਾਰਚ ਦੇ ਕੌਮਾਂਤਰੀ ਆਜ਼ਾਦੀ ਦੇ ਸ਼ਹੀਦਾਂ ਸਮੇਤ ਡਾ. ਜਗਤਾਰ ਅਤੇ ਪ੍ਰੋ. ਨਿਰੰਜਨ ਸਿੰਘ ਢੇਸੀ ਨੂੰ ਉਨ੍ਹਾਂ ਦੀ ਸਾਹਿੱਤਿਕ ਦੇਣ ਲਈ ਸ਼ਰਧਾਂਜਲੀ ਭੇਟ ਕੀਤੀ ਗਈ। ਚਰਨਜੀਤ ਸਿੰਘ ਪੰਨੂ ਨੇ ਪਿਛਲੇ ਮਹੀਨੇ ਪ੍ਰਕਾਸ਼ਿਤ ਰਿਪੋਰਟ ਬਾਰੇ ਜਾਣਕਾਰੀ ਸਾਂਝ ਕੀਤੀ। ਤਾਰਾ ਸਿੰਘ ਸਾਗਰ ਨੇ ਵਿਪਸਾ ਦੀ ਆਮਦਨ ਖ਼ਰਚ ਦਾ ਲੇਖਾ-ਜੋਖਾ ਦਿੱਤਾ।

ਦੂਜੇ ਸੈਸ਼ਨ ਵਿਚ ਕਿੱਤੇ ਵਜੋਂ ਵਿਗਿਆਨੀ ਪ੍ਰਗਤੀਵਾਦੀ ਸਾਹਿੱਤਕਾਰ ਡਾ. ਸੁਖਪਾਲ ਸੰਘੇੜਾ ਦੇ ਕਾਵਿ ਸੰਸਾਰ ਦਾ ਆਲੋਚਨਾਤਮਿਕ ਅਧਿਐਨ ਕੀਤਾ ਗਿਆ। ਦਰਜਨ ਤੋਂ ਵੱਧ ਪੁਸਤਕਾਂ ਨਾਲ ਪੰਜਾਬੀ ਸਾਹਿੱਤ ਨੂੰ ਮਾਲੋ-ਮਾਲ ਕਰਨ ਵਾਲੇ ਸੁਖਪਾਲ ਸੰਘੇੜਾ ਦੇ ਕਾਵਿ-ਸੰਸਾਰ ਦੀ ਜਾਣ-ਪਛਾਣ ਕਰਵਾਉਂਦੇ ਹੋਏ ਗੁਲਸ਼ਨ ਦਿਆਲ ਨੇ ਡਾ. ਉਮਿੰਦਰ ਜੌਹਲ (ਇੰਡੀਆ) ਨੂੰ ਪੇਪਰ ਪੜ੍ਹਨ ਲਈ ਸੱਦਾ ਦਿੱਤਾ। ਡਾ. ਜੌਹਲ ਨੇ ਸੁਖਪਾਲ ਸੰਘੇੜਾ ਦੀ ਪੁਸਤਕ 'ਕਿੱਸਿਆਂ ਦੇ ਕੈਦੀ' ਨੂੰ ਅਧਾਰ ਬਣਾ ਕੇ ਲਿਖੇ ਪੇਪਰ ਪੜ੍ਹਦੇ ਹੋਏ ਕਿਹਾ ਕਿ ਇਹ ਸਭਿਆਚਾਰਕ ਸੀਮਾਵਾਂ ਦੀ ਨਿਸ਼ਾਨਦੇਹੀ ਕਰਦੀ ਕਵਿਤਾ ਹੈ। ਸੰਘੇੜਾ ਦੀ ਕਾਵਿਕ ਦ੍ਰਿਸ਼ਟੀ ਅਤੀਤ ਮੁਖੀ ਨਹੀਂ ਸਗੋਂ ਇਤਿਹਾਸ ਮੁਖੀ ਹੈ। ਇਹ ਸ਼ਾਇਰ ਸਭਿਆਚਾਰਕ ਸਥਿਤੀਆਂ ਦੇ ਮੰਥਨ ਮੁਖ ਰੱਖ ਕੇ ਕਵਿਤਾ ਦੀ ਰਚਨਾ ਕਰਦਾ ਹੈ। ਇਸ ਲਈ ਇਹ ਕਹਿਣਾ ਵਧੇਰੇ ਉਚਿੱਤ ਹੋਵੇਗਾ ਕਿ ਇਹ ਕਵਿਤਾ ਸਭਿਆਚਾਰਕ ਕਦਰਾਂ-ਕੀਮਤਾਂ ਦਾ ਮੰਥਨ ਹੈ। ਇਹ ਉਹ ਕਵਿਤਾ ਹੈ ਜੋ ਸਾਨੂੰ ਚਿੰਤਨਸ਼ੀਲ ਵਰਤਾਰੇ ਨੂੰ ਸਮਝਣ ਦੇ ਯੋਗ ਬਣਾਉਂਦੀ ਹੈ। 'ਗਾਗਰਾਂ ਦੇ ਸਾਗਰ ਸਾਡੇ ਬਜ਼ੁਰਗਾਂ ਨੇ ਭਰ ਦਿੱਤੇ। ਸਾਗਰ ਚੀਰਨ ਲਈ ਹੁੰਦੇ ਨੇ, ਡੁੱਬਣ ਲਈ ਨਹੀਂ।' ਉਨ੍ਹਾਂ ਸੰਘੇੜਾ ਦੀ ਕਵਿਤਾ ਦਾ ਪਾਸ਼ ਦੀ ਕਵਿਤਾ ਨਾਲ ਤੁਲਨਾ ਕਰਦੇ ਵਿਚਾਰ ਅਤੇ




ਭਾਸ਼ਾ ਦੇ ਪ੍ਰਸੰਗ ਨੂੰ ਨਿਵੇਕਲੇ ਰੂਪ ਵਿਚ ਉਭਾਰਦੇ ਹੋਏ ਕਿਹਾ ਕਿ ਸੰਘੇੜਾ ਦੀ ਕਵਿਤਾ ਉਸ ਦੌਰ ਦੀ ਡੱਡੂ ਬਣੀ ਪੰਜਾਬੀ ਕਵਿਤਾ ਅੱਗੇ ਕਈ ਸਵਾਲ ਖੜ੍ਹੇ ਕਰਦੀ ਹੈ: ਸਿੰਧ ਘਾਟੀ ਦੇ ਜਿੰਦੇ ਖੰਡਰ, ਗੌਤਮ ਬੁੱਧ ਤੇ ਕਲਾ ਕਲੰਦਰ, ਆਇਨਸਟਾਈਨ ਕਈ ਮੇਰੇ ਅੰਦਰ, ਗੁਰਦੁਆਰਾ, ਚਰਚ ਤੇ ਮੰਦਰ, ਸਭ ਦੇ ਸਭ ਰਹੇ ਸੁੱਤੇ, ਕੁੱਝ ਨਾ ਪ੍ਰਗਟਿਆ।

ਡਾ. ਸੁਹਿੰਦਰਬੀਰ ਸਿੰਘ ਨੇ ਆਪਣੇ ਪੇਪਰ ਵਿਚ ਕਿਹਾ ਕਿ ਸੁਖਪਾਲ ਦਾ ਪਰਿਵਾਰ ਪਰੰਪਰਾਗਤ ਅਵਸਥਾ ਨੂੰ ਅੱਗੇ ਤੋਰ ਰਿਹਾ ਸੀ ਪਰ ਸਾਹਿੱਤ ਸਾਧਨਾ ਵਿਚ ਸੁਖਪਾਲ ਨੇ ਪਰੰਪਰਕ ਵਿਵਸਥਾ ਦਾ ਵਿਰੋਧ ਕੀਤਾ ਹੈ। ਉਸ ਦੀ ਸਮੁੱਚੀ ਕਵਿਤਾ ਨਕਸਲਵਾਦ ਦੇ ਪ੍ਰਭਾਵ ਅਧੀਨ ਰੋਹ ਅਤੇ ਵਿਦਰੋਹ ਦੀ ਬਿਰਤੀ ਅਪਣਾਉਂਦੀ ਹੈ:

ਅਸੀਂ ਜੋ ਸੱਥ ਵਿਚ ਹੀਰ ਗਾਉਂਦੇ ਹਾਂ, ਘਰ ਵਿਚ ਧੀ ਦੇ ਨੱਕ ਵਿਚ ਨਕੇਲ ਪਾਉਂਦੇ ਹਾਂ, ਕੋਈ ਜੁਰਮ ਨਹੀਂ ਕਰਦੇ, ਕਿੱਸਿਆਂ ਦਾ ਕੈਦੀ ਹਾਂ।

ਰਵਿੰਦਰ ਸਹਿਰਾਅ ਨੇ ਸੁਖਪਾਲ ਸੰਘੇੜਾ ਬਾਰੇ ਕਿਹਾ ਕਿ ਉਹ ਸੁਖਪਾਲ ਨੂੰ 1973 ਤੋਂ ਜਾਣਦੇ ਹਨ। ਉਹ ਦੋਵੇਂ ਸਮਕਾਲੀ, ਪੰਜਾਬ ਸਟੂਡੈਂਟ ਯੂਨੀਅਨ ਵਿਚ ਸਰਗਰਮ ਸਨ। ਸੁਖਪਾਲ ਅਕਸਰ ਵੱਡੇ ਆਗੂਆਂ ਨਾਲ ਵਿਚਾਰ-ਵਟਾਂਦਰਾ ਕਰਦੇ। ਪਹਿਲਾਂ ਉਹ ਸੁਖਪਾਲ ਰਣਜੀਤ ਪੁਰੀ ਨਾਂ ਨਾਲ ਲਿਖਦੇ ਸਨ। ਉਹ ਵਿਚਾਰਧਾਰਕ ਪੱਖੋਂ ਪਰਪੱਕ ਸਨ। ਸੰਘੇੜਾ ਆਪਣੀ ਕਵਿਤਾ ਲਿਖਣ ਤੋਂ ਪਹਿਲਾਂ ਪ੍ਰੋ. ਮੋਹਣ ਸਿੰਘ, ਅੰਮ੍ਰਿਤਾ ਪ੍ਰੀਤਮ ਅਤੇ ਬਾਵਾ ਬਲਵੰਤ ਆਦਿ ਨੂੰ ਪੜ੍ਹ ਕੇ ਉਸ ਕਵਿਤਾ ਨੂੰ ਅੱਗੇ ਤੋਰਨ ਦੇ ਇੱਛਕ ਸਨ। ਸਹਿਰਾਅ ਨੇ ਕਿਹਾ ਕਿ ਜਿਸ ਢੰਗ ਨਾਲ ਅੱਜ ਸੁਖਪਾਲ ਦੀ ਕਵਿਤਾ ਦਾ ਗਹਿਨ ਅਧਿਐਨ ਹੋਇਆ ਹੈ ਉਹ ਉਸ ਤੋਂ ਪ੍ਰਭਾਵਿਤ ਹੋਏ ਹਨ।

ਡਾ. ਸੁਖਪਾਲ ਸੰਘੇੜਾ ਨੇ ਡਾ. ਉਮਿੰਦਰ ਜੌਹਲ, ਡਾ.ਸੁਖਵਿੰਦਰ ਕੰਬੋਜ ਅਤੇ ਵਿਪਸਾ ਦਾ ਧੰਨਵਾਦ ਕਰਦੇ ਹੋਏ 'ਮੇਲਾ ਨਹੀਂ ਅੰਦੋਲਨ ਹਾਂ' ਕਵਿਤਾ ਪੜ੍ਹੀ। ਜਿਸ ਉੱਪਰ ਮੁੜ ਚਰਚਾ ਹੋਈ। ਅਮਰਜੀਤ ਕੌਰ ਪੰਨੂੰ, ਡਾ. ਗੁਰਪ੍ਰੀਤ ਸਿੰਘ ਧੁੱਗਾ, ਚਰਨਜੀਤ ਸਿੰਘ ਪੰਨੂ ਅਤੇ ਲਾਜ ਨੀਲਮ ਸੈਣੀ ਨੇ ਡਾ. ਜੌਹਲ ਦੇ ਪੇਪਰ ਦੀ ਪ੍ਰਸ਼ੰਸਾ ਕਰਦੇ ਕਿਹਾ ਕਿ ਵਿਚਾਰ ਅਤੇ ਕਵਿਤਾ ਦੇ ਪ੍ਰਸੰਗ ਨੇ ਉਨ੍ਹਾਂ ਲਈ ਸੋਚਾਂ ਦੀ ਇਕ ਹੋਰ ਖਿੜਕੀ ਖੋਲ੍ਹ ਦਿਤੀ ਹੈ। ਵਿਪਸਾ ਦੇ ਸਮੂਹ ਮੈਂਬਰਾਂ ਨੂੰ ਡਾ. ਜੌਹਲ ਦੀ ਪੇਪਰ ਪੇਸ਼ਕਾਰੀ ਨੇ ਵੀ ਪ੍ਰਭਾਵਿਤ ਕੀਤਾ। ਜਨਰਲ ਸਕੱਤਰ ਕੁਲਵਿੰਦਰ ਪਲਾਹੀ ਨੇ ਕਿਹਾ ਕਿ ਅਪ੍ਰੈਲ ਮਹੀਨੇ ਦੀ ਮੀਟਿੰਗ ਵਿਚ ਚਰਨਜੀਤ ਸਿੰਘ ਪੰਨੂ ਦੀ ਸਾਹਿੱਤਿਕਤਾ ਬਾਰੇ ਡਾ. ਰਜਿੰਦਰ ਸਿੰਘ ਤੇ ਡਾ. ਸੋਹਿੰਦਰਬੀਰ ਸਿੰਘ ਪਰਚਾ ਪੜ੍ਹਹਨਗੇ। ਤੀਜੇ ਸੈਸ਼ਨ ਦਾ ਮੰਚ ਸੰਚਾਲਨ ਲਾਜ ਨੀਲਮ ਸੈਣੀ ਨੇ ਕੀਤਾ। ਮਹਿੰਦਰ ਸਿੰਘ ਸੰਘੇੜਾ, ਐਸ਼ਕਮ ਐਸ਼, ਸੁਖਪਾਲ ਸੰਘੇੜਾ, ਤਾਰਾ ਸਿੰਘ ਸਾਗਰ, ਬੀਬੀ ਸੁਰਜੀਤ ਕੌਰ ਸੈਕਰਾਮੈਂਟੋ, ਚਰਨਜੀਤ ਸਿੰਘ ਪੰਨੂ, ਰਵਿੰਦਰ ਸਹਿਰਾਅ, ਡਾ. ਗੁਰਪ੍ਰੀਤ ਧੁੱਗਾ, ਗੁਲਸ਼ਨ ਦਿਆਲ, ਲਾਜ ਨੀਲਮ ਸੈਣੀ ਅਤੇ ਕੁਲਵਿੰਦਰ ਨੇ ਸ਼ਾਮ ਵਿਚ ਕਾਵਿਕ ਰੰਗ ਭਰੇ। ਸੁਰਿੰਦਰ ਸੀਰਤ ਨੇ ਡਾ. ਜਗਤਾਰ ਦੀ ਗ਼ਜ਼ਲ ਨਾਲ ਹਾਜ਼ਰੀ ਭਰੀ। ਅੰਤ ਵਿਚ ਡਾ. ਸੁਖਵਿੰਦਰ ਕੰਬੋਜ ਨੇ ਹਾਜ਼ਰ ਮੈਂਬਰਾਂ ਦਾ ਧੰਨਵਾਦ ਕੀਤਾ। ਲਾਜ ਨੀਲਮ ਸੈਣੀ ਨੇ ਰਿਪੋਰਟ ਕਲਮਬੰਦ ਕੀਤਾ।

# ਬਿਲਾਂ ਦੀ ਆਟੋਮੈਟਿਕ ਭੁਗਤਾਨ ਵਿਵਸਥਾ ਜਾਰੀ ਰੱਖਣ ਲਈ 1 ਅਪ੍ਰੈਲ ਤੋਂ ਰਿਜ਼ਰਵ ਬੈਂਕ ਦੇ ਨਿਰਦੇਸ਼ਾਂ ਦੀ ਪਾਲਣਾ ਜ਼ਰੂਰੀ

**ਨਵੀਂ ਦਿੱਲੀ-** ਇਕ ਅਪਰੈਲ ਤੋਂ ਹੁਣ ਰਿਚਾਰਜ ਅਤੇ ਜਨਤਕ ਸਹੂਲਤਾਂ ਦੇ ਬਿਲਾਂ ਦੀ ਅਦਾਇਗੀ (ਆਟੋਮੈਟਿਕ ਰੈਕਰਿੰਗ ਪੇਮੈਂਟ) ਆਪਣੇ ਆਪ ਨਹੀਂ ਹੋ ਸਕੇਗੀ। ਭਾਰਤੀ ਰਿਜ਼ਰਵ ਬੈਂਕ ਨੇ 31 ਮਾਰਚ ਮਗਰੋਂ ਪ੍ਰਮਾਣੀਕਰਨ ਲਈ ਵਧੇਰੇ ਉਪਾਅ (ਏਐਫਏ) ਨੂੰ ਜ਼ਰੂਰੀ ਕਰ ਦਿੱਤਾ ਹੈ। ਹਾਲਾਂਕਿ ਬੈਂਕ ਅਤੇ ਅਦਾਇਗੀ ਸਹੂਲਤ ਦੇਣ ਵਾਲੇ ਪਲੇਟਫਾਰਮ ਬਿਲਾਂ ਦੀ ਆਟੋਮੈਟਿਕ ਭੁਗਤਾਨ ਸਬੰਧੀ ਰਿਜ਼ਰਵ ਬੈਂਕ ਦੇ ਹੁਕਮ ਮੰਨਣ ਲਈ ਵਧੇਰੇ ਸਮਾਂ ਮੰਗ ਰਹੇ ਹਨ। ਰਿਜ਼ਰਵ ਬੈਂਕ ਨੇ ਚਾਰ ਦਸੰਬਰ ਨੂੰ ਖੇਤਰੀ ਪੇਂਡੂ ਬੈਂਕ, ਐਨਬੀਐਫਸੀ (ਗੈਰ ਬੈਂਕਿੰਗ ਵਿਤੀ ਕੰਪਨੀਆਂ) ਅਤੇ ਭੁਗਤਾਨ ਸਹੂਲਤ ਦੇਣ ਵਾਲੇ ਪਲੇਟ-ਫਰਮਾਂ ਸਮੇਤ ਸਭਨਾਂ ਬੈਂਕਾ ਨੂੰ ਹਦਾਇਤ ਕੀਤੀ ਹੈ ਕਿ ਕਾਰਡ ਜਾਂ ਪੀਪ੍ਰੇਡ ਭੁਗਤਾਨ ਉਤਪਾਦ (ਪੀਪੀਆਈ) ਜਾਂ ਯੂਨੀਫਾਇਡ ਪੇਮੈਂਟਸ ਇੰਟਰਫੇਸ (ਯੂਪੀਆਈ) ਦੀ ਵਰਤੋਂ ਕਰ ਕੇ ਆਟੋ-ਮੈਟਿਕ ਬਿਲ ਭੁਗਤਾਨ ਦੀ ਵਿਵਸਥਾ ਲਈ ਜੇ ਏਐਫਏ ਦੀ ਪਾਲਣਾ ਨਹੀਂ ਹੋ ਰਹੀ ਹੈ ਤਾਂ ਇਹ ਵਿਵਸਥਾ 31 ਮਾਰਚ 2021 ਤੋਂ ਬੰਦ ਹੋ ਜਾਵੇਗੀ।

ਕੇਂਦਰੀ ਬੈਂਕ ਨੇ ਜੋਖਿਮ ਘਟਾਉਣ ਦੇ ਉਪਾਅ ਤਹਿਤ ਅਜਿਹੇ ਹੁਕਮ ਜਾਰੀ ਕੀਤੇ ਹਨ। ਇਸ ਦਾ ਉਦੇਸ਼ ਕਾਰਡ ਰਾਹੀਂ ਲੈਣ ਦੇਣ ਨੂੰ ਮਜ਼ਬੂਤ ਤੇ ਸੁਰੱਖਿਅਤ ਬਣਾਉਣਾ ਹੈ।






# ਅੰਤਰਰਾਸ਼ਟਰੀ ਕਬੱਡੀ ਖਿਡਾਰੀ ਰਹੇ ਮਲਕੀਅਤ ਸਿੰਘ ਪੂਰੇਵਾਲ ਦੀ ਮੌਤ ਤੇ ਦੇਸ਼ ਵਿਦੇਸ਼ 'ਚ ਗਹਿਰਾ ਦੁੱਖ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਹਕੀਮਪੁਰ'ਚ ਹਰਬੰਸ ਸਿੰਘ ਪੂਰੇਵਾਲ ਦੇ ਘਰ ਜਨਮੇ ਕਬੱਡੀ ਤੇ ਕੁਸ਼ਤੀ ਦੇ ਨਾਮਵਰ ਖਿਡਾਰੀ ਹਕੀਮਪੁਰ ਪੇਂਡੂ ਖੇਡ ਮੇਲੇ ਦੇ ਮੁੱਖ ਪ੍ਰਬੰਧਕ ਮਲਕੀਅਤ ਸਿੰਘ ਪੂਰੇਵਾਲ ਦੀ ਸੰਖੇਪ ਬਿਮਾਰੀ ਬਾਅਦ ਮੌਤ ਹੋ ਗਈ, ਜਿਸ ਦੀ ਖਬਰ ਸੁਣਦਿਆਂ ਹੀ ਦੇਸ਼-ਵਿਦੇਸ਼ ਦੇ ਖੇਡ ਪ੍ਰੇਮੀਆਂ ਨੇ ਗਹਿਰਾ ਦੁੱਖ ਪ੍ਰਗਟ ਕੀਤਾ। ਪਿਛਲੇ ਸਮੇਂ ਉਹਨਾਂ ਦੇ ਨੌਜਵਾਨ ਪੁੱਤਰ ਕਬੱਡੀ ਖਿਡਾਰੀ ਹਰਮਨ ਪੂਰੇਵਾਲ ਤੇ ਭਤੀਜੇ ਚਮਕੌਰ ਪੂਰੇਵਾਲ ਦੀ ਇਕੱਠਿਆਂ ਮੌਤ ਹੋ ਗਈ, ਜਿਸ ਕਰਕੇ ਉਦੋਂ ਤੋਂ ਬੈਡ 'ਤੇ ਸੀ। 1977 ਵਿਚ ਅੰਤਰ ਰਾਸ਼ਟਰੀ ਕਬੱਡੀ ਟੂਰਨਾਮੈਂਟ ਵੈਨਕੂਵਰ ਇੰਗਲੈਂਡ ਦੀ ਟੀਮ ਖਿਲਾਫ ਕੈਨੇਡਾ ਦੀ ਕਬੱਡੀ ਟੀਮ ਵਿਚ ਤਿੰਨੇ ਭਰਾ ਮਲਕੀਅਤ, ਚਰਨ ਸਿੰਘ ਤੇ ਗੁਰਜੀਤ ਪੁਰੇਵਾਲ ਖੇਡੇ ਤੇ ਸ਼ਾਨਦਾਰ ਪ੍ਰਦਰਸ਼ਨ ਕੀਤਾ, ਜਿੱਥੇ ਮਲਕੀਅਤ ਸਿੰਘ ਪੂਰੇਵਾਲ ਨੂੰ ਬੈਸਟ ਰੇਡਰ ਐਲਾਨਿਆ। ਉਹ ਸ਼ਾਂਤ ਸੁਭਾਅ ਦੇ ਮਿਲਣਸਾਰ ਇਨਸਾਨ ਸਨ ਜੋ ਪੁਰੇਵਾਲ ਪਰਿਵਾਰ ਦੇ ਮੁਖੀ ਸਨ। ਨੈਸ਼ਨਲ ਕਾਲਜ ਬੰਗਾ 'ਚ ਆਲ ਇੰਡੀਆ ਇੰਟਰ ਵਰਸਿਟੀ ਦੇ ਕੁਸ਼ਤੀ ਚੈਂਪੀਅਨ ਬਣੇ ਅਤੇ 1970 ਵਿਚ ਕੈਨੇਡਾ ਆ ਗਏ। ਸਿਆਟਲ ਤੋਂ ਪੰਜਾਬ ਸਪੋਰਟਸ ਕਲੱਬ ਦੇ ਸਾਬਕਾ ਪ੍ਰਧਾਨ ਬਲਜੀਤ ਸੋਹਲ, ਪਿੰਟੂ ਬਾਰ, ਚੰਨ ਆਲਮਗੀਰ, ਕੁਲਵੰਤ ਸ਼ਾਹੀ ਸਮੇਤ ਡੁਬਈ ਤੋਂ ਐਸ. ਪੀ. ਸਿੰਘ ਉਬਰਾਏ, ਕੈਲੇਫੋਰਨੀਆ ਤੋਂ ਹਰਦੂਮਨ ਸਿੰਘ ਬਿੱਲਾ ਸੰਘੇੜਾ, ਅਜੀਤ ਸਿੰਘ ਸੰਧੂ, ਗੁਰਜਤਿੰਦਰ ਸਿੰਘ ਰੰਧਾਵਾ, ਯੂ. ਕੇ. ਤੋਂ ਗੁਰਪਾਲ ਸਿੰਘ ਮੱਡਾ ਪਹਿਲਵਾਨ, ਟਰਾਂਟੋ ਤੋਂ ਸੁਖਜਿੰਦਰ ਸਿੰਘ ਪੱਡਾ, ਗੁਰਦੇਵ ਸਿੰਘ ਰੰਧਾਵਾ, ਰੇਸ਼ਮ ਸਿੰਘ, ਪ੍ਰਿੰਸੀਪਲ ਸਰਵਣ ਸਿੰਘ ਢੁੱਡੀਕੇ, ਵੈਨਕੂਵਰ ਤੋਂ ਸੰਤੋਖ ਸਿੰਘ ਮੰਡੇਰ, ਸਤਨਾਮ ਸਿੰਘ ਜੌਹਲ ਸਮੇਤ ਸਮੂਹ ਕਬੱਡੀ ਕਲੱਬਾਂ ਨੇ ਪਰਿਵਾਰ ਨਾਲ ਦੁੱਖ ਪ੍ਰਗਟ ਕੀਤਾ।



# ਲੇਖਕ ਅਤੇ ਪੱਤਰਕਾਰ ਹਰਵਿੰਦਰ ਰਿਆੜ ਦਾ ਅੰਤਿਮ ਸੰਸਕਾਰ ਨਿਊਜਰਸੀ ਦੇ ਸ਼ਹਿਰ ਕਾਰਟਰੇਟ 'ਚ 3 ਅਪ੍ਰੈਲ ਨੂੰ ਹੋਵੇਗਾ

**ਨਿਊਜਰਸੀ (ਰਾਜ ਗੋਗਨਾ)–** ਵਿਸ਼ਵ ਪ੍ਰਸਿੱਧ ਪੱਤਰਕਾਰ ਲੇਖਕ ਤੇ ਪੰਜਾਬੀ ਰਾਈਟਰ ਵੀਕਲੀ ਅਖ਼ਬਾਰ ਤੇ ਬਾਜ਼ ਟੀ.ਵੀ. ਚੈਨਲ ਦੇ ਆਨਰੇਰੀ ਮੁੱਖ ਸੰਪਾਦਕ ਹਰਵਿੰਦਰ ਰਿਆੜ (49 ) ਸਾਲ ਜਿੰਨਾਂ ਦਾ ਪਿਛੋਕੜ ਜਿਲਾ ਜਲੰਧਰ ਦੇ ਪਿੰਡ ਕੰਡਿਆਲ਼ਾ ਮੰਜਕੀ ਤੋ ਸੀ। ਜੋ ਲੰਘੀ 26 ਮਾਰਚ ਨੂੰ ਦਿਲ ਦਾ ਦੌਰਾ ਪੈਣ ਕਾਰਨ ਅਕਾਲ ਚਲਾਣਾ ਕਰ ਗਏ ਸਨ। ਉਹਨਾਂ ਦੇ ਸਪੁੱਤਰ ਅਰਜਨ ਰਿਆੜ ਨੇ ਭਰੇ ਮਨ ਨਾਲ ਸਾਡੇ ਪੱਤਰਕਾਰ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਿਤੀ 1 ਅਪ੍ਰੈਲ ਨੂੰ ਹਰਵਿੰਦਰ ਰਿਆੜ ਦੀ ਆਤਮਕ ਸ਼ਾਂਤੀ ਲਈ ਰਿਆੜ ਤੇ ਗਰੇਵਾਲ ਪਰਿਵਾਰ ਵਲੋਂ ਗੁਰਦੁਆਰਾ ਸਿੰਘ ਸਭਾ ਕਾਰਟਰੇਟ, ਨਿਊਜਰਸੀ 941, ਪੋਰਟ ਰੀਡਿੰਗ ਐਵਨਿਊ, ਪੋਰਟ ਰੀਡਿੰਗ ਨਿਊਜਰਸੀ (07064) ਵਿਖੇ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਕਰਵਾਏ ਜਾਣਗੇ।ਇਸੇ ਦਿਨ ਹੀ ਸ਼ਾਮ 6:00 ਤੋਂ 8:00 ਵਜੇ ਤੱਕ ਮ੍ਰਿਤਕ ਦੇਹ ਦੇ ਦਰਸ਼ਨ ਕਰਵਾਏ ਜਾਣਗੇ।ਅਤੇ ਮਿਤੀ 3 ਅਪ੍ਰੈਲ, ਦਿਨ ਸ਼ਨੀਵਾਰ ਸਵੇਰੇ 10:00 ਤੋਂ 12:00 ਵਜੇ ਤੱਕ ਮ੍ਰਿਤਕ ਦੇਹ ਦੇ ਅੰਤਿਮ ਦਰਸ਼ਨਾਂ ਉਪਰੰਤ 1 ਵਜੇ ਚੁਬੇਨਕੋ ਫਿਊਨਰਲ ਹੋਮ, 625 ਪੋਰਟ ਰੀਡਿੰਗ ਐਵਨਿਊ ਨਿਊਜਰਸੀ (07064) ਵਿਖੇ ਅੰਤਿਮ ਸੰਸਕਾਰ ਹੋਵੇਗਾ।ਅਤੇ ਬਾਅਦ ਦੁਪਹਿਰ 2:00 ਵਜੇ ਗੁਰਦੁਆਰਾ ਸਿੰਘ ਸਭਾ ਕਾਰਟਰੇਟ (ਨਿਊਜਰਸੀ) ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਅਰਜਨ ਰਿਆੜ ਨੇ ਭਰੇ ਮਨ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਹਨਾਂ ਦੇ ਪਿਤਾ ਹਰਵਿੰਦਰ ਰਿਆੜ ਸਾਰੀ ਉਮਰ ਪੱਤਰਕਾਰਤਾ ਨਾਲ ਜੁੜੇ ਰਹੇ ਅਤੇ ਉਹਨਾਂ ਆਪਣੀ ਮਿਹਨਤ ਦੇ ਪਸੀਨੇ ਨਾਲ ਪੰਜਾਬੀ ਰਾਈਟਰ ਵੀਕਲੀ ਅਖ਼ਬਾਰ ਅਤੇ ਬਾਜ਼ ਟੀ.ਵੀ. ਚੈਨਲ ਰੂਪੀ ਬੂਟਿਆਂ ਨੂੰ ਸਿਰਜਿਆ ਹੈ ਤੇ ਮੈਂ ਉਹਨਾਂ ਦੀ ਯਾਦ ਨੂੰ ਕਾਇਮ ਰੱਖਣ ਲਈ ਉਹਨਾਂ ਦੀ ਪੱਤਰਕਾਰਤਾ ਵਿਰਾਸਤ ਨੂੰ ਅੱਗੇ ਤੋਰਨ ਲਈ ਵਚਨਬੱਧ ਹਾਂ ਅਤੇ ਮੈਨੂੰ ਆਸ ਹੈ ਕਿ ਜਿਹੜੇ ਸੱਜਣ ਮੇਰੇ ਪਿਤਾ ਜੀ ਦਾ ਸਹਿਯੋਗ ਕਰਦੇ ਰਹੇ ਹਨ ਉਹ ਮੇਰਾ ਵੀ ਸਾਥ ਵੀ ਉਸੇ ਤਰਾਂ ਦੇਣਗੇ।ਸੰਸਕਾਰ ਸਬੰਧੀ ਹੋਰ ਜਾਣਕਾਰੀ ਲਈ ਉਹਨਾਂ ਜੱਬਰ ਸਿੰਘ ਗਰੇਵਾਲ ਫ਼ੋਨ ਨੰ: (917-453-6486) ਜਾਂ ਬਰਜਿੰਦਰ ਸਿੰਘ ਬਰਾੜ (732-620-8112) ਨਾਲ ਸੰਪਰਕ ਕੀਤਾ ਜਾ ਸਕਦਾ ਹੈ।





**ਇਕ ਹੋਰ ਸੁਰੀਲੀ ਆਵਾਜ਼ ਖ਼ਾਮੋਸ਼**

ਨਾਮਵਰ ਨੌਜਵਾਨ ਗਾਇਕ ਦਿਲਜਾਨ

ਅਚਾਨਕ ਸੜਕ ਹਾਦਸੇ 'ਚ ਸਦੀਵੀ ਵਿਛੋੜਾ ਦੇ ਗਿਆ!

**ਅਮਰੀਕਾ ਰਹਿੰਦੇ ਪੰਜਾਬੀ ਪੱਤਰਕਾਰ, ਲੇਖਕ ਹਰਵਿੰਦਰ ਰਿਆੜ ਦਾ ਦਿਲ ਦਾ ਦੋਰਾ ਪੈਣ ਕਾਰਨ ਦਿਹਾਂਤ!**

ਅਦਾਰਾ 'ਦੇਸ਼ ਦੁਆਬਾ' ਸਵਰਗੀ ਦਿਲਜਾਨ ਅਤੇ ਪੰਜਾਬੀ ਮੀਡੀਆ ਦੀ ਨਾਮਵਰ ਸਖਸ਼ੀਅਤ ਹਰਵਿੰਦਰ ਰਿਆੜ ਦੀ ਬੇਵਕਤੀ ਮੌਤ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਾ ਹੈ।



# ਕੱਲ੍ਹ ਸ਼ਾਮੀਂ ਸ਼ਾਇਰ ਵੀਰ ਖ਼ੁਰਸ਼ੀਦ ਯਾਦ ਆਇਆ

ਪੰਜਾਬੀ ਕਵੀ ਤੇ ਸਮਰੱਥ ਕਹਾਣੀਕਾਰ ਖ਼ੁਰਸ਼ੀਦ ਬੜਾ ਥੋੜਾ ਸਮਾਂ ਜੀਵਿਆ। ਉਸ ਦਾ ਜੱਦੀ ਪਿੰਡ ਸਾਰਚੂਰ ਸੀ ਗੁਰਦਾਸਪੁਰ ਜ਼ਿਲ੍ਹੇ ਦੀ ਬਟਾਲਾ ਤਹਿ-ਸੀਲ ਵਿੱਚ ਅਲੀਵਾਲ ਨੇੜੇ। ਉਹ ਮੇਰੇ ਵੱਡੇ ਵੀਰ ਪ੍ਰੋ: ਸੁਖਵੰਤ ਸਿੰਘ ਗਿੱਲ ਤੇ ਪੰਜਾਬੀ ਕਵੀ ਪ੍ਰੋ: ਊਧਮ ਸਿੰਘ ਸ਼ਾਹੀ ਤੇ ਸੁਰਿੰਦਰ ਕਾਹਲੋਂ ਦਾ ਸਹਿਪਾਠੀ ਸੀ ਬੇਰਿੰਗ ਯੂਨੀਅਨ ਕਰਿਸਚਨ ਕਾਲਿਜ ਬਟਾਲਾ ਵਿੱਚ। ਗਰੈਜੂਏਸ਼ਨ ਕਰਕੇ ਅੰਮ੍ਰਿਤਸਰ ਐੱਮ ਏ ਕਰਨ ਚਲਾ ਗਿਆ। ਬਾਦ ਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਬਣਨ ਤੇ ਪੰਜਾਬੀ ਵਿਭਾਗ ਚ ਰੀਸਰਚ ਫੈਲੋ ਬਣ ਗਿਆ।



ਕਾਵਿ ਸਿਰਜਣਾ ਵਿੱਚ ਉਸ ਦੀ ਵਧੇਰੇ ਪਛਾਣ ਅੰਮ੍ਰਿਤਾ ਪ੍ਰੀਤਮ ਦੇ ਮਾਸਿਕ ਪੱਤਰ ਨਾਗਮਣੀ 'ਚ ਛਪਣ ਕਰਕੇ ਬਣੀ। ਉਹ ਨਾਗਮਣੀ ਦਾ ਪੱਕਾ ਲੇਖਕ ਸੀ। ਕਵਿਤਾਵਾਂ ਤੇ ਕਹਾਣੀਆਂ ਲਿਖਦਾ ਸੀ ਉਹ।

ਅੰਮ੍ਰਿਤਸਰ ਵਾਸ ਦੌਰਾਨ ਉਹ ਮੋਹਨਜੀਤ, ਨਿਰਮਲ ਅਰਪਨ, ਪ੍ਰਮਿੰਦਰਜੀਤ, ਸਬਿੰਦਰਜੀਤ ਸਾਗਰ, ਗੁਲ ਚੌਹਾਨ, ਲੋਕ ਨਾਥ , ਮੁਖਤਾਰ ਗਿੱਲ ਤੇ ਹੋਰ ਸਥਾਨਕ ਲੇਖਕਾਂ ਦਾ ਵਿਸ਼ਵਾਸ ਪਾਤਰ ਬਣਿਆ। ਦਸੰਬਰ 1972 ਚ ਉਸ ਦੀ ਪਹਿਲੀ ਕਾਵਿ ਪੁਸਤਕ ਅੰਦਰਲੇ ਕਿਰਦਾਰ ਲੋਕ ਸਾਹਿੱਤ ਪ੍ਰਕਾਸ਼ਨ ਵਲੋਂ ਸ: ਕੁਲਵੰਤ ਸਿੰਘ ਸੂਰੀ ਜੀ ਨੇ ਛਾਪੀ। ਉਸ ਦੇ ਕਹਾਣੀ ਸੰਗ੍ਰਹਿ ਰਾਤ ਕੋਹਰਾ ਤੇ ਮੈਂ ਦਾ ਵੀ ਜ਼ਿਕਰ ਮਿਲਦਾ ਹੈ। ਇਵੇਂ ਹੀ ਖੋਜ ਪੁਸਤਕ ਆਧੁਨਿਕ ਪੰਜਾਬੀ ਕਵਿਤਾ ਵਿੱਚ ਨਵੀਨ ਪ੍ਰਵਿਰਤੀਆਂ ਦਾ ਵੀ ਪਤਾ ਲੱਗਾ ਹੈ।

ਕੁੱਲ 25 ਕਵਿਤਾਵਾਂ ਦਾ ਸੰਗ੍ਰਹਿ ਖ਼ੁਰਸ਼ੀਦ ਦੀ ਸਾਡੇ ਕੋਲ ਕਾਵਿ ਨਿਸ਼ਾਨੀ ਹੈ। ਦੋਸਤ ਦੱਸਦੇ ਹਨ ਕਿ ਡਾਕਟਰੇਟ ਕਰਦਿਆਂ ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਚ ਕਿਸੇ ਸਾਜ਼ਿਸ਼ ਦਾ ਸਿਕਾਰ ਹੋ ਗਿਆ ਜਿਸ ਕਾਰਨ ਉਸ ਨੂੰ ਥੀਸਿਸ ਲਿਖਣ ਦੇ ਬਾਵਜੂਦ ਡਿਗਰੀ ਵਿੱਚ ਹੀ ਛੱਡਣੀ ਪਈ। ਬਾਦ 'ਚ ਉਸ ਡਿਗਰੀ ਤਾਂ ਮੁਕੰਮਲ ਕਰ ਲਈ ਪਰ ਅੰਦਰੋਂ ਟੁੱਟ ਗਿਆ।

ਚੰਗਾ ਪ੍ਰਬੁੱਧ ਕਵੀ, ਕਹਾਣੀਕਾਰ ਤੇ ਖੋਜਕਾਰ ਸੇਂਟ ਫਰਾਂਸਿਸ ਸਕੂਲ ਚ ਪੜ੍ਹਾਉਣ ਲੱਗ ਪਿਆ ਪਰ ਸਾਹਿੱਤਕ ਤੇ ਵਿਦਿਅਕ ਸਰਗਰਮੀਆਂ ਤੋਂ ਕਿਨਾਰਾ ਕਰ ਗਿਆ। ਸਾਡੀ ਅਣਗਹਿਲੀ ਦਾ ਆਲਮ ਇਹ ਹੈ ਕਿ ਪੰਜਾਬੀ ਲੇਖਕ ਕੋਸ਼ ਵਿੱਚ ਵੀ ਉਸ ਦਾ ਨਾਮ ਪਤਾ ਨਹੀਂ ਹੈ।

ਕਿੰਨੇ ਹੀ ਅਜਿਹੇ ਲੇਖਕ ਹੋਰ ਹਨ ਜਿੰਨ੍ਹਾਂ ਨੂੰ ਅਸੀਂ ਵਿਸਾਰ ਚੁਕੇ ਹਾਂ। ਮਿਸਾਲ ਵਜੋਂ ਸਿਰਫ਼ ਅੰਮ੍ਰਿਤਸਰ ਚੋਂ ਹੀ ਕਰਤਾਰ ਸਿੰਘ ਬਲੱਗਣ, ਵਿਧਾਤਾ ਸਿੰਘ ਤੀਰ, ਹਰਸਾ ਸਿੰਘ ਚਾਤਰ, ਧਨਵੰਤ ਸਿੰਘ ਸੀਤਲ, ਅਮਰ ਚਿਤਰਕਾਰ, ਵਰਿਆਮ ਅਸਰ, ਰਾਜਬੀਰ, ਖ਼ੁਸ਼ਵੰਤ ਕੰਵਲ, ਸੁਖਬੀਰ ਸੰਧੂ, ਬਚਨਜੀਤ ਕਦੇ ਚੇਤੇ ਨਹੀਂ ਆਉਂਦੇ। ਖ਼ੁਰਸ਼ੀਦ ਦੀਆਂ ਦੋ ਤਸਵੀਰਾਂ ਵੱਡੇ ਵੀਰ ਮੁਖਤਾਰ ਗਿੱਲ ਨੇ ਪ੍ਰੀਤਨਗਰ ਤੋਂ ਭੇਜੀਆਂ ਨੇ, ਧੰਨਵਾਦ! ਤੁਸੀਂ ਵੀ ਆਪਣੇ ਰੀਕਾਰਡ ਚ ਸੁਰੱਖਿਅਤ ਕਰ ਲੈਣਾ।

ਮਾਸਿਕ ਪੱਤਰਾਂ ਨਾਗਮਣੀ ,ਅੱਖਰ , ਸਰਦਲ ਤੇ ਲੋਅ ਚ ਉਸ ਦੀਆਂ ਬਹੁਤ ਕਵਿਤਾਵਾਂ ਛਪਦੀਆਂ ਰਹੀਆਂ। ਕਹਾਣੀਆਂ ਵੀ। ਕੋਈ ਡਾ. ਨਰੇਸ਼ ਸ਼ਰਮਾ ਵਰਗਾ ਹਿੰਮਤੀ ਨੌਜਵਾਨ ਇਹ ਲੱਭਣ ਚ ਮਦਦ ਕਰ ਸਕੇ ਤਾਂ ਧੰਨਵਾਦੀ ਹੋਵਾਂਗਾ। ਖ਼ੁਰਸ਼ੀਦ ਦੀਆਂ ਹੋਰ ਰਚਨਾਵਾਂ ਦੀ ਕਿਸੇ ਕੋਲ ਜਾਣਕਾਰੀ ਹੋਵੇ ਤਾਂ ਦੱਸਣਾ।

**– ਗੁਰਭਜਨ ਗਿੱਲ 91-98726 31199**

# ਅਮਰੀਕਾ ਰਹਿੰਦੇ ਪੰਜਾਬੀ ਪੱਤਰਕਾਰ ਹਰਵਿੰਦਰ ਰਿਆੜ ਦਾ ਦਿਲ ਦਾ ਦੋਰਾ ਪੈਣ ਕਾਰਨ ਦਿਹਾਂਤ



**ਨਿਊਜਰਸੀ, 28 ਮਾਰਚ (ਰਾਜ ਗੋਗਨਾ)–** ਅਮਰੀਕਾ ਦੇ ਸੂਬੇ ਨਿਊਜਰਸੀ ਦੇ ਸ਼ਹਿਰ ਕਾਰਟਰੇਟ ਚ' ਰਹਿੰਦੇ ਰਾਈਟਰ ਵੀਕਲੀ ਅਤੇ ਵੈੱਬ ਚੈੱਨਲ ਬਾਜ਼ ਦੇ ਸੰਪਾਦਕ ਹਰਵਿੰਦਰ ਰਿਆੜ ਦਾ ਲੰਘੀ ਸ਼ਵੇਰ ਨੂੰ ਦਿਲ ਦਾ ਦੋਰਾ ਪੈਣ ਕਾਰਨ ਅਕਾਲ ਚਲਾਣਾ ਕਰ ਗਏ। ਰਿਆੜ ਦੀ ਇਸ ਬੇਵਕਤ ਮੋਤ ਨੇ ਪੂਰੇ ਅਮਰੀਕਾ ਦੇ ਭਾਈਚਾਰੇ ਨੂੰ ਝੰਜੋੜ ਕੇ ਰੱਖ ਦਿੱਤਾ। ਕਲਮ ਦਾ ਜਾਦੂਗਰ ਪੱਤਰਕਾਰ ਹਰਵਿੰਦਰ ਰਿਆੜ ਪੰਜਾਬੀ ਬੋਲੀ, ਪੰਜਾਬ ਦੇ ਮਸਲਿਆਂ ਲਈ ਨਿੱਡਰਤਾ ਨਾਲ ਬੋਲਦੇ ਤੇ ਲਿਖਦੇ ਸਨ। ਸੰਨ 2002 ਚ' ਉਹਨਾਂ ਨੇ ਅਮਰੀਕਾ ਦੀ ਧਰਤੀ ਤੇ ਪੈਰ ਰੱਖਿਆਂ ਅਤੇ ਇੱਥੇ ਉਹਨਾਂ ਹਫਤਾਵਾਰੀ ਪੰਜਾਬੀ ਰਾਈਟਰ ਨਾਂ ਦਾ ਅਖਬਾਰ ਕੱਢਦੇ ਸਨ।ਅਤੇ ਵੈੱਬ ਚੈਨਲ ਬਾਜ਼ ਵੀ ਚਲਾਉਂਦੇ ਸਨ। ਦੁਆਬੇ ਤੋ ਜਿਲ੍ਹਾ ਜਲੰਧਰ ਦਾ ਮਸ਼ਹੂਰ ਪਿੰਡ ਜੰਡਿਆਲਾ ਮੰਜਕੀ ਨਾਲ ਪਿਛੋਕੜ ਰੱਖਣ ਵਾਲੇ ਹਰਵਿੰਦਰ ਰਿਆੜ ਦੀ ਮੋਤ ਦੀ ਖ਼ਬਰ ਸੁਣ ਕੇ ਈਸ਼ਟ ਕੋਸਟ ਦੇ ਸਮੂੰਹ ਪੱਤਰਕਾਰ ਭਾਈਚਾਰੇ ਚ' ਸੋਗ ਦੀ ਲਹਿਰ ਦੋੜ ਗਈ ਸਵ: ਰਿਆੜ ਬੜੇ ਮਿਲਣਸਾਰ ਮਿੱਠਬੋਲੜੇ ਅਤੇ ਹਰੇਕ ਵਰਗ ਦੇ ਗੂੜੇ ਹਮਦਰਦ ਸਨ। ਉਹ ਆਪਣੇ ਪਿੱਛੇ ਆਪਣੀ ਪਤਨੀ ਅਮਰਜੀਤ ਕੋਰ ਰਿਆੜ ਬੇਟੀ ਨਿਮਰਤਾ ਕੋਰ ਅਤੇ ਬੇਟੇ ਅਰਜਨ ਰਿਆੜ ਰੋਂਦੇ ਕੁਰਲਾਉਂਦਿਆ ਨੂੰ ਛੱਡ ਗਏ।

# ਭੰਗੜੇ ਦਾ ਉਸਤਾਦ ਤੇ ਸਿਰਮੌਰ ਸਿੱਖਿਆ ਸ਼ਾਸਤਰੀ ਪ੍ਰੋ: ਇੰਦਰਜੀਤ ਸਿੰਘ ਵਿਛੋੜਾ ਦੇ ਗਏ

## ਸਭਿਆਚਾਰਕ ਤੇ ਸਿੱਖਿਆ ਅਦਾਰਿਆਂ 'ਚ ਸੋਗ ਦੀ ਲਹਿਰ

**ਲੁਧਿਆਣਾ–** ਭੰਗੜੇ ਦੇ ਉਸਤਾਦ ਤੇ ਸਿਰਮੌਰ ਸਿੱਖਿਆ ਸ਼ਾਸਤਰੀ ਪ੍ਰੋ: ਇੰਦਰਜੀਤ ਸਿੰਘ ਅੱਜ ਸਥਾਨਕ ਸੀ ਐੱਮ ਸੀ ਹਸਪਤਾਲ ਵਿੱਚ ਵਿਛੋੜਾ ਦੇ ਗਏ ਹਨ। ਇਹ ਜਾਣਕਾਰੀ ਪੰਜਾਬ ਕਲਚਰਲ ਸੋਸਾਇਟੀ ਦੇ ਪ੍ਰਧਾਨ ਤੇ ਉਨ੍ਹਾਂ ਦੇ ਨਿਕਟਵਰਤੀ ਰਵਿੰਦਰ ਰੰਗੂਵਾਲ ਨੇ ਦਿੰਦਿਆਂ ਕਿਹਾ ਹੈ ਕਿ ਉਹ ਪਿਛਲੇ ਹਫ਼ਤੇ ਹੀ ਪ੍ਰੋ: ਇੰਦਰਜੀਤ ਸਿੰਘ ਦੇ ਇੰਗਲੈਂਡ ਵੱਸਦੇ ਸ਼ਾਗਿਰਦ ਮਲਕੀਤ ਸਿੰਘ ਗੋਲਡਨ ਸਟਾਰ ਤੇ ਲੋਕ ਗਾਇਕ ਸਰਬਜੀਤ ਚੀਮਾ ਨਾਲ ਉਨ੍ਹਾਂ ਨੂੰ ਹਸਪਤਾਲ ਚ ਵੇਖ ਕੇ ਆਏ ਸਨ। ਜਲੰਧਰ ਚ ਸੜਕ ਹਾਦਸੇ ਦੌਰਾਨ ਉਹ 12 ਮਾਰਚ ਨੂੰ ਸਿਰ ਦੀ ਸੱਟ ਕਾਰਨ ਬੇਹੋਸ਼ ਹੋ ਗਏ ਸਨ ਜਿਸ ਚੋਂ ਉਹ ਆਖਰੀ ਸਾਹਾਂ ਤੀਕ ਨਾ ਉੱਭਰ ਸਕੇ।

ਪ੍ਰੋ: ਇੰਦਰਜੀਤ ਸਿੰਘ ਲਾਇਲਪੁਰ ਖਾਲਸਾ ਕਾਲਿਜ ਜਲੰਧਰ ਚ ਕਾਮਰਸ ਦੇ ਪ੍ਰੋਫੈਸਰ ਸਨ ਪਰ ਭੰਗੜੇ ਦੇ ਉਸਤਾਦ ਵਜੋਂ ਉਨ੍ਹਾਂ ਸੈਂਕੜੇ ਸ਼ਾਗਿਰਦ ਲੋਕ ਨਾਚ ਭੰਗੜਾ ਤੇ ਸੰਗੀਤ ਖੇਤਰ ਚ ਉਤਾਰੇ ਜਿੰਨ੍ਹਾਂ ਚੋਂ ਮਲਕੀਤ ਸਿੰਘ ਗੋਲਡਨ ਸਟਾਰ, ਸਰਬਜੀਤ ਚੀਮਾ, ਕ ਸ ਮੱਖਣ, ਰੂਪ ਲਾਲ ਮਕਬੂਲ ਤੋਂ ਇਲਾਵਾ ਕਈ ਗਾਇਕ ਹਨ।

ਪ੍ਰੋ: ਇੰਦਰਜੀਤ ਸਿੰਘ ਗੁਰੂ ਨਾਨਕ ਕਾਲਿਜ ਸੁਖਚੈਨਆਣਾ ਫਗਵਾੜਾ ਤੇ ਜੀ ਜੀ ਐੱਨ ਖਾਲਸਾ ਕਾਲਿਜ ਲੁਧਿਆਣਾ ਦੇ ਪ੍ਰਿੰਸੀਪਲ ਵੀ ਬਣੇ। ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਆਪ ਰਜਿਸਟਰਾਰ ਵੀ ਰਹੇ।

ਅਕਾਲੀ ਸਿਆਸਤ ਵਿੱਚ ਵੀ ਆਪ ਲੰਮਾ ਸਮਾਂ ਸਰਗਰਮ ਰਹੇ ਅਤੇ ਜ਼ਿਲ੍ਹਾ ਅਕਾਲੀ ਦਲ ਜਲੰਧਰ ਦੇ ਵੀ ਪ੍ਰਧਾਨ ਬਣੇ। ਉਨ੍ਹਾਂ ਦੇ ਵਿਛੋੜੇ ਨਾਲ ਸਭਿਆਚਾਰਕ ਤੇ ਸਿੱਖਿਆ ਅਦਾਰਿਆਂ ਚ ਸੋਗ ਦੀ ਲਹਿਰ ਫ਼ੈਲ ਗਈ ਹੈ। ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ: ਗੁਰਭਜਨ ਸਿੰਘ ਗਿੱਲ ਨੇ ਪ੍ਰੋ: ਇੰਦਰਜੀਤ ਸਿੰਘ ਦੇ ਵਿਛੋੜੇ ਤੇ ਅਫਸੋਸ ਪ੍ਰਗਟ ਕਰਦਿਆਂ ਕਿਹਾ ਹੈ ਕਿ ਅੱਜ ਦੇ ਮਨਹੂਸ ਦਿਨ ਨੇ ਸਵੇਰੇ ਸੁਰਵੰਤੇ ਨੌਜਵਾਨ ਗਾਇਕ ਦਿਲਜਾਨ ਦੀ ਮੌਤ ਦੀ ਖ਼ਬਰ ਸੁਣਾਈ ਅਤੇ ਸ਼ਾਮੀਂ ਪ੍ਰੋ: ਇੰ-ਦਰਜੀਤ ਚਲੇ ਗਏ। ਚਿਰਾਂ ਬਾਦ ਇੰਦਰਜੀਤ ਵਰਗੇ ਸਮ-ਰਪਿਤ&; ਲੋਕ ਨਾਚ ਪੇਸ਼ਕਾਰ ਆਉਂਦੇ ਹਨ ਜੋ ਪੀੜ੍ਹੀਆਂ ਨੂੰ ਪ੍ਰਭਾਵਤ ਕਰਨ। ਉਨ੍ਹਾਂ 1997 ਚ ਲਾਹੌਰ ਲੋਕ ਸੰਗੀਤ ਉਤਸਵ ਦੌਰਾਨ ਲਾਇਲਪੁਰ ਖਾਲਸਾ ਕਾਲਿਜ ਵੱਲੋਂ ਲਾਹੌਰ ਦੇ ਅਲ ਹਮਰਾ ਥੀਏਟਰ ਵਿੱਚ ਪ੍ਰੋ: ਇੰਦਰਜੀਤ ਸਿੰਘ ਦੇ ਵਿਦਿਆਰਥੀਆਂ ਦੀ ਪੇਸ਼ਕਾਰੀ ਨੂੰ ਚੇਤੇ ਕੀਤਾ ਜਿਸ ਨੂੰ ਵੇਖ ਕੇ ਲੋਕ ਗਾਇਕ ਆਰਿਫ ਲੋਹਾਰ, ਹੰਸ ਰਾਜ ਹੰਸ ਤੇ ਪੰਮੀ ਬਾਈ ਵੀ ਨੱਚ ਉੱਠੇ। ਮੈਂ ਇਸ ਦਾ ਚਸ਼ਮਦੀਦ ਹਾਂ।



ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ:ਐੱਸ ਪੀ ਸਿੰਘ,ਪੰਜਾਬੀ ਲੋਕ ਗਾਇਕ ਪੰਮੀ ਬਾਈ, ਸੁਰਿੰਦਰ ਸ਼ੀਂਦਾ, ਮੰਨਾ ਢਿੱਲੋਂ, ਪਾਲੀ ਦੇਤਵਾਲੀਆ, ਜਸਵੰਤ ਸੰਦੀਲਾ, ਸੁਰਜੀਤ ਸਪੋਰਟਸ ਅਸੋਸੀਏਸ਼ਨ ਦੇ ਪ੍ਰਧਾਨ ਪਿਰਥੀਪਾਲ ਸਿੰਘ ਬਟਾਲਾ, ਯਾਦਵਿੰਦਰ ਸਿੰਘ ਘੁੰਮਣ ਯੂ ਐੱਸ ਏ, ਕਰਮਪਾਲ ਸਿੰਘ ਢਿੱਲੋਂ, ਸਭਿਆਚਾਰਕ ਸੱਥ ਦੇ ਚੇਅਰਮੈਨ ਜਸਮੇਰ ਸਿੰਘ ਢੱਟ, ਸਕੱਤਰ ਜਨਰਲ ਡਾ: ਨਿਰਮਲ ਜੌੜਾ, ਪੰਜਾਬੀ ਸਾਹਿਤ ਅਕਾਡਮੀ ਦੇ ਪ੍ਰਧਾਨ ਪ੍ਰੋ: ਰਵਿੰਦਰ ਭੱਠਲ, ਡਾ: ਸਤੀਸ਼ ਸ਼ਰਮਾ ਸਰਪ੍ਰਸਤ, ਸਕੱਤਰ ਮਨਜਿੰਦਰ ਧਨੋਆ, ਤ੍ਰੈਲੋਚਨ ਲੋਚੀ ਤੋਂ ਇਲਾਵਾ ਕਈ ਸਭਿਆਚਾਰਕ ਹਸਤੀਆਂ ਨੇ ਪ੍ਰੋ: ਇੰਦਰਜੀਤ ਸਿੰਘ ਦੇ ਦੇਹਾਂਤ ਤੇ ਡੂੰਘਾ ਦੁੱਖ ਪ੍ਰਗਟਾਇਆ ਹੈ।

ਇਸੇ ਦੌਰਾਨ ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ, ਲੁਧਿਆਣਾ ਵੱਲੋਂ ਡਾ. ਇੰਦਰਜੀਤ ਸਿੰਘ ਦੇ ਅਕਾਲ-ਚਲਾਣੇ 'ਤੇ ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ, ਲੁਧਿਆਣਾ ਦੀ ਪ੍ਰਬੰਧਕ ਕਮੇਟੀ, ਸਮੂਹ ਸਟਾਫ ਅਤੇ ਵਿਦਿਆਰਥੀ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ ਹਨ।

# ਪੰਜਾਬੀ ਗਾਇਕ ਦਿਲਜਾਨ ਦਾ ਸੜਕ ਹਾਦਸੇ 'ਚ ਦੇਹਾਂਤ

**ਜੰਡਿਆਲਾ ਗੁਰੂ–** ਇਥੋਂ ਦੀ ਜੀਟੀ ਰੋਡ ਉੱਤੇ ਪੰਜਾਬੀ ਗਾਇਕ ਦਿਲਜਾਨ (31) ਵਾਸੀ ਕਰਤਾਰਪੁਰ ਦੀ ਬੀਤੀ ਰਾਤ ਦੋ ਵਜੇ ਸੜਕ ਹਾਦਸੇ ਵਿੱਚ ਮੌਤ ਹੋ ਗਈ। ਇਹ ਹਾਦਸਾ ਦਾਣਾ ਮੰਡੀ ਦੇ ਸਾਹਮਣੇ ਪੁਲ 'ਤੇ ਉਸ ਵੇਲੇ ਵਾਪਰਿਆ ਜਦੋਂ ਉਸ ਦੀ ਮਹਿੰਦਰਾ ਕੇਵੀਯੂ 100 ਗੱਡੀ ਸੜਕ ਕਿਨਾਰੇ ਖੜ੍ਹੇ ਟਰੱਕ ਵਿਚ ਜਾ ਵੱਜੀ। ਹਾਦਸੇ ਮੌਕੇ ਦਿਲਜਾਨ ਗੱਡੀ ਵਿੱਚ ਇਕੱਲਾ ਸੀ। ਉਹ ਜਲੰਧਰ ਤੋਂ ਅੰਮ੍ਰਿਤਸਰ ਆਪਣੇ ਨਵੇਂ ਗਾਣੇ ਦੇ ਰਿਲੀਜ਼ ਹੋਣ ਦੇ ਸਬੰਧ 'ਚ ਆ ਰਿਹਾ ਸੀ। ਹਾਦਸੇ ਦੌਰਾਨ ਦਿਲਜਾਨ ਦੀ ਕਾਰ ਦੇ ਏਅਰ ਬੈਗ ਵੀ ਖੁੱਲ੍ਹ ਗਏ ਪਰ ਦਿਲਜਾਨ ਦੀ ਜਾਨ ਨਹੀਂ ਬਚ ਸਕੀ। ਏਐੱਸਆਈ ਬਲਰਾਜ ਸਿੰਘ ਨੇ ਦੱਸਿਆ ਕਿ ਹਾਦਸੇ ਮਗਰੋਂ ਉਥੋਂ ਲੰਘ ਰਹੇ ਆਨੰਦਪੁਰ ਸਾਹਿਬ ਜਾਣ ਵਾਲੇ ਸ਼ਰਧਾਲੂਆਂ ਨੇ ਦਿਲਜਾਨ ਨੂੰ ਗੱਡੀ ਵਿੱਚੋਂ ਕੱਢ ਕੇ ਨੇੜਲੇ ਹਸਪਤਾਲ ਪਹੁੰਚਾਇਆ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਉਨ੍ਹਾਂ ਦੱਸਿਆ ਕਿ ਦਿਲਜਾਨ ਦੀ ਕਾਰ ਤੇਜ਼ ਰਫ਼ਤਾਰ ਸੀ। ਹਾਦਸੇ ਮਗਰੋਂ ਕਾਰ ਦਾ ਅਗਲਾ ਹਿੱਸਾ ਤਬਾਹ ਹੋ ਗਿਆ। ਦਿਲਜਾਨ ਦੀ ਪਤਨੀ ਅਤੇ ਬੇਟੀ 5 ਅਪਰੈਲ ਨੂੰ ਕੈਨੇਡਾ ਤੋਂ ਵਾਪਸ ਆ ਰਹੀਆਂ ਹਨ, ਉਨ੍ਹਾਂ ਦੇ ਆਉਣ ਉਪਰੰਤ ਸਸਕਾਰ ਕੀਤਾ ਜਾਵੇਗਾ। ਦਿਲਜਾਨ ਸਾਲ 2012 ਵਿਚ ਰਿਐਲਟੀ ਸ਼ੋਅ 'ਸੁਰ ਸ਼ੇਤਰ' ਦਾ ਰਨਰਜ਼ ਅੱਪ ਰਿਹਾ ਹੈ ਤੇ ਉਸ ਨੇ 'ਆਵਾਜ਼ ਪੰਜਾਬ ਦੀ' ਵਿੱਚ ਵੀ ਹਿੱਸਾ ਲਿਆ ਸੀ।

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਸੈਰ ਸਪਾਟਾ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਨੌਜਵਾਨ ਪੰਜਾਬੀ ਗਾਇਕ ਦਿਲਜਾਨ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਸ਼ੋਕ ਸੰਦੇਸ਼ ਵਿਚ ਕਿਹਾ ਕਿ ਇਸ ਸੁਰੀਲੇ ਕਲਾਕਾਰ ਦੇ ਵਿਛੋੜੇ ਨਾਲ ਸੰਗੀਤ ਪ੍ਰੇਮੀਆਂ ਅਤੇ ਸਮੁੱਚੇ ਪੰਜਾਬੀ ਜਗਤ ਨੂੰ ਵੱਡਾ ਸਦਮਾ ਪਹੁੰਚਿਆ ਹੈ।





# ਸ਼੍ਰੋਮਣੀ ਕਮੇਟੀ ਦਾ 9 ਅਰਬ 12 ਕਰੋੜ 59 ਲੱਖ ਰੁਪਏ ਦਾ ਬਜਟ ਪਾਸ

**(ਸਫਾ 6 ਦੀ ਬਾਕੀ)**

ਤੋਂ ਛੋਟ ਪ੍ਰਾਪਤ ਕਰ ਸਕਦੀਆਂ ਹਨ।

ਉਹਨਾਂ ਦੱਸਿਆ ਕਿ ਇਸ ਵਾਰ ਦੇ ਬਜਟ ਵਿਚ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਜਾਹੋ-ਜਲਾਲ ਨਾਲ ਮਨਾਉਣ ਲਈ 14 ਕਰੋੜ ਰੁਪਏ ਰੱਖੇ ਗਏ ਹਨ। ਇਸ ਤੋਂ ਇਲਾਵਾ ਕੁਦਰਤੀ ਆਫ਼ਤਾਂ ਲਈ 86 ਲੱਖ ਰੁਪਏ, ਭੇਟਾ ਰਹਿਤ ਗੁਰਮਤਿ ਸਾਹਿਤ ਛਪਵਾਉਣ ਸਮੇਤ ਧਾਰਮਿਕ ਪਰਚਿਆਂ ਅਤੇ ਧਾਰਮਿਕ ਪ੍ਰੀਖਿਆ ਪੱਤਰ ਵਿਹਾਰ ਕੋਰਸ, ਗੁਰਮਤਿ ਵਿਦਿਆਲਿਆਂ ਲਈ 27 ਕਰੋੜ 31 ਲੱਖ ਰੁਪਏ ਖਰਚੇ ਜਾਣਗੇ। ਹਾਲ ਹੀ ਵਿਚ ਸਥਾਪਿਤ ਕੀਤੀ ਗਈ ਲੜਕੀਆਂ ਦੀ ਖੇਡ ਅਕੈਡਮੀ ਲਈ 2 ਕਰੋੜ ਰੁਪਏ ਤੱਕ ਖਰਚ ਕਰਨ ਲਈ ਰਾਸ਼ੀ ਰੱਖੀ ਗਈ ਹੈ। ਸਿਕਲੀਗਰ ਤੇ ਵਣਜਾਰੇ ਸਿੱਖਾਂ ਦੇ ਨਾਲ-ਨਾਲ ਪੰਜਾਬ ਅਤੇ ਪੰਜਾਬ ਤੋਂ ਬਾਹਰਲੇ ਗੁਰਦੁਆਰਾ ਸਾਹਿਬਾਨ, ਧਾਰਮਿਕ, ਪੰਥਕ ਤੇ ਸਮਾਜ ਸੇਵੀ ਸੰਸਥਾਵਾਂ ਆਦਿ ਲਈ 9 ਕਰੋੜ 50 ਲੱਖ ਰੁਪਏ, ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਵਜ਼ੀਫਿਆਂ ਲਈ 2 ਕਰੋੜ, ਬੱਚਿਆਂ ਨੂੰ ਪ੍ਰਤੀਯੋਗੀ ਮੁਕਾਬਲਿਆਂ ਰਾਹੀਂ ਗੁਰਮਤਿ ਨਾਲ ਜੋੜਨ ਲਈ 3 ਕਰੋੜ ਰੁਪਏ ਰਾਖਵੇਂ ਕੀਤੇ ਹਨ। ਉਹਨਾਂ ਦੱਸਿਆ ਕਿ ਵਿਦਿਅਕ ਦੇ ਪ੍ਰਚਾਰ ਪ੍ਰਸਾਰ ਲਈ ਵੀ ਬਜਟ ਵਿਚ ਖਾਸ ਹਿੱਸਾ ਰੱਖਿਆ ਗਿਆ ਹੈ। ਸਿੱਖ ਰੈਫਰੈਂਸ ਲਾਇਬ੍ਰੇਰੀ ਅਤੇ ਨਵੀਆਂ ਪੁਸਤਕਾਂ ਛਪਵਾਉਣ ਲਈ ਵੀ ਰਾਸ਼ੀ ਰਾਖਵੀਂ ਰੱਖੀ ਗਈ ਹੈ। ਧਰਮੀ ਫੌਜੀਆਂ ਲਈ 1 ਕਰੋੜ ਰੁਪਏ, ਧਰਮ ਅਰਥ ਫੰਡ ਲਈ 1 ਕਰੋੜ 80 ਲੱਖ ਰੁਪਏ ਹੋਣਗੇ। ਇਸੇ ਤਰਾਂ ਹੋਰ ਵੱਖ-ਵੱਖ ਕਾਰਜਾਂ ਲਈ ਵੀ ਵਿਸ਼ੇਸ਼ ਰਾਸ਼ੀ ਦਾ ਪ੍ਰਬੰਧ ਕੀਤਾ ਗਿਆ ਹੈ।

**ਬਜਟ ਵਿਚ ਸਪੱਸ਼ਟਤਾ ਲਿਆਉਣ ਲਈ ਮੌਜੂਦਾ ਹਾਊਸ ਵਧਾਈ ਦਾ ਹੱਕਦਾਰ– ਗਿਆਨੀ ਹਰਪ੍ਰੀਤ ਸਿੰਘ**

ਬਜਟ ਇਜਲਾਸ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਪਣੇ ਸੰਬੋਧਨ ਵਿਚ ਜਿਥੇ ਸਰਬਸੰਮਤੀ ਨਾਲ ਬਜਟ ਪਾਸ ਕੀਤੇ ਜਾਣ 'ਤੇ ਵਧਾਈ ਦਿੱਤੀ, ਉਥੇ ਹੀ ਬਜਟ ਵਿਚ ਇਸ ਵਾਰ ਸਪੱਸ਼ਟਤਾ ਲਿਆਉਣ ਲਈ ਬੀਬੀ ਜਗੀਰ ਕੌਰ ਤੇ ਸਮੁੱਚੇ ਹਾਊਸ ਦਾ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਸ਼ਰੋਮਣੀ ਕਮੇਟੀ ਸਮੁੱਚੇ ਸਿੱਖਾਂ ਦੀ ਸੰਸਥਾ ਹੈ, ਪਰੰਤੂ ਦੁਖਦ ਪਹਿਲੂ ਹੈ ਕਿ ਇਸ ਨੂੰ ਤੋੜਨ ਦੀ ਸਾਜ਼ਿਸ਼ਾਂ ਸ਼ੁਰੂ ਤੋਂ ਹੁੰਦੀਆਂ ਰਹੀਆਂ। ਉਹਨਾਂ ਕਿਹਾ ਕਿ ਇਹਨਾਂ ਤਾਕਤਾਂ ਦਾ ਮੂੰਹ ਤੋੜ ਜਵਾਬ ਦੇਣਾ ਜ਼ਰੂਰੀ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਿੱਖ ਸੰਸਥਾਵਾਂ ਦੀ ਮਾਣ-ਮਰਯਾਦਾ ਨੂੰ ਬਣਾਈ ਰੱਖਣ ਅਤੇ ਇਹਨਾਂ ਦੀ ਸਲਾਮਤੀ ਲਈ ਸਮੁੱਚੀ ਸਿੱਖ ਕੌਮ ਨੂੰ ਸੁਹਿਰਦਤਾ ਨਾਲ ਯਤਨ ਕਰਨਾ ਚਾਹੀਦਾ ਹੈ। ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸ਼ਰੋਮਣੀ ਕਮੇਟੀ ਮੈਂਬਰਾਂ ਨੂੰ ਕਿਹਾ ਕਿ ਉਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 400 ਸਾਲਾ ਪ੍ਰਕਾਸ਼ ਪੁਰਬ ਸਬੰਧੀ ਪਿੰਡਾਂ ਵਿਚ ਵੱਧ ਤੋਂ ਵੱਧ ਧਰਮ ਪ੍ਰਚਾਰ ਕਰਨ।

**ਬਜਟ ਇਜਲਾਸ ਦੌਰਾਨ ਵੱਖ-ਵੱਖ ਮੈਂਬਰਾਂ ਨੇ ਕੀਤਾ ਸੰਬੋਧਨ**

ਸ਼ਰੋਮਣੀ ਕਮੇਟੀ ਦੇ ਬਜਟ ਇਜਲਾਸ ਦੌਰਾਨ ਵੱਖ-ਵੱਖ ਮੈਂਬਰਾਂ ਨੇ ਖੁੱਲ ਕੇ ਆਪਣੇ ਵਿਚਾਰ ਪ੍ਰਗਟ ਕੀਤੇ। ਬੀਬੀ ਜਗੀਰ ਕੌਰ ਨੇ ਹਰ ਮੈਂਬਰ ਨੂੰ ਬੋਲਣ ਦਾ ਮੌਕਾ ਦਿੱਤਾ, ਜਿਸ 'ਤੇ ਸਭ ਨੇ ਸੰਤੁਸ਼ਟੀ ਪ੍ਰਗਟ ਕੀਤੀ। ਸ਼ਰੋਮਣੀ ਕਮੇਟੀ ਦੇ ਮੁੱਖ ਸਕੱਤਰ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਬਜਟ ਇਜਲਾਸ ਦੀ ਆਰੰਭਤਾ ਕਰਦਿਆਂ ਬੀਬੀ ਜਗੀਰ ਕੌਰ ਨੂੰ ਕਾਰਵਾਈ ਆਰੰਭ ਕਰਨ ਦਾ ਸੱਦਾ ਦਿੱਤਾ, ਜਿਸ 'ਤੇ ਕੁਝ ਮੈਂਬਰਾਂ ਨੇ ਬੋਲਣ ਦਾ ਸਮਾਂ ਮੰਗਿਆ। ਇਸ ਦੌਰਾਨ ਸ਼ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਬਜਟ ਪਾਸ ਕਰਨ ਮਗਰੋਂ ਜਿਹੜੇ ਵੀ ਮੈਂਬਰ ਬੋਲਣਾ ਚਾਹੁਣਗੇ, ਉਹਨਾਂ ਨੂੰ ਸਮਾਂ ਦਿੱਤਾ ਜਾਵੇਗਾ। ਬਜਟ ਪਾਸ ਹੋਣ ਮਗਰੋਂ ਮੁੱਖ ਸਕੱਤਰ ਨੇ ਵੱਖ-ਵੱਖ ਮੈਂਬਰਾਂ ਨੂੰ ਬੋਲਣ ਦਾ ਸੱਦਾ ਦਿੱਤਾ, ਜਿਸ ਤਹਿਤ ਜਨਰਲ ਸਕੱਤਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸ. ਸੁਖਦੇਵ ਸਿੰਘ ਭੌਰ, ਸ. ਬਲਵਿੰਦਰ ਸਿੰਘ ਬੈਂਸ, ਬਾਬਾ ਗੁਰਪ੍ਰੀਤ ਸਿੰਘ ਰੰਧਾਵਾ, ਸ. ਮਿੱਠੂ ਸਿੰਘ ਕਾਹਨੇਕੇ, ਭਾਈ ਗੁਰਚਰਨ ਸਿੰਘ ਗਰੇਵਾਲ, ਬੀਬੀ ਕਿਰਨਜੋਤ ਕੌਰ, ਬਾਬਾ ਚਰਨਜੀਤ ਸਿੰਘ ਜੱਸੋਵਾਲ, ਬਾਬਾ ਗੁਰਮੀਤ ਸਿੰਘ ਤ੍ਰਲੋਕੇਵਾਲਾ ਨੇ ਵੱਖ-ਵੱਖ ਸਿੱਖ ਮਸਲਿਆਂ ਸਬੰਧੀ ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਬਜਟ ਦੀ ਸ਼ਲਾਘਾ ਕੀਤੀ। ਇਹਨਾਂ ਬੁਲਾਰਿਆਂ ਵੱਲੋਂ ਦਿੱਤੇ ਗਏ ਸੁਝਾਵਾਂ ਨੂੰ ਸ਼ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਸਵਾਗਤ ਕਰਦਿਆਂ ਸਹਿਯੋਗ ਦੇਣ ਲਈ ਸਭ ਦਾ ਧੰਨਵਾਦ ਕੀਤਾ।


Law Office of
NIRWAN & ASSOCIATES



www.nirwanlaw.com

Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831

A & S
Auto Repair & Services
Specializing in Brakes & Axles
Mon-Fri 9:00 AM to 6:00 PM
Saturday 9:00 AM to 5:00 PM
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics





Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

# ਬਾਬਾ ਨਿਧਾਨ ਸਿੰਘ ਨੇ ਸਿੱਖੀ ਪ੍ਰਚਾਰ, ਪ੍ਰਸਾਰ ਵਿੱਚ ਮਹਾਨ ਯੋਗਦਾਨ ਪਾਇਆ- ਜੱਲ੍ਹਾ, ਸਰੋਆ

## ਜੱਦੀ ਪਿੰਡ ਨਡਾਲੋਂ ਵਿਖੇ ਬਾਬਾ ਜੀ ਦਾ ਜਨਮ ਦਿਹਾੜਾ ਸ਼ਰਧਾ ਨਾਲ ਮਨਾਇਆ






**ਹੁਸ਼ਿਆਰਪੁਰ 27 ਮਾਰਚ–** ਬਾਬਾ ਨਿਧਾਨ ਸਿੰਘ ਜੀ ਹਜ਼ੂਰ ਸਾਹਿਬ ਵਾਲਿਆਂ ਦਾ ਜਨਮ ਦਿਹਾੜਾ ਹਰ ਸਾਲ ਦੀ ਤਰ੍ਹਾਂ ਉਹਨਾਂ ਦੇ ਜੱਦੀ ਪਿੰਡ ਨਡਾਲੋਂ ਵਿਖੇ ਗੁਰਦੁਆਰਾ ਬਾਬਾ ਨਿਧਾਨ ਸਿੰਘ ਜੀ ਬਾਬਾ ਦੀਵਾਨ ਸਿੰਘ ਵਿਖੇ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ।ਇਸ ਸਮਾਗਮ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਵੱਲੋਂ ਸਾਬਕਾ ਮੀਤ ਪ੍ਰਧਾਨ ਹਰਪਾਲ ਸਿੰਘ ਜੱਲ੍ਹਾ ਨੇ ਹਾਜਰੀ ਭਰੀ। ਵਧੀਕ ਸਕੱਤਰ ਡਾ.ਪਰਮਜੀਤ ਸਿੰਘ ਸਰੋਆ ਨੇ ਕਿਹਾ ਕਿ ਬਾਬਾ ਨਿਧਾਨ ਸਿੰਘ ਜੀ ਨੇ ਸੇਵਾ ਸਿਮਰਨ ਕਰਦਿਆਂ ਪਰਉਪਕਾਰੀ ਭਾਵਨਾ ਰਾਹੀਂ ਸਿੱਖ ਪ੍ਰਚਾਰ ਪ੍ਰਸਾਰ ਵਿੱਚ ਮਹਾਨ ਯੋਗਦਾਨ ਪਾਇਆ, ਜਿਸਨੂੰ ਭੁਲਾਇਆ ਨਹੀਂ ਜਾ ਸਕਦਾ।ਸਮਾਗਮ ਮੌਕੇ ਬਾਬਾ ਨਿਧਾਨ ਸਿੰਘ ਜੀ ਇੰਟਰਨੈਸ਼ਨਲ ਸੁਸਾਇਟੀ ਵੱਲੋਂ ਤਿਆਰ ਕੈਲੰਡਰ ਅਤੇ ਪੈਂ-



ਫਲਟ ਵੀ ਵੰਡੇ ਗਏ। ਗਰੀਬ ਦਾ ਮੂੰਹ ਗੁਰੂ ਦੀ ਗੋਲਕ, ਸੰਸਥਾ ਵੱਲੋਂ ਖ਼ੂਨਦਾਨ ਕੈਂਪ ਵੀ ਲਾਇਆ ਗਿਆ। ਸਮਾਗਮ ਵਿੱਚ ਆਈਆਂ ਸੰਗਤਾਂ ਨੂੰ ਭਾਈ ਕਰਮ ਸਿੰਘ ਜਲੰਧਰ ਅਤੇ ਭਾਈ ਸੁਖਦੇਵ ਸਿੰਘ ਨਡਾਲੋਂ ਦੇ ਕੀਰਤਨੀ ਜੱਥਿਆਂ ਵੱਲੋਂ ਗੁਰਬਾਣੀ ਦੇ ਮਨੋਹਰ ਕੀਰਤਨ ਰਾਹੀਂ ਨਿਹਾਲ ਕੀਤਾ। ਕਥਾਵਾਚਕ ਡਿਪਟੀ ਸਿੰਘ ਤਰਨਤਾਰਨ ਵੱਲੋਂ ਕਥਾ ਵਿਚਾਰ ਕੀਤੀ ਗਈ। ਸਟੇਜ ਸਕੱਤਰ ਦੀ ਸੇਵਾ ਜੈ ਦੀਪ ਸਿੰਘ ਨੇ ਬਾਖ਼ੂਬੀ ਨਿਭਾਈ। ਪੰਥ ਪ੍ਰਸਿੱਧ ਢਾਡੀ ਤਰਸੇਮ ਸਿੰਘ ਮੋਰਾਂਵਾਲੀ ਦੇ ਜਥੇ ਨੇ ਵਾਰਾਂ ਰਾਹੀਂ ਬਾਬਾ ਨਿਧਾਨ ਸਿੰਘ ਦੇ ਜੀਵਨ ਨੂੰ ਦਰਸਾਉਂਦਾ ਇਤਿਹਾਸ ਸਰਵਣ ਕਰਵਾਇਆ।

ਸੰਤ ਸਰੂਪ ਸਿੰਘ ਚੰਡੀਗੜ੍ਹ ਦੇ ਜਥੇ ਵੱਲੋਂ ਵੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ।ਸਮਾਗਮ ਮੌਕੇ ਅੰਮ੍ਰਿਤ ਸੰਚਾਰ ਵੀ ਕੀਤਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਖਵਿੰਦਰ ਸਿੰਘ ਬਿੱਲਾ ਪ੍ਰਧਾਨ ਲੋਕਲ ਕਮੇਟੀ, ਪ੍ਰਿੰਸੀਪਲ ਸਤਪਾਲ ਸਿੰਘ, ਜਸਵਿੰਦਰ ਸਿੰਘ ਅਤੇ ਗੁਰਮੁੱਖ ਸਿੰਘ ਕਮੇਟੀ ਮੈਂਬਰਾਂ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

# ਕੈਪਟਨ ਸਰਕਾਰ ਪ੍ਰਸ਼ਾਸਨ ਨੂੰ ਚੁਸਤ ਦਰੁਸਤ ਬਣਾਏ ਤੇ ਜਿੰਮੇਵਾਰੀ ਸੁਨਿਸ਼ਚਿਤ ਕਰੇ- ਕੈਂਥ

ਚੰਡੀਗੜ- ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਰਗ 'ਚ ਬੇਚੈਨੀ ਅਤੇ ਡਰ-ਭੈਅ ਦਾ ਮਾਹੌਲ ਸਿਰਜਣ ਵਾਲਿਆਂ ਨੂੰ ਕਾਂਗਰਸ ਪਾਰਟੀ ਦੀ ਅਗਵਾਈ ਵਾਲੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਦੀ ਸਰਪ੍ਰਸਤੀ ਹਾਸਿਲ ਹੋਣ ਕਾਰਨ ਅਨਿਆਂ, ਅ?ਤਿਆਚਾਰ, ਗੁੰਡਾਗਰਦੀ, ਵਿਤਕਰਾ, ਬੇਇਜ਼ਤੀ ਅਤੇ ਕਤਲੇਆਮ ਕਰਨ ਵਾਲਿਆਂ ਦੇ ਹੌਸਲੇ ਬੁਲੰਦ ਹੋਣ ਦੇ ਵਿਰੁੱਧ ਰੋਸ ਦਾ ਪ੍ਰਗਟਾਵਾ ਕਰਦਿਆਂ ਨੈਸ਼ਨਲ ਸ਼ਡਿਊਲਡ ਕਾਸਟਸ ਅਲਾਇੰਸ ਦੇ ਪ੍ਰਧਾਨ ਪਰਮਜੀਤ ਸਿੰਘ ਕੈਂਥ ਨੇ ਦੱਸਿਆ ਕਿ ਪੰਜਾਬ ਵਿਚ ਪ?ਲਿਸ ਅਤੇ ਸਿਵਲ ਪ੍ਰਸ਼ਾਸਨ ਮੁੱਖ ਮੰਤਰੀ ਦੇ ਟਵਿਟਰ 'ਚ ਕਾਨੂੰਨੀ ਪ੍ਰਕਿਰਿਆ ਬਾਰੇ ਲੁਕਣਮੀਟੀ ਕਾਰਵਾਈ ਕਰ ਰਿਹਾ ਹੈ।

ਸ੍ਰ ਕੈਂਥ ਨੇ ਕਿਹਾ ਕਿ ਕੈਪਟਨ ਸਰਕਾਰ ਦੇ ਸ਼ਾ- ਸਨਕਾਲ ਵਿਚ ਦਲਿਤ ਭਾਈਚਾਰੇ ਨਾਲ ਜਬਰ ਜ਼ੁਲਮ ਦੀਆਂ ਘਟਨਾਵਾਂ ਵਿਚ ਵਾਧਾ ਹੋਇਆ ਹੈ ਅਤੇ ਪੁਲਿਸ ਪ੍ਰਸ਼ਾਸਨ ਨਿਰਪ?ਖਤਾ ਨੂੰ ਨਜ਼ਰਅੰਦਾਜ਼ ਕਰ ਰਿਹਾ ਹੈ। ਤਾਜ਼ਾ ਮਿਸਾਲ ਮੋਗਾ ਜਿਲੇ ਵਿਚ ਨੌਜਵਾਨ ਦਲਿਤ ਵਿਦਿਆਰਥਣਾਂ ਦਾ ਕਤਲੇਆਮ ਅਤੇ ਸੰਗਰੂਰ ਜ਼ਿਲਾ ਹੈ 'ਚ ਮਾਸੂਮ ਬੱਚਿਆਂ ਨੂੰ ਜਲੀਲ, ਸ਼ੋਸ਼ਣ, ਬੇਇਜ਼ਤ ਤੇ ਸਰੇਆਮ ਪਿੰਡ ਵਿਚ ਘੁੰਮ ਕੇ ਮਾਰਕੀਟ ਅਤੇ ਜੁਰਮਾਨਾ ਜਿਹੀਆਂ ਘਟਨਾਵਾਂ ਹੋਣ ਨਾਲ ਪੰਜਾਬ ਦੀ ਧਰਤੀ 'ਤੇ ਅਨਰਥ ਹੋ ਰਿਹਾ ਹੈ ਪਰ ਮੁੱਖ ਮੰਤਰੀ



ਅਮਰਿੰਦਰ ਸਿੰਘ ਦਾ ਦਫਤਰ ਅਤੇ ਡਾਇਰੈਕਟਰ ਜਰਨਲ ਪੁਲਿਸ ਦਾ ਮੁਖੀ ਅਵੇਸਲਾ ਹ? ਕੇ ਢੰਗ ਟਪਾਉਣ ਦੀ ਨੀਤੀ ਅਪਣਾ ਕੇ ਅਨੁਸੂਚਿਤ ਜਾਤੀ ਵਿਰੋਧੀ ਪੱਖ ਨੂੰ ਮਜਬੂਤ ਕਰ ਰਿਹਾ ਹੈ ਅਤੇ ਉਹਨਾਂ ਕਿਹਾ ਕਿ ਸਿਵਲ ਤੇ ਪੁਲਿਸ ਪ੍ਰਸ਼ਾਸਨ ਦਾ ਸਿਆਸੀਕਰਨ ਬੰਦ ਕੀਤਾ ਜਾਵੇ।

ਸ੍ਰ ਕੈਂਥ ਨੇ ਕਿਹਾ ਕਿ ਜਦੋਂ ਦੀ ਕੈਪਟਨ ਸਰਕਾਰ ਬਣੀ ਹੈ, ਦੀਂ ਤੱਕ ਅਨਸੂਚਿਤ ਜਾਤੀਆਂ ਦੇ ਗੰਭੀਰ ਸਮੱਸਿਆ ਤੇ ਮੰਨਦਿਆਂ ਤੇ ਵਿਚਾਰਾਂ ਚਰਚਾ ਅਤੇ ਹਿੱਤਾਂ ਦੀ ਰੱਖਿਆ ਕਰਨ ਵਾਲੀ ਵਿਜੀਲੈਂਸ ਮਾਨੀ- ਟਰਿੰਗ ਕਮੇਟੀ ਨੂੰ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਆਪਣੇ ਅਗਵਾਈ ਹੇਠ ਕਦੇ ਵੀ ਮੀਟਿੰਗ ਨਹੀਂ ਕੀਤੀ ਗਈ। ਅਨੁਸੂਚਿਤ ਜਾਤੀਆਂ ਦੀਆਂ ਘਟਨਾਵਾਂ ਅਤੇ ਸ?ਰ?ਖਿਆ ਦਾ ਮਾਮਲਾ ਗੰਭੀਰ ਅਤੇ ਚਿੰਤਾ ਦਾ ਵਿਸ਼ਾ ਬਣ ਦਾ ਜਾ ਰਿਹਾ ਹੈ। ਕੈਪਟਨ ਸਰਕਾਰ ਪ੍ਰਸ਼ਾਸਨ ਨੂੰ ਚੁਸਤ ਦਰੁਸਤ ਬਣਾਏ ਤੇ ਜਿੰਮੇਵਾਰੀ ਸੁਨਿਸ਼ਚਿਤ ਕਰੇ। ਸ੍ਰ ਕੈਂਥ ਨੇ ਕਿਹਾ ਕਿ ਅਜਿਹਾ ਨੈਸ਼ਨਲ ਸ਼ਡਿਊਲਡ ਕਾਸਟਸ ਅਲਾਇੰਸ ਕੈਪਟਨ ਸਰਕਾਰ ਦੇ ਪ੍ਰਸ਼ਾਸਨ ;ਤੇ ਕਾਂਗਰਸੀ ਰਾਜਨੀਤਕ ਆਗੂਆਂ ਦੇ ਪੱਖਪਾਤੀ ਵਤੀਰੇ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਮੁੱਖ ਮੰਤਰੀ ਦਫਤਰ ਨੂੰ ਤੁਰੰਤ ਕਾਰਵਾਈ ਕਰਦਿਆਂ ਫਾਸਟੈਰਕ ਕੋਰਟਾਂ ਦਾ ਗਠਨ ਕਰਕੇ ਦੋਸ਼ੀਆਂ ਖਿਲਾਫ ਸਖਤ ਮਿਸਾਲੀ ਕਾਰਵਾਈ ਕੀਤੀ ਜਾਵੇ।

# ਭਾਜਪਾ ਵਿਧਾਇਕ ਦੀ ਪੁਲਿਸ ਦੀ ਮੌਜੂਦਗੀ ਵਿੱਚ ਕੁੱਟਮਾਰ ਤੇ ਬੇਇੱਜ਼ਤ ਕਰਨਾ ਸ਼ਰਮਨਾਕ - ਕੈਂਥ

**ਚੰਡੀਗੜ੍ਹ 28 ਮਾਰਚ –** ਪੰਜਾਬ ' ਚ ਅਮਨ ਕਾਨੂੰਨ ਦੀ ਸਥਿਤੀ ਕਾਇਮ ਰੱਖਣ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਪਾਰਟੀ ਸਰਕਾਰ ਬੁਰੇ ਤਰੀਕੇ ਨਾਲ ਫੇਲ੍ਹ ਅਤੇ ਚਿੰਤਾਜਨਕ ਬਣ ਗਈ ਹੈ। ਪੰਜਾਬ ਵਿੱਚ ਪਹਿਲਾਂ ਤਾਂ ਅਨੁਸੂਚਿਤ ਜਾਤੀਆਂ ਦੀਆਂ ਨੂੰ ਔਰਤਾਂ ਨੂੰ ਨੰਗਾ ਕਰਕੇ ਘੁਮਾਣਾ ਤੇ ਨੌਜਵਾਨਾਂ ਨਾਲ ਕੁੱਟ ਮਾਰ ਕਰਕੇ ਪਿਸ਼ਾਬ ਪਿਲਾਉਣ ਦੀ ਘਟਨਾਵਾਂ ਅਤੇ ਲੜਕੀਆਂ ਦੀ ਸਰੇਆਮ ਕਤਲ ਤੇ ਗਰੀਬ ਪਰਿਵਾਰਾਂ ਦੇ ਬੱਚਿਆਂ ਨੂੰ ਬੇਇੱਜ਼ਤੀ ਕਰਕੇ ਸਰੇਆਮ ਪਿੰਡ ਵਿਚ ਘੁਮਾਉਣ ਆਮ ਜਿਹੀ ਗੱਲ ਬਣ ਗਈ ਹੈ ਇਹ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਨੈਸ਼ਨਲ ਸ਼ਡਿਊਲਡ ਕਾਸਟਸ ਅਲਾਇੰਸ ਪ੍ਰਧਾਨ ਪਰਮਜੀਤ ਸਿੰਘ ਕੈਂਥ ਨੇ ਕੀਤਾ ,ਉਨਾਂ ਕਿਹਾ ਕਿ ਹੁਣ ਤਾ ਹੱਦ ਹੀ ਹੋ ਗਈ ਜਦੋਂ ਅਬੋਹਰ ਤੋਂ ਭਾਰਤੀ ਜਨਤਾ ਪਾਰਟੀ ਦੇ ਵਿਧਾਇਕ ਅਰਣੁ ਨਾਰੰਗ ਨੂੰ ਕੁੱਟ ਮਾਰ ਕਰਕੇ ਅਲਫ ਨੰਗਾ ਕਰ ਦਿੱਤਾ ਇਹ ਸਾਰਾ ਕੁਝ ਪੁਲਿਸ ਦੀ ਮੌਜੂਦਗੀ ਵਿੱਚ ਸਰੇਆਮ ਲੋਕਤੰਤਰ ਦੀ ਹੱਤਿਆ ਕੀਤੀ ਅਤੇ ਪ੍ਰਦਰਸ਼ਨਕਾਰੀਆਂ ਨੂੰ ਰੋਕਣ ਵਿਚ ਪੰਜਾਬ ਦੀ ਕਾਨੂੰਨ ਵਿਵਸਥਾ ਕੰਟਰੋਲ ਤੋਂ ਬਾਹਰ ਹੋ ਗਈ ਹੈ ਇਸ ਸਾਰੀ ਘਟਨਾਵਾਂ ਵਿੱਚ ਪੰਜਾਬ ਦਾ ਪੁਲਿਸ ਤੰਤਰ ਫੇਲ੍ਹ ਹੋ ਗਈ ਡਾਇਰੈਕਟਰ ਜਰਨਲ ਆਫ ਪੁਲਿਸ ਦਾ ਹੈਡ ਕੁਆਟਰ ਕਾਂਗਰਸ ਪਾਰਟੀ ਦਾ ਅੱਡਾ ਬਣਾਉਣ ਕੈਪਟਨ ਸਰਕਾਰ ਕਾਮਯਾਬ ਹੈ। ਕਿਉਂਕਿ ਇਕੋ ਹੀ ਕਾਂਗਰਸ ਪਾਰਟੀ ਦੀ ਸੁਰੱਖਿਆ ਲਈ ਪੁਲਿਸ ਦਾ ਇਸਤੇਮਾਲ ਕੀਤਾ ਹੈ ਅਤੇ ਘਟਨਾਵਾਂ ਨੂੰ ਕਰਨ ਵਾਲਿਆਂ ਨੂੰ ਹੀ ਕਾਂਗਰਸੀ ਆਗੂਆਂ ਅਤੇ ਵਿਧਾਇਕਾਂ ਵੱਲੋਂ ਉਹਨਾਂ ਦੋਸ਼ੀਆਂ ਖਿਲਾਫ ਕਾਰਵਾਈ ਬਹੁਤ ਦੇਰੀ ਨਾਲ ਕਿਹਾ ਜਾਂਦਾ ਹੈ। ਨੈਸ਼ਨਲ ਸ਼ਡਿਊਲਡ ਕਾਸਟਸ ਅਲਾਇੰਸ ਅਜਿਹੇ ਵਿਵਹਾਰ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦਾ ਹੈ।

ਪੰਜਾਬ ਸਰਕਾਰ ਦਾ ਗ੍ਰਹਿਣ ਵਿਭਾਗ ਵੀ ਮੁੱਖ ਮੰਤਰੀ ਅਮਰਿੰਦਰ ਸਿੰਘ ਦੇ ਕੋਲ ਹੋਣ ਦੇ ਬਾਵਜੂਦ ਸਿੱਧੇ ਤੌਰ ਉੱਤੇ ਜੁਮੇਵਾਰ ਹੈ। ਪੰਜਾਬ ਦੇ ਗਵਰਨਰ ਨੂੰ ਅਜਿਹੀਆਂ ਘਟਨਾਵਾਂ ਦਾ ਗੰਭੀਰ ਨੋਟਿਸ ਲੈਣਾਂ ਚਾਹੀਦਾ ਹੈ ਅਤੇ ਪੰਜਾਬ ਦੀ ਕਾਨੂੰਨ ਵਿਵਸਥਾ ਨੂੰ ਕਾਇਮ ਰੱਖਣ ਲਈ ਸਖਤ ਕਦਮ ਚੁੱਕੇ ਜਾਣ ਦੀ ਲੋੜ ਹੈ।

# ਵਿਦੇਸ਼ਾਂ ਚ ਵਸਦੇ ਸਿੱਖਾਂ ਦੀਆਂ ਪ੍ਰੇਸ਼ਾਨੀਆਂ ਨੂੰ ਕੋਣ ਸਮਝੇ- ਨਾਰਵੇ

**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)–** ਵਿਦੇਸ਼ਾਂ ਚ ਵਸਦੇ ਸਿੱਖਾਂ ਨੂੰ ਭਾਰਤ ਸਰਕਾਰ ਨੇ ਬੈਗਾਨੇ ਹੋਣ ਦਾ ਅਹਿਸਾਸ ਕਿਸ ਕਦਰ ਕਰਵਾਇਆ ਇਸ ਦੀਆਂ ਮਿਸਾਲਾਂ ਅਕਸਰ ਅਖਬਾਰਾਂ ਦੀਆਂ ਸੁਰਖੀਆਂ ਬਣਦੀਆਂ ਰਹਿੰਦੀਆਂ ਤੇ ਪੜਨ ਨੂੰ ਵੀ ਮਿਲਦੀਆਂ ਹਨ ਤੇ ਉਨਾਂ ਸਿੱਖਾਂ ਦੀਆਂ ਮੁਸ਼ਕਿਲਾਂ ਹਨ ਉਨਾਂ ਦਾ ਹੱਲ ਹੋਣ ਦੀ ਬਜਾਏ ਆਏ ਦਿਨ ਵੱਧ ਰਹੀਆਂ ਹਨ ਤੇ ਉਨਾਂ ਦੀਆਂ ਪ੍ਰੇਸ਼ਾਨੀਆਂ ਦਾ ਕੋਈ ਅੰਤ ਵੀ ਨਹੀ ਹੈ ਇਨਾ ਵਿਚਾਰਾਂ ਦਾ ਪ੍ਰਗਟਾਵਾ ਉਘੇ ਸਮਾਜ ਸੇਵੀ ਸ੍ਰ ਗੁਰਚਰਨ ਸਿੰਘ ਨਾਰਵੇ ਨੇ ਕੀਤਾ ਨਾਰਵੇ ਨੇ ਆਖਿਆ ਕਿ ਬੇਰੁਜਗਾਰ ਦਾ ਮਾਹੌਲ ਹੋਣ ਕਾਰਨ ਰੋਜੀ ਰੋਟੀ ਦੀ ਭਾਲ ਚ ਸੰਨ 1971 ਚ ਮੈਂ ਅਨੇਕਾਂ ਮੁਸ਼ਕਿਲਾਂ ਦਾ ਸਾਹਮਣਾ ਕਰਦਾ ਹੋਇਆ ਨਾਰਵੇ ਪਹੁੰਚਾ ਉਨਾਂ ਦੱਸਿਆ ਕਿ ਫਰਕ ਸਿਰਫ ਇੰਨਾ ਹੈ ਕਿ ਆਪਣੇ ਸਿੱਖ ਧਰਮ ਨਾਲ ਪਿਆਰ ਬਹੁਤ ਪਿਆਰ ਹੈ ਤੇ ਇੱਕ ਸਿੱਖ ਹੋਣ ਦੇ ਨਾਤੇ ਹਮੇਸ਼ਾਂ ਸ਼ੱਕ ਦੇ ਕਟਿਹਰੇ ਚ ਖੜਾ ਕਰਕੇ ਰੱਖਿਆ ਜਾਂਦਾ ਪਰ ਸਿੱਖ ਹੋਣ ਦੇ ਨਾਤੇ ਉਨਾਂ ਦਾ ਜਜਬਾ ਕਦੇ ਡੋਲਣ ਨਹੀਂ ਦਿੰਦਾ ਤੇ ਆਪਣੇ ਸਵੈ -ਸਨਮਾਨ ਦੀ ਜੰਗ ਲੜਨ ਲਈ ਹਰ ਸਿੱਖ ਤਿਆਰ ਬਰ ਤਿਆਰ ਹਨ ਇਥੇ ਜਿਕਰਯੋਗ ਹੈ ਕਿ ਅੱਜ ਸਿੱਖ ਕੋਮ ਦੇਸ਼ ਚ ਆਏ ਹਰ ਸੰਕਟ ਨੂੰ ਹੱਲ ਕਰਵਾਉਣ ਹਮੇਸ਼ਾਂ ਤਿਆਰ ਰਹਿੰਦੀ ਹੈ ਸ੍ਰ ਗੁਰਚਰਨ ਸਿੰਘ ਨਾਰਵੇ ਨੇ ਦੱਸਿਆ ਕਿ ਉਹ ਇੱਕ ਵਪਾਰ ਦਾ ਬਿਜਨੈਸ ਕਰਦਾ ਹੈ ਤੇ ਉਨਾਂ ਦਾ ਪੈਕ ਕੀਤਾ ਸਮਾਨ ਹਵਾਈ ਅੱਡੇ ਉਪਰ ਫਰੋਲਿਆ ਜਾਂਦਾ ਹੈ ਤੇ ਉਸ ਨੂੰ ਸ਼ੱਕ ਦੀ ਨਿਗਾ ਨਾਲ ਦੇਖਿਆ ਜਾਂਦਾ ਹੈ ਤੇ ਦੇਸ਼ ਧਰੋਹੀ ਵੀ ਆਖ ਦਿਤਾ ਜਾਂਦਾ ਹੈ ਤੇ ਉਸ ਟਾਇਮ ਮੇਰਾ ਸਬਰ ਦਾ ਪਿਆਲਾ ਛਲਕ ਪਿਆ ਜਦੋਂ ਸਤੰਬਰ 2007 ਨੂੰ ਵਤਨ ਵਾਪਿਸ ਪਰਤਦਿਆਂ ਹਵਾਈ ਅੱਡੇ ਤੇ ਇੰ- ਮੀਗ੍ਰੇਸ਼ਨ ਅਧਿਕਾਰੀਆਂ ਨੇ ਰਾਤ ਦੇ ਦੋ ਵਜੇ ਤੋਂ ਲੈਕੇ ਚਾਰ ਵਜੇ ਤੱਕ ਬਿਨਾਂ ਵਜਾ ਪ੍ਰੇਸ਼ਾਨ ਕੀਤਾ ਗਿਆ ਇਸ ਕਸਮਕਸ਼ ਚ ਮੈਂ ਜਿਸ ਜਹਾਜ ਰਾਂਹੀ ਜਾਣਾ ਸੀ ਉਹ ਜਹਾਜ ਨਿਕਲ ਚੁੱਕਾ ਸੀ ਤੇ ਮੋਕੇ ਤੇ ਹੀ ਇੱਕ ਲੱਖ ਰੁਪਏ ਖਰਚ ਕੇ ਲੰਡਨ ਤੋਂ ਨਾਰਵੇ ਦੀ ਟਿਕਟ ਲੈਣੀ ਪਈ ਤੇ ਇਸ ਦਿਲ ਵੱਜੇ ਡੂੰਘੇ ਜਖਮ ਨੇ ਮੈਨੂੰ ਅੰਦਰ ਤੱਕ ਝੰਜੋੜ ਕੇ ਰੱਖ ਦਿਤਾ ਤੇ ਉਹ ਡੂੰਘਾਂ ਜਖਮ ਲੈ ਕੇ ਨਾਰਵੇ ਪਹੁੰਚਿਆ ਤੇ ਕੁਝ ਸਮੇਂ ਬਾਅਦ ਹੀ ਵਿਦੇਸ਼ਾਂ ਚ ਬੈਠੇ ਸਿੱਖਾਂ ਨੂੰ ਤੰਗ ਪ੍ਰੇਸ਼ਾਨ ਕਰਨ ਲਈ ਕਾਲੀ ਸੂਚੀ ਬਣਾਉਣੀ ਸ਼ੁਰੂ ਕੀਤੀ ਗਈ ਇਹ ਸਿਲਸਿਲਾ ਸੰਨ 1984 ਚ ਸ਼੍ਰੀ ਦਰਵਾਰ ਸਾਹਿਬ ਤੇ ਹੋਏ ਫੋਜੀ ਹਮਲੇ ਤੌਂ ਬਾਅਦ ਸ਼ੁਰੂ ਹੋਇਆ ਤੇ ਜੋ ਬਲਿਊ ਸਟਾਰ ਆਪਰੇਸ਼ਨ ਦੇ ਸਿੱਖਾਂ ਦੇ ਖਿਲਾਫ ਸੀ ਤੇ ਇਸ ਵਿੱਚ ਨਾਰਵੇ ਦੇ ਹਜਾਰਾਂ ਸਿੱਖ ਸ਼ਾਮਿਲ ਸਨ ਤੇ ਜਿਨਾਂ ਚ ਮੈਂ ਵੀ ਸ਼ਾਮਿਲ ਸੀ ਤੇ ਨਾਰਵੇ ਵਿੱਚ ਬਣੀ ਭਾਰਤ ਦੀ ਅੰਬੈਸੀ ਵਿੱਚ ਪਹਿਲੇ ਸੈਕਟਰੀ ਜੇਸੀ ਪੰਤ ਨੇ



ਮਈ 2006 ਵਿੱਚ ਸਰਟੀਫਿਕੇਟ ਦਿਤਾ ਗਿਆ ਕਿ ਇਸ ਕੇਸ ਵਿੱਚ ਅੰਬੇਸੀ ਦੇ ਰਿਕਾਰਡ ਮੁਤਾਬਕ ਇਸ ਵਿੱਚ ਸ਼ਾਮਿਲ ਨਹੀਂ ਸੀ ਤੇ ਮੈਨੂੰ ਮਈ 2004 ਤੋਂ 2019 ਤੱਕ ਪੀਆਈਓ ਸਰਟੀਫਿਕੇਟ ਦਿਤਾ ਗਿਆ ਤੇ ਆਖਿਰ ਆਪਣੀ ਮੁਸ਼ਕਿਲ ਨੂੰ ਹੱਲ ਕਰਵਾਉਣ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਪਟੀਸ਼ਨ ਦਾਇਰ ਕੀਤੀ ਕਿ ਮੈਨੂੰ ਪ੍ਰੇਸ਼ਾਨ ਨਾ ਕੀਤਾ ਜਾਵੇ ਤੇ ਮੈਨੂੰ ਪੰਜਾਬ ਚ ਨਿਵੇਸ਼ ਕਰਨ ਦਾ ਮੋਕਾ ਦਿਤਾ ਜਾਵੇ ਤੇ ਪੰਜਾਬੀ ਪ੍ਰਵਾਸੀਆਂ ਨੂੰ ਪੂਰਾ ਮਾਣ ਸਤਿਕਾਰ ਦੇਣ ਲਈ ਨਵਾਂ ਸ਼ਹਿਰ ਤੋਂ ਫਿਲੋਰ ਤੇ ਕਸਬਾ ਚੱਕਦਾਨਾ ਦੇ ਮੇਨ ਰੋਡ ਤੇ ਇੱਕ ਸ਼ਾਨਦਾਰ ਹੋਟਲ ਉਸਾਰਿਆਂ ਗਿਆ ਹੈ ਨਾਰਵੇ ਨੇ ਦੱਸਿਆ ਕਿ ਪਿਛੇ ਜਿਹੇ ਸੂਬਾ ਸਰਕਾਰ ਨੇ ਪ੍ਰਵਾਸੀ ਪੰਜਾਬੀ ਸੰਮੇਲਨ ਕਰਵਾਇਆਂ ਗਿਆ ਤੇ ਉਸ ਵਿੱਚ ਮੈਨੂੰ ਵੀ ਜਾਣ ਦਾ ਮੋਕਾ ਮਿਲਿਆ ਤੇ ਇਸ ਸੰਮੇਲਨ ਚ ਪੰਜਾਬੀ ਪ੍ਰਵਾਸੀਆਂ ਦੇ ਪਹਿਚਾਣ ਪੱਤਰ ਵੀ ਬਣਾਏ ਗਏ ਤਾਂ ਜੋ ਭਵਿੱਖ ਚ ਇਨਾਂ ਨੂੰ ਕੋਈ ਤੰਗ ਪ੍ਰੇਸ਼ਾਨ ਨਾ ਕੀਤਾ ਜਾਵੇ ਪਰ ਪਿਛਲੇ ਦਿਨੀ ਜਲੰਧਰ ਵਿਖੇ ਆਪਣਾ ਕਾਰਡ ਦਿਖਾਉਣ ਦੇ ਬਾਵਜੂਦ ਸੁਰੱਖਿਆ ਅਧਿਕਾਰੀਆਂ ਵਲੋ ਬਦਸਲੂਕੀ ਕੀਤੀ ਗਈ ਤੇ ਮੈਂ ਉਹ ਸ਼ਨਾਖਤੀ ਕਾਰਡ ਉਨਾਂ ਅੱਗੇ ਹੀ ਪਾੜ ਕੇ ਸੁਟ ਦਿਤਾ ਗਿਆ ਪਰ ਜੋ ਪੰਜਾਬ ਚ ਵਿਦੇਸ਼ੀ ਸਿੱਖਾਂ ਨਾਲ ਜਾਂ ਹੋਰ ਪ੍ਰਵਾਸੀ ਪੰਜਾਬੀਆਂ ਨਾਲ ਧੱਕਾ ਹੋ ਰਿਹਾ ਹੈ ਉਸ ਨੂੰ ਹੱਲ ਕਰਵਾਉਣ ਲਈ ਇਹ ਵਚਨ ਲੈਂਦੀ ਹੈ ਕਿਓਕਿ ਇਥੇ ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਦੀਆਂ ਜਮੀਨਾਂ, ਕੋਠੀਆਂ ਤੇ ਸ਼ਰੇਆਮ ਕਬਜੇ ਹੋ ਰਹੇ ਹਨ ਕੀ ਪੰਜਾਬ ਸਰਕਾਰ ਉਨਾਂ ਨੂੰ ਉਹ ਕਬਜੇ ਛੁਡਾਉਣ ਦਾ ਵਾਅਦਾ ਕਰਦੀ ਹੈ ਆਖਿਰ ਪ੍ਰਵਾਸੀ ਪੰਜਾਬੀਆਂ ਤੇ ਸਿੱਖਾਂ ਦੀਆਂ ਮੁਸ਼ਕਿਲਾਂ ਕਦੋਂ ਹੱਲ ਹੋਣਗੀਆਂ ਹੁਣ ਤਾਂ ਸਰਕਾਰਾਂ ਤੇ ਵੀ ਯਕੀਨ ਨਹੀਂ ਰਿਹਾ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

## ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ


ਗੁਰਿੰਦਰਜੀਤ ਨੀਟਾ ਮਾਛੀਕੇ


ਕੁਲਵੰਤ ਧਾਲੀਆਂ

# ਫਰਿਜ਼ਨੋ ਵਿਖੇ ਕੋਵਿਡ-19 ਦੀ ਵੈਕਸੀਨ ਦੇ ਲੱਗੇ ਕੈਂਪ 'ਤੇ ਲੋਕਾ ਨੇ ਲਵਾਏ ਟੀਕੇ

**ਫਰਿਜ਼ਨੋ, ਕੈਲੀ-ਫੋਰਨੀਆਂ** – ਦੁਨੀਆ ਵਿੱਚ ਜਦ ਵੀ ਕਦੇ ਸਮਾਜ ਸੇਵਾ ਜਾਂ ਲੋੜਬੰਦਾ ਦੀ ਮਦਦ ਦੀ ਗੱਲ ਆਉਂਦੀ ਹੈ ਤਾਂ ਪੰਜਾਬੀ ਭਾਈਚਾਰਾ ਸਭ ਤੋਂ ਅੱਗੇ ਹੋ ਸੇਵਾਵਾ ਨਿਭਾਉਂਦਾ ਹੈ। ਕਰੋਨਾ ਮਹਾਮਾਰੀ ਦੇ ਦੌਰਾਨ ਦੁਨੀਆਂ ਭਰ ਵਿੱਚ ਪੰਜਾਬੀ, ਖ਼ਾਸਕਰ ਸਿੱਖ ਭਾਈਚਾਰੇ ਨੇ ਲੋੜਬੰਦਾ ਲਈ ਲੰਗਰਾਂ ਆਦਿਕ ਦੀਆ ਸੇਵਾਵਾ ਪ੍ਰਦਾਨ ਕੀਤੀਆਂ ਅਤੇ ਕਰ ਰਹੇ ਹਨ। ਹੁਣ ਕਰੋਨਾ ਦੀ ਵੈਕਸੀਨ ਆਉਣ ਤੋਂ ਬਾਅਦ ਉਸ ਨੂੰ ਲੋਕਾ ਨੂੰ ਫਰੀ ਵੈਕਸੀਨ ਦੇਣ ਲਈ ਕੈਂਪਾਂ ਦੇ ਪ੍ਰਬੰਧ ਵੀ ਇੰਨਾਂ ਦੁਆਰਾਂ ਕੀਤੇ ਜਾ ਰਹੇ ਹਨ। ਇਸੇ ਲੜੀ ਤਹਿਤ ਸੈਂਟਰਲ ਵੈਲੀ ਦੇ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ, ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਪੜਤੇ ਸਿਲਮਾ ਦੇ ਗੁਰੂਘਰਾਂ ਵਿੱਚ ਫਰੀ ਵੈਕਸੀਨ ਦਿੱਤੀ ਗਈ। ਇਸੇ ਦੌਰਾਨ ਸਾਡੀ ਟੀਮ ਵੱਲੋਂ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਲੱਗੇ ਕੈਂਪ ਦੌਰਾਨ ਟੀਮ ਨਾਲ ਗੱਲਬਾਤ ਕੀਤੀ ਗਈ। ਜਿਸ ਵਿੱਚ ਸਿਹਤ ਮਾਹਰਾਂ ਦੀ ਇਹ ਸਲਾਹ ਸਾਹਮਾਣੇ ਆਈ ਕਿ ਸਾਨੂੰ ਵਹਿਮਾਂ-ਭਰਮਾ ਅਤੇ ਬੇਕਾਰ



ਅਫਵਾਹਾ 'ਚੋ ਬਾਹਰ ਨਿਕਲ ਕੋਵਿੰਡ ਵੈਕਸੀਨ ਜ਼ਰੂਰ ਲੈਣੀ ਚਾਹੀਦੀ ਹੈ। ਜਿਸ ਨਾਲ ਅਸੀਂ ਆਪਣੀ, ਆਪਣੇ ਪਰਿਵਾਰ ਅਤੇ ਆਲੇ-ਦੁਆਲੇ ਦੇ ਭਾਈਚਾਰੇ ਦੀ ਸੁਰੱਖਿਆ ਯਕੀਨੀ ਬਣਾ ਸਕੀਏ। ਅਮਰੀਕਾ ਵਿੱਚ ਲਾਏ ਜਾ ਰਹੇ ਤਿੰਨੋਂ ਕਿਸਮ ਦੇ ਟੀਕੇ, ਜਿੰਨਾਂ ਵਿੱਚ ਫਾਈਜ਼ਰ, ਮੈਡਰੋਨਾ ਜਾਂ ਜੌਨਸਨ ਐਂਡ ਜੌਨਸਨ ਸਿਹਤ ਵਿਭਾਗ ਵੱਲੋਂ ਮਾਨਤਾ ਪ੍ਰਾਪਤ ਹਨ। ਇਹ ਤੁਹਾਡੀ ਸਿਹਤ ਲਈ ਲਾਹੇਵੰਦ ਹਨ, ਸੋ ਕਿਸੇ ਵੀ ਟੀਕੇ ਦੀ ਡੋਜ਼ ਤੁਸੀਂ ਲੈ ਸਕਦੇ ਹੋ। ਇੱਥੇ ਇਹ ਗੱਲ ਵਰਨਣਯੋਗ ਹੈ ਕਿ ਇਸ ਗੁਰੂਘਰ ਦੁ-ਆਰਾਂ ਸਮੇਂ-ਸਮੇਂ ਸਿਹਤ ਸੰਬੰਧੀ ਅਤੇ ਖ਼ੂਨ-ਦਾਨ ਕੈਂਪ ਲਾਏ ਜਾਂਦੇ ਹਨ। ਇਸੇ ਲੜੀ ਤਹਿਤ ਸੈਂਕੜੇ ਲੋਕਾ ਨੂੰ ਪਿਛਲੇ ਮਹੀਨੇ ਕੋਵਿੰਡ-19 ਦੇ ਟੀਕੇ ਦੀ ਪਹਿਲੀ ਡੋਜ਼ ਦਿੱਤੀ ਗਈ ਸੀ ਅਤੇ ਹੁਣ ਦੂਸਰੀ ਡੋਜ਼ ਦੇ ਕੇ ਇਸ ਟੀਕੇ ਦੀ ਪ੍ਰਕਿਰਿਆ (ਵਿਧੀ) ਨੂੰ ਪੂਰਾ ਕੀਤਾ ਗਿਆ। ਪ੍ਰਬੰਧਕਾਂ ਅਨੁਸਾਰ ਭਵਿੱਖ ਵਿੱਚ ਲੱਗਣ ਵਾਲੇ ਸਿਹਤ ਸੇਵਾਵਾ ਕੈਂਪਾਂ ਬਾਰੇ ਸੰਗਤਾਂ ਨੂੰ ਜਲਦ ਦੱਸਿਆ ਜਾਵੇਗਾ।

# ਅਮਰੀਕਾ ਦੇ 90% ਬਾਲਗ 19 ਅਪ੍ਰੈਲ ਤੱਕ ਹੋਣਗੇ ਕੋਰੋਨਾ ਟੀਕੇ ਲਈ ਯੋਗ- ਜੋਅ ਬਾਈਡੇਨ

**ਫਰਿਜ਼ਨੋ, ਕੈਲੀਫੋਰਨੀਆਂ** – ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਨੇ ਸੋਮਵਾਰ ਨੂੰ ਘੋਸ਼ਣਾ ਕਰਦਿਆਂ ਕਿਹਾ ਕਿ ਸਾਰੇ ਅਮਰੀਕੀ ਬਾਲਗਾਂ ਵਿੱਚੋਂ 90% 19 ਅਪ੍ਰੈਲ ਤੱਕ ਕੋਵਿਡ -19 ਟੀਕੇ ਲਈ ਯੋਗ ਹੋ ਜਾਣਗੇ, ਜੋ ਕਿ ਪਹਿਲਾਂ ਨਿਰਧਾਰਤ ਕੀਤੇ ਗਏ ਟੀਚੇ ਤੋਂ ਲੱਗਭਗ ਦੋ ਹਫ਼ਤੇ ਪਹਿਲਾਂ ਹੈ। ਇਸਦੇ ਨਾਲ ਹੀ ਬਾਈਡੇਨ ਨੇ ਲੋਕਾਂ ਨੂੰ ਵਾਇਰਸ ਦੀਆਂ ਸਾਵਧਾਨੀਆਂ ਪ੍ਰਤੀ ਢਿੱਲ ਨਾਂ ਵਰਤਣ ਦੀ ਵੀ ਅਪੀਲ ਕੀਤੀ ਹੈ।

ਬਾਈਡੇਨ ਨੇ ਅਮਰੀਕੀਆਂ ਨੂੰ ਤਾਕੀਦ ਕੀਤੀ ਕਿ ਉਹ ਵਾਇਰਸ ਪ੍ਰਤੀ ਉਪਾਅ ਘੱਟ ਨਾ ਕਰਨ ਅਤੇ ਇਸਦੇ ਨਾਲ ਹੀ ਗਵਰਨਰਾਂ ਅਤੇ ਸਥਾਨਕ ਅਧਿਕਾਰੀਆਂ ਨੂੰ ਮਾਸਕ ਪਹਿਣ ਦੀ ਜਰੂਰਤ ਨੂੰ ਫਿਰ ਤੋਂ ਬਹਾਲ ਕਰਨ ਦੀ ਬੇਨਤੀ




ਕੀਤੀ ਹੈ।

ਬਾਈਡੇਨ ਪ੍ਰਸ਼ਾਸਨ ਅਨੁਸਾਰ ਅਮਰੀਕਾ ਵਿੱਚ 100 ਮਿਲੀਅਨ ਟੀਕੇ ਦੀਆਂ ਖੁਰਾਕਾਂ ਉਸ ਦੇ 100 ਦਿਨ ਦੇ ਮਿੱਥੇ ਹੋਏ ਟੀਚੇ ਤੋਂ ਪਹਿਲਾਂ ਲਗਾਈਆਂ ਗਈਆਂ ਹਨ,ਇਸ ਲਈ ਇਸ ਟੀਚੇ ਨੂੰ 200 ਮਿਲੀਅਨ ਖੁਰ-ਾਕਾਂ ਨਾਲ ਦੁੱਗਣਾ ਕੀਤਾ ਗਿਆ ਹੈ।

ਸੀ ਡੀ ਸੀ ਦੇ ਅਨੁਸਾਰ ਹੁਣ ਤੱਕ 145 ਮਿਲੀਅਨ ਤੋਂ ਵੱਧ ਟੀਕੇ ਦੀਆਂ ਖੁਰਾਕਾਂ ਲਗਾਈਆਂ ਜਾ ਚੁੱਕੀਆਂ ਹਨ। ਵਧੇਰੇ ਅਮਰੀਕੀਆਂ ਨੂੰ ਟੀਕੇ ਤੱਕ ਪਹੁੰਚਣ ਵਿੱਚ ਸਹਾਇਤਾ ਲਈ, ਬਾਈਡੇਨ ਨੇ ਕਿਹਾ ਕਿ ਉਹ ਕੋਵਿਡ ਟੀਮ ਨੂੰ ਸਾਰੇ ਅਮਰੀਕੀਆਂ ਦੇ 5 ਮੀਲ ਦੇ ਅੰਦਰ ਟੀਕਾਕਰਨ ਦੀਆਂ ਥਾਵਾਂ ਖੋਲ੍ਹਣ ਲਈ ਨਿਰਦੇਸ਼ ਦੇ ਰਹੇ ਹਨ। ਵ੍ਹਾਈਟ ਹਾਊਸ ਵੀ ਉਨ੍ਹਾਂ ਫਾਰਮੇਸੀਆਂ ਦੀ ਗਿਣਤੀ ਵਧਾ ਰਿਹਾ ਹੈ, ਜੋ ਟੀਕੇ ਦਾ ਪ੍ਰਬੰਧ ਕਰ ਸਕਦੀਆਂ ਹਨ।

****

# ਫਿਲਾਡੇਲਫਿਆ ਦੇ ਮਾਲ ਵਿੱਚ ਹੋਈ ਗੋਲੀਬਾਰੀ ਵਿੱਚ 1 ਦੀ ਹੋਈ ਮੌਤ

**ਫਰਿਜ਼ਨੋ (ਕੈਲੀਫੋਰਨੀਆ), 30 ਮਾਰਚ 2021**– ਅਮਰੀਕਾ ਵਿੱਚ ਹੁੰਦੀਆਂ ਗੋਲੀਬਾਰੀ ਦੀਆਂ ਘਟਨਾਵਾਂ ਵਿੱਚ ਠਹਿਰਾਉ ਨਹੀਂ ਆ ਰਿਹਾ ਹੈ। ਕੁੱਝ ਸਿਰਫਿਰੇ ਲੋਕਾਂ ਵੱਲੋਂ ਗੋਲੀਬਾਰੀ ਕਰਕੇ ਬੇਕਸੂਰ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਹੈ। ਅਜਿਹੀ ਹੀ ਇੱਕ ਗੋਲੀਬਾਰੀ ਸੋਮਵਾਰ ਨੂੰ ਫਿਲਾਡੇਲਫੀਆ ਦੇ ਇੱਕ ਮਾਲ ਵਿੱਚ ਹੋਈ ਹੈ। ਇਸ ਘਟਨਾ ਬਾਰੇ ਪੁਲਿਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੋਮਵਾਰ ਸ਼ਾਮ ਨੂੰ ਫਿਲਾਡੇਲਫੀਆ ਦੇ ਇੱਕ ਮਾਲ ਦੀ ਫੂਡ ਕੋਰਟ ਦੇ ਅੰਦਰ ਗੋਲੀਬਾਰੀ ਨਾਲ ਇੱਕ ਵਿਅਕਤੀ




ਦੀ ਮੌਤ ਹੋ ਗਈ। ਅਧਿਕਾਰੀਆਂ ਅਨੁਸਾਰ ਇਹ ਘਟਨਾ ਸ਼ਾਮ 5 ਵਜੇ ਦੇ ਕਰੀਬ ਫਿਲਡੇਲਫੀਆ ਮਿੱਲਜ਼ ਮਾਲ ਵਿਖੇ ਫੂਡ ਕੋਰਟ ਦੇ ਪ੍ਰਵੇਸ਼ ਦੁਆਰ ਤੇ ਵਾਪਰੀ। ਇਸ ਗੋਲੀਬਾਰੀ ਦੌਰਾਨ ਪੁਲਿਸ ਨੇ ਦੱਸਿਆ ਕਿ ਇੱਕ 21 ਸਾਲਾਂ ਲੜਕੇ ਨੂੰ ਛਾਤੀ ਵਿੱਚ ਕਈ ਵਾਰ ਗੋਲੀ ਮਾਰ ਦਿੱਤੀ ਗਈ, ਜਿਸ ਕਰਕੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਵਿਭਾਗ ਅਨੁਸਾਰ ਅਧਿਕਾਰੀਆਂ ਦੁਆਰਾ ਹਮਲਾਵਰ ਵਿਅਕਤੀ ਅਤੇ ਹਥਿਆਰ ਦੀ ਭਾਲ ਕਰਨ ਲਈ ਜਾਂਚ ਕੀਤੀ ਜਾ ਰਹੀ ਹੈ ਅਤੇ ਇਸ ਸ਼ਾਪਿੰਗ ਸੈਂਟਰ ਨੂੰ ਬੰਦ ਕਰ ਦਿੱਤਾ ਗਿਆ ਹੈ।

# ਟੈਨੇਸੀ ਵਿੱਚ ਆਏ ਹੜ੍ਹਾਂ ਨੇ ਲਈ 4 ਲੋਕਾਂ ਦੀ ਜਾਨ

**ਫਰਿਜ਼ਨੋ (ਕੈਲੀਫੋਰਨੀਆ), 29 ਮਾਰਚ 2021**– ਅਮਰੀਕੀ ਸੂਬੇ ਟੈਨੇਸੀ ਦੇ ਖੇਤਰਾਂ ਵਿੱਚ ਆਏ ਹੜ੍ਹਾਂ ਨੇ ਆਮ ਜਿੰਦਗੀ ਨੂੰ ਪ੍ਰਭਾਵਿਤ ਕਰਨ ਦੇ ਨਾਲ ਚਾਰ ਲੋਕਾਂ ਦੀ ਜਾਨ ਵੀ ਲਈ ਹੈ। ਅਧਿਕਾਰੀਆਂ ਦੀ ਜਾਣਕਾਰੀ ਅਨੁਸਾਰ ਇਸ ਹਫਤੇ ਦੇ ਅੰਤ ਵਿੱਚ, ਟੈਨੇਸੀ ਦੇ ਨੈਸ਼ਵਿਲ ਵਿੱਚ 7 ਇੰਚ ਬਾਰਸ਼ ਦੇ ਬਾਅਦ ਹੜ੍ਹਾਂ ਕਾਰਨ ਘੱਟੋ ਘੱਟ ਚਾਰ ਲੋਕਾਂ ਦੀ ਮੌਤ ਹੋਈ ਹੈ ਅਤੇ 130 ਹੋਰ ਲੋਕਾਂ ਨੂੰ ਬਚਾਇਆ ਗਿਆ ਹੈ। ਇਸ ਸੰਬੰਧੀ ਨੈਸ਼ਵਿਲ ਪੁਲਿਸ ਨੇ ਸੇਡਾਨ ਵਿੱਚ ਮਰੇ ਹੋਏ ਇੱਕ ਵਿਅਕਤੀ ਦੀ ਭਾਲ ਕੀਤੀ ਜੋ ਨਦੀ ਦੇ ਓਵਰਫਲੋਅ ਵਿੱਚ ਡੁੱਬਿਆ ਹੋਇਆ ਸੀ ,ਜਦਕਿ ਇੱਕ ਹੋਰ ਵਿਅਕਤੀ ਨੂੰ ਗੋਲਫ ਕੋਰਸ ਵਿੱਚ ਮ੍ਰਿਤਕ ਪਾਇਆ ਗਿਆ। ਪੁਲਿਸ ਦਾ ਮੰਨਣਾ ਹੈ ਕਿ ਉਹ ਉੱਚੇ ਪਾਣੀ ਨਾਲ ਵਹਿ ਗਿਆ ਸੀ। ਇਸਦੇ ਇਲਾਵਾ



ਦੋ ਹੋਰ ਹੜ੍ਹ ਪੀੜਤਾਂ, ਇੱਕ ਆਦਮੀ ਅਤੇ ਇੱਕ ਔਰਤ ਦੀ ਲਾਸ਼, ਦੱਖਣੀ ਨੈਸ਼ਵਿਲ ਦੇ ਇੱਕ ਜੰਗਲੀ ਖੇਤਰ ਵਿੱਚ ਬੇਘਰੇ ਕੈਂਪ ਦੇ ਨਜ਼ਦੀਕ ਮਿਲੀ। ਇੰਨਾ ਹੀ ਨਹੀਂ ਤਕਰੀਬਨ 700,000 ਵਸੋਂ ਵਾਲਾ ਇਹ ਸ਼ਹਿਰ ਐਤਵਾਰ ਤੱਕ ਰਾਸ਼ਟਰੀ ਮੌਸਮ ਸੇਵਾ ਦੁਆਰਾ ਜਾਰੀ ਹੜ੍ਹ ਦੀ ਚੇਤਾਵਨੀ ਦੇ ਅਧੀਨ ਰਿਹਾ। ਹੜ੍ਹਾਂ ਕਾਰਨ ਅੱਗ ਬੁਝਾਊ ਵਿਭਾਗ ਅਤੇ ਜਲ ਬਚਾਅ ਟੀਮਾਂ ਨੇ ਘੱਟੋ ਘੱਟ 130 ਲੋਕਾਂ ਨੂੰ ਕਾਰਾਂ ਅਤੇ ਘਰਾਂ ਵਿੱਚੋਂ ਸੁਰੱਖਿਅਤ ਬਚਾਇਆ ਹੈ। ਅੱਗ ਬੁਝਾਊ ਵਿਭਾਗ ਨੇ ਦੱਸਿਆ ਕਿ ਹੜ੍ਹਾਂ ਨਾਲ ਚਿੱਕੜ ਹੋ ਰਹੀ ਹੈ ਅਤੇ ਲੋਕ ਘਰਾਂ ਵਿੱਚ ਫਸੇ ਹੋਏ ਹਨ। ਨੈਸ਼ਵਿਲ ਦੀਆਂ ਜਲ ਸੇਵਾਵਾਂ ਨੇ ਦੱਸਿਆ ਕਿ ਸ਼ਹਿਰ ਦੇ ਦੱਖਣ ਵਿੱਚ ਹਰਪੇਥ ਨਦੀ ਦੇ ਕੁੱਝ ਹਿੱਸੇ ਹੜ੍ਹਾਂ ਕਾਰਨ ਪ੍ਰਭਾਵਿਤ ਹੋਏ ਹਨ ਅਤੇ ਇਹਨਾਂ ਦਾ ਲੈਵਲ ਅਜੇ ਵੀ ਵਧ ਸਕਦਾ ਹੈ।

# ਮੈਰੀਲੈਂਡ ਵਿੱਚ ਮਿਲੇ ਸਿਵਲ ਵਾਰ ਨਾਲ ਸੰਬੰਧਿਤ ਬੰਬ ਨੂੰ ਕੀਤਾ ਗਿਆ ਨਕਾਰਾ

**ਫਰਿਜ਼ਨੋ (ਕੈਲੀਫੋਰਨੀਆ), 29 ਮਾਰਚ 2021**– ਮੈਰੀਲੈਂਡ ਵਿੱਚ ਪਿਛਲੇ ਹਫਤੇ ਸਿਵਲ ਯੁੱਧ ਨਾਲ ਸੰਬੰਧਿਤ ਮਿਲੇ ਇੱਕ ਜਿੰਦਾ ਬੰਬ ਦੇ ਗੋਲੇ ਨੂੰ ਬੰਬ ਸਕੁਐਡ ਦੁਆਰਾ ਨਕਾਰਾ ਬਣਾਇਆ ਗਿਆ ਹੈ। ਮੈਰੀਲੈਂਡ ਵਿੱਚ ਇੱਕ ਘਰ ਦੇ ਮਾਲਕ ਨੇ ਇਸ ਵਿਸਫੋਟਕ ਸਮੱਗਰੀ ਦੇ ਮਿਲਣ ਤੋਂ ਬਾਅਦ ਰਾਜ ਦੇ ਫਾਇਰ ਮਾਰਸ਼ਲ ਨਾਲ ਸੰਪਰਕ ਕੀਤਾ । ਇਹ ਬੰਬ ਉਸਦੇ ਇੱਕ ਪਰਿਵਾਰਕ ਮੈਂਬਰ ਨੂੰ ਬਾਲਟੀਮੋਰ ਤੋਂ ਲੱਗਭਗ 50 ਮੀਲ ਪੱਛਮ ਵਿੱਚ, ਫਰੈਡਰਿਕ ਵਿੱਚ ਮੋਨੋਸੀ ਬੈਟਲਫੀਲਡ ਦੇ ਕੋਲ ਮਿਲਿਆ ਅਤੇ ਅਧਿਕਾਰੀਆਂ ਨੇ ਪੁਸ਼ਟੀ ਕਰਦਿਆਂ ਇਸ ਵਿਸਫੋਟਕ ਪਦਾਰਥ ਨੂੰ ਲਾਈਵ ਦੱਸਿਆ ਸੀ। ਬੰਬੀ ਟੈਕਨੀਸ਼ੀਅਨਾਂ ਨੇ ਇਸ ਵਿਸਫੋਟਕ ਸਮੱਗਰੀ ਨੂੰ ਹੇਗ੍ਰਸਟਾਊਨ ਵਿੱਚ



ਬੀਵਰ ਕ੍ਰੀਕ ਕਿਏਰੀ ਵਿੱਚ ਭੇਜਿਆ, ਜਿੱਥੇ ਅਧਿਕਾਰੀਆਂ ਨੇ ਇਸਦਾ ਐਮਰਜੈਂਸੀ ਨਿਪਟਾਰਾ ਕੀਤਾ। ਫਾਇਰ ਮਾਰਸ਼ਲ ਦੇ ਦਫਤਰ ਅਨੁਸਾਰ ਸਿਵਲ ਯੁੱਧ ਤੋਂ ਮਿਲਟਰੀ ਆਰਡੀਨੈਂਸ ਦੀ ਭਾਲ ਮੈਰੀਲੈਂਡ ਵਿੱਚ ਅਸਧਾਰਨ ਨਹੀਂ ਹੈ, ਅਤੇ ਇਹ ਉਪਕਰਣ ਉਸੇ ਤਰ੍ਹਾਂ ਦਾ ਹੀ ਖ਼ਤਰਾ ਪੈਦਾ ਕਰਦੇ ਹਨ, ਜਿਸ ਲਈ ਸ਼ੁਰੂ ਵਿੱਚ ਤਿਆਰ ਕੀਤੇ ਗਏ ਸਨ। ਅਧਿਕਾਰੀਆਂ ਨੇ ਲੋਕਾਂ ਨੂੰ ਅਜਿਹੀਆਂ ਵਿਸਫੋਟਕ ਵਸਤੂਆਂ ਬਾਰੇ ਜਾਣਕਾਰੀ ਦੇਣ ਦੀ ਅਪੀਲ ਕੀਤੀ ਹੈ, ਕਿਉਂਕਿ ਇਹ ਜਾਨਲੇਵਾ ਹੋ ਸਕਦੀਆਂ ਹਨ। 2008 ਵਿੱਚ, ਇੱਕ ਵਿਅਕਤੀ ਦੀ ਸਿਵਲ ਯੁੱਧ ਨਾਲ ਸੰਬੰਧਿਤ ਇੱਕ ਬੰਬ ਨਾਲ ਛੇੜਛਾੜ ਕਰਨ ਦੌਰਾਨ ਉਸਦੇ ਫਟਣ ਨਾਲ ਮੌਤ ਹੋ ਗਈ ਸੀ।

# ਆਈਓਵਾ ਸਟੇਟ ਯੂਨੀਵਰਸਿਟੀ ਦੇ ਦੋ ਵਿਦਿਆਰਥੀਆਂ ਦੀ ਕਿਸ਼ਤੀ ਹਾਦਸੇ 'ਚ ਗਈ ਜਾਨ

**ਫਰਿਜ਼ਨੋ (ਕੈਲੀਫੋਰਨੀਆ), 30 ਮਾਰਚ 2021**– ਆਈਓਵਾ ਸਟੇਟ ਯੂਨੀਵਰਸਿਟੀ ਸਕੂਲ ਦੇ ਕਰਿਊ ਕਲੱਬ ਮੈਂਬਰਾਂ ਦੀ ਐਮਸ ਦੇ ਉੱਤਰ ਵਿੱਚ ਇੱਕ ਝੀਲ 'ਚ ਹੋਈ ਕਿਸ਼ਤੀ ਦੁਰਘਟਨਾ ਨਾਲ ਦੋ ਵਿਦਿਆਰਥੀਆਂ ਦੀ ਮੌਤ ਹੋ ਗਈ ਹੈ। ਇਹ ਵਿਦਿਆਰਥੀ ਹੈਮਿਲਟਨ ਕਾਉਂਟੀ ਦੇ ਲਿਟਲ ਵਾਲ ਲੇਕ ਵਿਖੇ



ਐਤਵਾਰ ਸਵੇਰੇ ਅਭਿਆਸ ਕਰ ਰਹੇ ਸਨ , ਜਿਸ ਦੌਰਾਨ ਉਨ੍ਹਾਂ ਦੀ ਕਿਸ਼ਤੀ ਪਲਟ ਗਈ। ਯੂਨੀਵਰਸਿਟੀ ਨੇ ਇੱਕ ਖ਼ਬਰ ਜਾਰੀ ਕਰਦਿਆਂ ਕਿਹਾ ਕਿ ਇਸ ਹਾਦਸੇ ਵਿੱਚੋਂ ਤਿੰਨ ਵਿਦਿਆਰਥੀਆਂ ਨੂੰ ਬਚਾਇਆ ਗਿਆ ਅਤੇ ਗੋਤਾਖੋਰ ਟੀਮ ਨੇ ਬਾਅਦ ਵਿੱਚ ਇੱਕ ਵਿਦਿਆਰਥੀ ਦੀ ਲਾਸ਼ ਬਰਾਮਦ ਕੀਤੀ। ਹੈਮਿਲਟਨ ਕਾਉਂਟੀ ਪੁਲਿਸ ਵਿਭਾਗ ਅਨੁਸਾਰ ਪੰਜਵੇਂ ਵਿਦਿਆਰਥੀ ਦੀ ਭਾਲ ਐਤਵਾਰ ਨੂੰ ਸ਼ੁਰੂ ਕੀਤੀ ਗਈ ਅਤੇ ਉਸ ਦੀ ਲਾਸ਼ ਸੋਮਵਾਰ ਤੜਕੇ ਬਰਾਮਦ ਕੀਤੀ ਗਈ। ਅਧਿਕਾਰੀਆਂ ਅਨੁਸਾਰ ਇਸ ਲਾਸ਼ ਦੀ ਭਾਲ ਲਈ ਸੁਨਾਰ ਤਕਨਾਲੋਜੀ ਦੀ ਵਰਤੋਂ ਕੀਤੀ ਗਈ। ਇਸ ਕਿਸ਼ਤੀ ਹਾਦਸੇ 'ਚ ਬਚਾਏ ਗਏ ਤਿੰਨ ਵਿਦਿਆਰਥੀਆਂ ਦਾ ਐਮਸ ਦੇ ਹਸਪਤਾਲ ਵਿੱਚ ਇਲਾਜ ਕੀਤਾ ਗਿਆ। ਯੂਨੀਵਰਸਿਟੀ ਦੇ ਪ੍ਰਧਾਨ ਵੈਂਡੀ ਵਿੰਟਰਸਟੀਨ ਨੇ ਇਸ ਹਾਦਸੇ ਦੇ ਸੰਬੰਧ ਵਿੱਚ ਦੁੱਖ ਪ੍ਰਗਟ ਕੀਤਾ ਹੈ। ਇਹ ਵਿਦਿਆਰਥੀ ਇੱਕ ਮਾਨਤਾ ਪ੍ਰਾਪਤ ਵਿਦਿਆਰਥੀ ਸੰਗਠਨ ਆਈਓਵਾ ਸਟੇਟ ਕਰਿਊ ਕਲੱਬ ਦਾ ਹਿੱਸਾ ਸਨ। ਲਿਟਲ ਵਾਲ ਲੇਕ ਐਮਸ ਤੋਂ ਲੱਗਭਗ 15 ਮੀਲ ਉੱਤਰ ਵੱਲ ਹੈ। ਆਈਓਵਾ ਸਟੇਟ ਯੂਨੀਵਰਸਿਟੀ ਅਨੁਸਾਰ ਇਸ ਘਟਨਾ ਨਾਲ ਸੰਬੰਧਤ ਪ੍ਰਕਿਰਿਆਵਾਂ ਦੀ ਅੰਦਰੂਨੀ ਸਮੀਖਿਆ ਕੀਤੀ ਜਾਵੇਗੀ ਅਤੇ ਮ੍ਰਿਤਕਾਂ ਦੇ ਨਾਮ ਫਿਲਹਾਲ ਜਾਰੀ ਨਹੀਂ ਕੀਤੇ ਗਏ ਹਨ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

## ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ


ਗੁਰਿੰਦਰਜੀਤ ਨੀਟਾ ਮਾਛੀਕੇ


ਕੁਲਵੰਤ ਧਾਲੀਆਂ

# ਅਮਰੀਕਾ ਦੇ ਇੱਕ ਸੀਰੀਅਲ ਕਿੱਲਰ ਦੀ ਇੰਡੀਆਨਾ ਦੇ ਹਸਪਤਾਲ ਵਿੱਚ ਹੋਈ ਮੌਤ

**ਫਰਿਜ਼ਨੋ, ਕੈਲੀ-ਫੋਰਨੀਆਂ** – ਅਮਰੀਕਾ ਵਿੱਚ ਇੱਕ ਸੀਰੀਅਲ ਕਿੱਲਰ ਦੀ ਹਸਪਤਾਲ ਵਿੱਚ ਮੌਤ ਹੋ ਗਈ ਹੈ। ਇਸ ਮਾਮਲੇ ਦੇ ਸੰਬੰਧ ਵਿੱਚ

ਅਧਿਕਾਰੀਆਂ ਨੇ ਦੱਸਿਆ ਕਿ ਇੱਕ ਦੋਸ਼ੀ ਸੀਰੀਅਲ ਕਿਲਰ , ਜਿਸ ਦੇ ਪੀੜਤਾਂ ਵਿੱਚ ਦੋ ਨੌਜਵਾਨ ਲੜਕੇ ਵੀ ਸ਼ਾਮਿਲ ਸਨ, ਦੀ ਐਤਵਾਰ ਨੂੰ ਇੰਡੀਆਨਾ ਦੇ ਇੱਕ ਹਸਪਤਾਲ ਵਿੱਚ ਮੌਤ ਹੋ ਗਈ ਹੈ। ਕੈਲੀਫੋਰਨੀਆ ਦੇ ਰਿਵਰਸਾਈਡ ਕਾਉਂਟੀ ਵਿੱਚ ਵਕੀਲਾਂ ਦੇ ਇਕ ਬਿਆਨ ਅਨੁਸਾਰ ਜੋਸੇਫ ਐਡਵਰਡ ਡੰਕਨ ਨਾਮਕ ਸੀਰੀਅਲ ਕਿੱਲਰ ਦੀ ਮੌਤ ਯੂਨਾਈਟਿਡ ਸਟੇਟ ਪੈਨਸ਼ਨਰੀ, ਟੈਰੇ ਹੌਟੇ ਦੇ ਨੇੜੇ ਮੈਡੀਕਲ ਸੈਂਟਰ ਵਿੱਚ ਹੋਈ ਹੈ। ਅਧਿਕਾਰੀਆਂ ਅਨੁਸਾਰ ਡੰਕਨ(58) ਟਰਮੀਨਲ ਦਿਮਾਗ ਕੈਂਸਰ ਨਾਲ ਪੀੜਤ ਸੀ। ਇਸ ਵਿਅਕਤੀ ਡੰਕਨ ਨੂੰ 2005 ਵਿੱਚ ਕੋਇਰ ਡੀਲਿਨ,



ਇਡਾਹੋ ਤੋਂ ਇੱਕ ਪਰਿਵਾਰ ਦੇ ਚਾਰ ਮੈਂਬਰਾਂ ਨੂੰ ਮਾਰਨ ਦਾ ਦੋਸ਼ੀ ਪਾਇਆ ਗਿਆ ਸੀ। ਉਸਨੇ ਇੱਕ ਲੜਕੇ ਦੀ ਹੱਤਿਆ ਤੋਂ ਪਹਿਲਾਂ ਘਰ ਵਿੱਚੋਂ ਦੋ ਬੱਚਿਆਂ ਡਿਲਨ ਅਤੇ ਸ਼ਾਸਤਾ ਗਰੋਇਨ ਨੂੰ ਅਗਵਾ ਕਰਕੇ ਉਹਨਾਂ ਨੂੰ ਮੋਨਟਾਨਾ ਵਿੱਚ ਤਸੀਹੇ ਦਿੱਤੇ। ਸ਼ਸਤਾ ਗਰੋਇਨ ਇਸ ਹੱਤਿਆਕਾਂਡ ਵਿੱਚ ਇਕਲੌਤਾ ਬਚਿਆ ਸੀ। ਇਸ ਦੇ ਬਾਅਦ, ਡੰਕਨ ਨੂੰ 1997 ਵਿੱਚ ਰਿਵਰਸਾਈਡ ਕਾਉਂਟੀ ਦੇ 10 ਸਾਲਾ ਐਂਥਨੀ ਮਾਰਟੀਨੇਜ਼ ਦੀ ਮੌਤ ਦੀ ਸੁਣਵਾਈ ਲਈ ਦੱਖਣੀ ਕੈਲੀਫੋਰਨੀਆ ਭੇਜ ਦਿੱਤਾ ਗਿਆ ਸੀ। ਡੰਕਨ, ਜੋ ਕਿ ਟਾਕੋਮਾ, ਵਾਸ਼ਿੰਗਟਨ ਦਾ ਰਹਿਣ ਵਾਲਾ ਹੈ, ਨੂੰ ਇਸ ਕਤਲ ਨਾਲ ਜੋੜਿਆ ਗਿਆ ਸੀ ਅਤੇ ਜੇਲ੍ਹ ਵਿੱਚ ਉਮਰ ਕੈਦ ਦੀ ਸਜ਼ਾ ਮਿਲੀ ਸੀ।

ਇਸ ਸਾਲ ਦੇ ਸ਼ੁਰੂ ਵਿੱਚ ਅਦਾਲਤ ਵਿੱਚ ਅਟਾਰਨੀਆਂ ਨੇ ਖੁਲਾਸਾ ਕੀਤਾ ਕਿ ਡੰਕਨ ਦਾ ਪਿਛਲੀ ਅਕਤੂਬਰ ਵਿੱਚ ਦਿਮਾਗ ਦੀ ਸਰਜਰੀ ਹੋਈ ਸੀ ਅਤੇ ਉਸ ਨੂੰ ਗਲਿਓਬਲਾਸਟੋਮਾ, ਸਟੇਜ਼ 4 ਦਿਮਾਗ ਦਾ ਕੈਂਸਰ ਸੀ।ਅਦਾਲਤ ਦੇ ਰਿਕਾਰਡ ਅਨੁਸਾਰ, ਉਸਨੇ ਕੀਮੋਥੈਰੇਪੀ ਅਤੇ ਰੇਡੀਏਸ਼ਨ ਤੋਂ ਇਨਕਾਰ ਕਰ ਦਿੱਤਾ ਸੀ।

# ਅਲਾਸਕਾ 'ਚ ਹੈਲੀਕਾਪਟਰ ਹੋਇਆ ਹਾਦਸਾਗ੍ਰਸਤ, 5 ਦੀ ਹੋਈ ਮੌਤ

**ਫਰਿਜ਼ਨੋ (ਕੈਲੀਫੋਰਨੀਆ), 29 ਮਾਰਚ 2021–** ਅਮਰੀਕਾ ਦੇ ਅਲਾਸਕਾ ਵਿੱਚ ਸ਼ਨੀਵਾਰ ਨੂੰ ਇੱਕ ਹੈਲੀਕਾਪਟਰ ਦੇ ਹਾਦਸਾਗ੍ਰਸਤ ਹੋਣ ਦੇ ਨਾਲ ਪੰਜ ਵਿਅਕਤੀਆਂ ਦੀ ਮੌਤ ਹੋ ਗਈ ਹੈ। ਪੁਲਿਸ ਅਧਿਕਾਰੀਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਲਾਸਕਾ ਦੀ ਬੈਕ ਕੰਟਰੀ ਵਿੱਚ ਇੱਕ ਲੌਜ ਵਿਚੋਂ ਗਾਈਡਾਂ ਅਤੇ ਮਹਿਮਾਨਾਂ ਨੂੰ ਹੈਲੀ-ਸਕੀਇੰਗ ਯਾਤਰਾ 'ਤੇ ਲੈ ਕੇ ਗਿਆ ਇੱਕ ਹੈਲੀਕਾਪਟਰ ਕਰੈਸ਼ ਹੋਣ ਕਾਰਨ ਪਾਇਲਟ ਅਤੇ ਚਾਰ ਹੋਰ ਲੋਕ ਮਾਰੇ ਗਏ। ਇਸ ਹਾਦਸੇ ਵਿੱਚ ਬਚੇ ਇੱਕ ਵਿਅਕਤੀ ਦੀ ਹਾਲਤ ਗੰਭੀਰ ਸੀ, ਜਿਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਸੀ। ਅਲਾਸਕਾ ਰਾਜ ਦੇ ਅਧਿਕਾਰੀਆਂ ਨੇ ਪੀੜਤਾਂ ਦੀ ਪਛਾਣ 52 ਸਾਲਾ ਕੋਲੋਰਾਡੋ ਨਿਵਾਸੀ ਗ੍ਰੈਗਰੀ ਹਾਰਮਜ਼, 56 ਸਾਲਾਂ ਪੀਟਰ ਕੈਲਨਰ ਅਤੇ 50 ਸਾਲਾ ਬੈਂਜਾਮਿਨ ਲਰੋਚੇਕਸ (ਦੋਵੇਂ ਚੈੱਕ ਗਣਰਾਜ ਨਾਲ ਸੰਬੰਧਿਤ), ਗਿਰਡਵੁੱਡ ਤੋਂ 38 ਸਾਲਾ ਸੀਨ ਮੈਕਮੈਨਮੀ,ਅਤੇ ਐਂਕਰੇਜ ਤੋਂ 33 ਸਾਲਾ ਪਾਇਲਟ ਜ਼ੈਕਰੀ ਰਸਲ ਵਜੋਂ ਕੀਤੀ ਹੈ। ਇਹਨਾਂ ਮ੍ਰਿਤਕਾਂ ਵਿੱਚੋਂ



ਕੈਲਨਰ, ਚੈੱਕ ਗਣਰਾਜ ਦਾ ਇੱਕ ਅਮੀਰ ਆਦਮੀ ਸੀ। ਕੰਪਨੀ ਦੇ ਬੁਲਾਰੇ ਮੈਰੀ ਐਨ ਪ੍ਰਯੂਟ ਅਨੁਸਾਰ ਪੰਜ ਯਾਤਰੀਆਂ ਵਿੱਚ ਟੌਰਡਰਿਲੋ ਮਾਉਂਟੇਨ ਲੌਜ ਦੇ ਤਿੰਨ ਮਹਿਮਾਨ ਅਤੇ ਦੋ ਗਾਈਡ ਸਨ। ਪ੍ਰਯੂਟ ਅਨੁਸਾਰ ਰਸਲ ਕੰਪਨੀ ਸੋਲਾਈ ਹੈਲੀਕਾਪਟਰਾਂ ਦਾ ਪਾਇਲਟ ਸੀ, ਜਿਸ ਨੂੰ ਆਵਾਜਾਈ ਮੁਹੱਈਆ ਕਰਾਉਣ ਲਈ ਲੌਜ ਦੁਆਰਾ ਠੇਕਾ ਦਿੱਤਾ ਗਿਆ ਸੀ। ਇਹ ਹੈਲੀਕਾਪਟਰ ਯੂਰੋਕੋਪਟਰ ਏ ਐਸ 350 ਅਣਪਛਾਤੇ ਹਾਲਾਤਾਂ ਵਿੱਚ ਐਂਕਰੇਜ਼ ਦੇ ਪੂਰਬ ਵੱਲ ਤਕਰੀਬਨ 6:35 ਵਜੇ ਕਰੈਸ਼ ਹੋਇਆ। ਅਧਿਕਾਰੀਆਂ ਨੇ ਦੱਸਿਆ ਕਿ ਕਰੈਸ਼ ਜਗ੍ਹਾ ਨਿਕ ਗਲੇਸ਼ੀਅਰ ਦੇ ਨੇੜੇ ਸੀ।

ਅਲਾਸਕਾ ਆਰਮੀ ਦੇ ਰਾਸ਼ਟਰੀ ਗਾਰਡ ਅਤੇ ਅਲਾਸਕਾ ਮਾਉਂਟੇਨ ਰੈਸਕਿਊ ਗਰੁੱਪ ਦੇ ਵਲੰਟੀਅਰਾਂ ਨੇ ਐਤਵਾਰ ਨੂੰ ਕਰੈਸ਼ ਜਗ੍ਹਾ ਤੋਂ ਲਾਸ਼ਾਂ ਬਰਾਮਦ ਕੀਤੀਆਂ ਅਤੇ ਉਨ੍ਹਾਂ ਨੂੰ ਰਾਜ ਦੇ ਮੈਡੀਕਲ ਜਾਂਚਕਰਤਾ ਦੇ ਹਵਾਲੇ ਕੀਤਾ। ਨੈਸ਼ਨਲ ਟ੍ਰਾਂਸਪੋਰਟੇਸ਼ਨ ਸੇਫਟੀ ਬੋਰਡ ਕਰੈਸ਼ ਦੇ ਮਾਮਲੇ ਦੀ ਜਾਂਚ ਕਰ ਰਿਹਾ ਹੈ।

# ਅਮਰੀਕਾ: ਬੱਚਿਆਂ ਦੇ ਡੇ ਕੇਅਰ ਸੈਂਟਰ ਵਿੱਚ ਸਾਹਮਣੇ ਆਏ 100 ਨਵੇਂ ਕੋਰੋਨਾ ਵਾਇਰਸ ਕੇਸ

**ਫਰਿਜ਼ਨੋ (ਕੈਲੀਫੋਰਨੀਆ), 29 ਮਾਰਚ 2021–** ਅਮਰੀਕਾ ਦੇ ਨੇਬਰਾਸਕਾ ਸੂਬੇ ਵਿੱਚ ਬੱਚਿਆਂ ਦੇ ਇੱਕ ਕੇਅਰ ਸੈਂਟਰ ਤੇ ਕੋਰੋਨਾ ਵਾਇਰਸ ਨੇ ਆਪਣਾ ਪ੍ਰਕੋਪ ਢਾਹਿਆ ਹੈ। ਇਸ ਸੰਬੰਧੀ ਸਿਹਤ ਅਧਿਕਾਰੀਆਂ ਨੇ ਦੱਸਿਆ ਕਿ ਓਮਹਾ ਵਿੱਚ ਇੱਕ ਡੇ ਕੇਅਰ ਸੈਂਟਰ ਵਿੱਚ ਘੱਟੋ ਘੱਟ 100 ਕੋਰੋਨਾ ਵਾਇਰਸ ਦੇ ਨਵੇਂ ਮਾਮਲੇ ਸਾਹਮਣੇ ਆਏ ਹਨ, ਜਿਨ੍ਹਾਂ ਵਿੱਚ ਕੁੱਝ ਯੂਕੇ ਵੈਰੀਐਂਟ ਦੇ ਕੇਸ



ਵੀ ਸ਼ਾਮਿਲ ਹਨ। ਡਗਲਸ ਕਾਉਂਟੀ ਸਿਹਤ ਵਿਭਾਗ ਦੇ ਅਨੁਸਾਰ ਪਹਿਲੇ ਕੁੱਝ ਮਾਮਲਿਆਂ ਦੀ ਪੁਸ਼ਟੀ ਹੋਣ ਤੋਂ ਬਾਅਦ ਰੋਜ਼ਵੁੱਡ ਅਕੈਡਮੀ ਚਾਈਲਡ ਕੇਅਰ ਅਤੇ ਪ੍ਰੀਸਕੂਲ ਨੂੰ ਪਿਛਲੇ ਹਫਤੇ ਬੰਦ ਕਰ ਦਿੱਤਾ ਗਿਆ ਸੀ ਅਤੇ ਐਤਵਾਰ ਤੱਕ, 100 ਤੋਂ ਵੱਧ ਕੋਵਿਡ -19 ਕੇਸ ਸ਼ੁਰੂਆਤੀ ਪ੍ਰਕੋਪ ਨਾਲ ਜੁੜੇ ਹੋਏ ਹਨ। ਯੂਕੇ ਮਾਮਲਿਆਂ ਦੀ ਗਿਣਤੀ ਬਾਰੇ ਸਹੀ ਅੰਕੜਾ ਪ੍ਰਾਪਤ ਨਹੀਂ ਹੋ ਸਕਿਆ ਕਿਉਂਕਿ ਨੇਬਰਾਸਕਾ ਹਰ ਨਮੂਨੇ ਉੱਤੇ ਜੀਨੋਮਿਕ ਸੀਕਿਉਂਸਿੰਗ ਨਹੀਂ ਕਰਦਾ। ਡੇ ਕੇਅਰ ਦੇ ਮਾਲਕ ਕੈਲੀ ਹੈਨਸਨ ਨੇ ਕਿਹਾ ਕਿ ਸੰਕਰਮਿਤ ਲੋਕਾਂ ਵਿੱਚ ਸਟਾਫ ਅਤੇ ਬੱਚੇ ਵੀ ਸ਼ਾਮਲ ਹਨ। ਸਿਹਤ ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਸਕੂਲ ਸਿਹਤ ਅਧਿਕਾਰੀਆਂ ਨਾਲ ਸਹਿਯੋਗ ਕਰ ਰਿਹਾ ਹੈ ਅਤੇ ਸਕੂਲ ਦੇ ਇੱਕ ਬੁਲਾਰੇ ਨੇ ਦੱਸਿਆ ਕਿ ਸੰਸਥਾ ਨੇ ਕੋਰੋਨਾ ਵਾਇਰਸ ਨੂੰ ਹੋਰ ਫੈਲਣ ਤੋਂ ਰੋਕਣ ਲਈ ਸਖਤ ਸੁਰੱਖਿਆ ਉਪਾਅ ਕੀਤੇ ਹਨ, ਅਤੇ ਸਾਰੇ ਲਾਗ ਵਾਲੇ ਸਟਾਫ ਮੈਂਬਰਾਂ ਅਤੇ ਵਿਦਿਆਰਥੀਆਂ ਨੂੰ ਇਕਾਂਤਵਾਸ ਕਰਨ ਲਈ ਕਿਹਾ ਗਿਆ&; ਹੈ। ਇਸਦੇ ਇਲਾਵਾ ਪ੍ਰੀਸਕੂਲ ਇਸ ਸਥਿਤੀ ਦੀ ਨਿਗਰਾਨੀ ਕਰਨ ਲਈ ਡਗਲਸ ਕਾਉਂਟੀ ਸਿਹਤ ਵਿਭਾਗ ਨਾਲ ਨੇੜਿਓਂ ਕੰਮ ਕਰਨਾ ਜਾਰੀ ਰੱਖੇਗਾ ਅਤੇ ਪਰਿਵਾਰਾਂ ਅਤੇ ਸਟਾਫ ਨੂੰ ਜਿੰਨੀ ਜਲਦੀ ਹੋ ਸਕੇ ਟੀਕਾ ਲਗਵਾਉਣ ਲਈ ਉਤਸ਼ਾਹਿਤ ਵੀ ਕੀਤਾ ਜਾਵੇਗਾ। ਸੂਬੇ ਦੇ ਅੰਕੜਿਆਂ ਅਨੁਸਾਰ, ਐਤਵਾਰ ਤੱਕ ਰਾਜ ਦੀ ਕੁੱਲ 1.48 ਮਿਲੀਅਨ ਆਬਾਦੀ ਦੀ ਲੱਗਭਗ 20.8% ਵਸੋਂ ਦਾ ਪੂਰਾ ਟੀਕਾਕਰਨ ਕੀਤਾ ਗਿਆ ਹੈ।

# ਪੰਜਾਬੀ ਫੂਡ ਅਤੇ ਖੇਤੀਬਾੜੀ ਕਾਮਿਆਂ ਨੂੰ ਡ੍ਰਾਇਵ-ਅਪ ਈਵੈਂਟ 'ਚ ਲਗਾਇਆ ਗਿਆ ਕੋਰੋਨਾ ਟੀਕਾ

**ਫਰਿਜ਼ਨੋ (ਕੈਲੀਫੋਰਨੀਆ), 28 ਮਾਰਚ 2021–** ਕੈਲੀਫੋਰਨੀਆ ਦੇ ਸੇਲਮਾ ਵਿੱਚ, ਇਸ ਖੇਤਰ ਦੀ ਪੰਜਾਬੀ ਆਬਾਦੀ ਲਈ ਦਿ ਪੈਸੀਫਿਕ ਕੋਸਟ ਗੁਰਦੁਆਰਾ ਦੇ ਸਿੱਖ ਸੈਂਟਰ ਵਿਖੇ ਸ਼ਨੀਵਾਰ ਨੂੰ ਇੱਕ ਡਰਾਈਵ-ਅਪ ਕੋਰੋਨਾ ਟੀਕਾਕਰਨ ਮੁਹਿੰਮ ਵਿੱਚ ਲੱਗਭਗ 1000 ਤੋਂ ਵੱਧ ਫੂਡ ਅਤੇ ਖੇਤੀ ਕਾਮਿਆਂ ਨੂੰ ਵੈਕਸੀਨ ਦਿੱਤੀ ਗਈ ਹੈ। ਇਸ ਟੀਕਾਕਰਨ ਪ੍ਰਕਿਰਿਆ ਵਿੱਚ ਲਿਸਟੋਸ ਕੈਲੀਫੋਰਨੀਆ, ਯੂਨਾਈਟਿਡ ਵੇਅ ਆਫ ਫਰਿਜ਼ਨੋ ਅਤੇ ਮਡੇਰਾ, ਫਰਿਜ਼ਨੋ ਕਾਉਂਟੀ ਜਨਤਕ ਸਿਹਤ ਵਿਭਾਗ ਅਤੇ ਜਕਾਰਾ ਮੂਵਮੈਂਟ ਦੇ ਸਹਿਯੋਗ ਨਾਲ ਜੌਹਨਸਨ ਅਤੇ ਜੌਹਨਸਨ ਟੀਕੇ ਦੀਆਂ ਖੁਰਾਕਾਂ, ਪਰਿਵਾਰਾਂ ਅਤੇ ਵਿਅਕਤੀਆਂ ਨੂੰ ਗੁਰਦੁਆਰੇ ਦੀ ਪਾਰਕਿੰਗ ਵਿੱਚ ਦਿੱਤੀਆਂ ਗਈਆਂ



। ਸੈਨ ਜੋਆਕੁਇਨ ਵੈਲੀ ਦੀ ਖੇਤੀਬਾੜੀ ਮਜ਼ਦੂਰ ਆਬਾਦੀ ਜ਼ਿਆਦਾਤਰ ਵੱਡੇ ਮੈਟਰੋਪੋਲੀਟਨ ਖੇਤਰਾਂ ਜਿਵੇਂ ਕਿ ਫਰਿਜ਼ਨੋ ਦੇ ਬਾਹਰ ਰਹਿੰਦੀ ਹੈ, ਇਸ ਲਈ ਉਹਨਾਂ ਦਾ ਟੀਕਾਕਰਨ ਲਈ ਇਸਦਾ ਪ੍ਰਬੰਧ ਕੀਤਾ ਗਿਆ। ਇਸ ਮੁਹਿੰਮ ਦੇ ਪ੍ਰਬੰਧਕਾਂ ਅਨੁਸਾਰ ,ਇਸ ਤਰ੍ਹਾਂ ਦੀ ਕਾਰਵਾਈ ਨਾਲ ਟੀਕੇ ਦੇ ਡਰ ਨੂੰ ਘਟਾਉਣ ਵਿੱਚ ਸਹਾਇਤਾ ਮਿਲਦੀ ਹੈ। ਸਿੱਖ ਸੈਂਟਰ ਬੋਰਡ ਦੇ ਚੇਅਰਮੈਨ ਪਾਲ ਸਿਹੋਤਾ ਅਨੁਸਾਰ ਜਦੋਂ ਕਿਸੇ ਕੰਮ ਦੇ ਸਕਾਰਾਤਮਕ ਨਤੀਜੇ ਨਿਕਲਦੇ ਹਨ, ਤਾਂ ਇਹ ਦੂਜਿਆਂ ਨੂੰ ਹੌਸਲਾ ਦੇਣ ਵਿੱਚ ਸਹਾਇਤਾ ਕਰਦੇ ਹਨ। ਇਸ ਟੀਕਾਕਰਨ ਮੁਹਿੰਮ ਲਈ ਫੰਡਿੰਗ ਕੈਲੀਫੋਰਨੀਆ ਕਮਿਊਨਿਟੀ ਫਾਉਂਡੇਸ਼ਨ ਦੁਆਰਾ ਦਿੱਤੀ ਗਈ।

# ਅਮਰੀਕਾ ਵਿੱਚ ਏਸ਼ੀਅਨ ਲੋਕਾਂ ਪ੍ਰਤੀ ਨਫ਼ਰਤੀ ਘਟਨਾਵਾਂ ਦੇ ਵਿਰੁੱਧ ਕੱਢੀਆਂ ਰੈਲੀਆਂ

**ਫਰਿਜ਼ਨੋ (ਕੈਲੀਫੋਰਨੀਆ), 28 ਮਾਰਚ 2021–** ਅਮਰੀਕਾ ਇੱਕ ਵਿਸ਼ਾਲ ਅਤੇ ਭਿੰਨਤਾਵਾਂ ਵਾਲਾ ਦੇਸ਼ ਹੈ। ਇੱਥੇ ਸੰਸਾਰ ਭਰ ਵਿੱਚੋਂ ਹਰ ਵਰਗ, ਧਰਮ, ਜਾਤ ਅਤੇ ਰੰਗ ਦੇ ਲੋਕ ਚੰਗੀ ਜਿੰਦਗੀ ਦੀ ਆਸ ਵਿੱਚ ਰਹਿੰਦੇ ਹਨ।ਪਰ ਕੁੱਝ ਸਮੇਂ ਤੋਂ ਅਮਰੀਕਾ ਵਿੱਚ ਏਸ਼ੀਅਨ ਭਾਈਚਾਰੇ ਦੇ ਲੋਕਾਂ ਉੱਪਰ ਨਫਰਤੀ ਘਟਨਾਵਾਂ ਵਿੱਚ ਵਾਧਾ ਹੋ ਰਿਹਾ ਹੈ। ਕਈ ਥਾਵਾਂ ਤੇ ਤਾਂ ਹੋਈ ਗੋਲੀਬਾਰੀ ਵਿੱਚ ਏਸ਼ੀਅਨ ਲੋਕਾਂ ਦੀ ਮੌਤ ਵੀ ਹੋਈ ਹੈ। ਇਸੇ ਸੰਬੰਧ ਵਿੱਚ ਪਿਛਲੇ ਹਫਤੇ ਐਟਲਾਂਟਾ ਵਿੱਚ ਹੋਈ ਗੋਲੀਬਾਰੀ, ਜਿਸ ਵਿੱਚ ਅੱਠ ਲੋਕਾਂ ਦੀ ਮੌਤ ਹੋ ਗਈ ਸੀ, ਜਿਨ੍ਹਾਂ ਵਿਚੋਂ ਛੇ ਏਸ਼ੀਅਨ ਮੂਲ ਦੀਆਂ ਔਰਤਾਂ ਸਨ, ਤੋਂ ਬਾਅਦ ਸੈਂਕੜੇ ਲੋਕ ਏਸ਼ੀਅਨ ਅਮਰੀਕੀ ਅਤੇ ਪੈਸੀਫਿਕ ਆਈਸਲੈਂਡਰਜ਼ ਪ੍ਰਤੀ ਹਿੰਸਾ ਵਿਰੁੱਧ ਪ੍ਰਦਰਸ਼ਨ ਕਰਨ ਲਈ ਹਫਤੇ ਦੇ ਅਖੀਰ ਵਿੱਚ ਸੜਕਾਂ ਤੇ ਉੱਤਰ ਆਏ। ਦੇਸ਼ ਭਰ ਦੇ ਪ੍ਰਮੁੱਖ ਸ਼ਹਿਰ ਜਿਨ੍ਹਾਂ ਵਿੱਚ ਨਿਊਯਾਰਕ, ਵਾਸਿੰਗਟਨ, ਸ਼ਕਿਾਗੋ, ਸਾਨ ਫਰਾਂਸਿਸਕੋ ਅਤੇ ਓਕਲਾਹੋਮਾ




ਆਦਿ ਸ਼ਾਮਿਲ ਹਨ, ਵਿੱਚ ਸੈਂਕੜੇ ਲੋਕ ਹਿੰਸਕ ਘਟਨਾਵਾਂ ਵਿਰੁੱਧ ਰੈਲੀਆਂ ਕੱਢਣ ਲਈ ਇਕੱਠੇ ਹੋਏ। ਕੋਰੋਨਾ ਮਹਾਂਮਾਰੀ ਦੌਰਾਨ ਏਸ਼ੀਅਨ ਅਮਰੀਕੀਆਂ ਅਤੇ ਪ੍ਰਸ਼ਾਂਤ ਆਈਸ-ਲੈਂਡਰਜ਼ ਵਿਰੁੱਧ ਦੇਸ਼ ਭਰ ਵਿੱਚ ਹਿੰਸਾ 'ਚ ਇੱਕ ਮਹੱਤਵਪੂਰਣ ਵਾਧਾ ਹੋਇਆ ਹੈ, ਜਿਸ ਵਿੱਚ ਆਨਲਾਈਨ ਪਰੇਸ਼ਾਨੀ ਵਿੱਚ 6% ਵਾਧਾ ਸ਼ਾਮਿਲ ਹੈ।ਹਿੰਸਕ ਘਟਨਾਵਾਂ ਦੀ ਇੱਕ ਤਾਜ਼ਾ ਘਟਨਾ ਵਿੱਚ, ਸਾਨ ਫਰਾਂਸਿਸਕੋ ਦੀਆਂ ਗਲੀਆਂ ਵਿੱਚ ਇੱਕ 75 ਸਾਲਾਂ ਦੀ ਏਸ਼ੀਅਨ ਔਰਤ ਤੇ ਇੱਕ ਆਦਮੀ ਦੁਆਰਾ ਹਮਲਾ ਕੀਤਾ ਗਿਆ। ਸ਼ਨੀਵਾਰ ਨੂੰ ਇੰਡੀਆਨਾਪੋਲਿਸ ਵਿੱਚ ਮਾਰਚ ਕਰਨ ਵਾਲੀ ਲਿੰਗ ਲਿਊ ਅਨੁਸਾਰ ਨੇ ਉਹ ਅਮਰੀਕੀ ਹਨ ਅਤੇ ਆਪਣੇ ਭਾਈਚਾਰੇ ਨੂੰ ਪਿਆਰ ਕਰਦੇ ਹਨ, ਇਸ ਲਈ ਕਿਸੇ ਨਾਲ ਹਿੰਸਾ ਨਹੀਂ ਚਾਹੁੰਦੇ।

# ਮੈਰੀਲੈਂਡ ਪੁਲਿਸ ਨੇ ਲਗਾਈ 5 ਸਾਲਾ ਲੜਕੇ ਨੂੰ ਹੱਥਕੜੀ

**ਫਰਿਜ਼ਨੋ (ਕੈਲੀਫੋਰਨੀਆ), 28 ਮਾਰਚ 2021–** ਅਮਰੀਕਾ ਦੇ ਮੈਰੀਲੈਂਡ ਵਿੱਚ ਪੁਲਿਸ ਦੁਆਰਾ ਇੱਕ ਪੰਜ ਸਾਲਾਂ ਲੜਕੇ ਨੂੰ ਹੱਥਕੜੀ ਲਗਾ ਕੇ ਹਿਰਾਸਤ ਵਿੱਚ ਲੈਣ ਦਾ ਮਾਮਲਾ ਸਾਹਮਣਾ ਆਇਆ ਹੈ। ਇਸ ਮਾਮਲੇ ਸੰਬੰਧੀ ਜਾਰੀ ਕੀਤੀ ਗਈ ਬਾਡੀ ਕੈਮਰੇ ਦੀ ਫੁਟੇਜ ਵਿੱਚ ਮੈਰੀਲੈਂਡ ਦੇ ਪੁਲਿਸ ਅਫਸਰਾਂ ਨੂੰ ਜਨਵਰੀ 2020 ਵਿੱਚ ਵਾਪਰੀ ਇੱਕ ਘਟਨਾ ਦੌਰਾਨ ਇਕ 5 ਸਾਲਾ ਲੜਕੇ ਨੂੰ ਡਰਾਉਂਦਿਆ ਅਤੇ ਹੱਥਕੜੀ ਲਾਉਂਦਿਆਂ ਪਾਇਆ ਗਿਆ ਹੈ। ਮਾਂਟਗੁਮਰੀ ਕਾਉਂਟੀ ਸ਼ੈਰਿਫ ਦੇ ਦਫਤਰ ਨੇ ਸ਼ੁੱਕਰਵਾਰ ਨੂੰ ਇਹ 51 ਮਿੰਟ ਦੀ ਬਾਡੀ ਕੈਮਰਾ ਵੀਡੀਓ ਜਾਰੀ ਕੀਤੀ ਹੈ ਹੈ, ਜਿਸ ਨੇ ਇੱਕ ਨਵੇਂ ਮਾਮਲੇ ਤੇ ਰੋਸ਼ਨੀ ਪਾਈ ਹੈ। ਇਸ ਮਾਮਲੇ ਸੰਬੰਧੀ ਮਾਂਟਗੁਮਰੀ ਕਾਉਂਟੀ ਦੇ ਪੁਲਿਸ ਅਧਿਕਾਰੀਆਂ ਨੂੰ ਇਹ ਬੱਚਾ ਮਿਲਿਆ ਜੋ ਆਪਣੇ ਮੈਰੀਲੈਂਡ ਸਕੂਲ ਤੋਂ ਭੱਜ ਗਿਆ ਸੀ। ਬਾਡੀ ਕੈਮਰੇ ਦੀ ਫੁਟੇਜ ਵਿੱਚ, ਇਕ ਅਧਿਕਾਰੀ ਲੜਕੇ ਨੂੰ ਪੁਲਿਸ ਸਕੁਐਡ ਦੀ ਕਾਰ ਦੇ ਪਿਛਲੇ ਹਿੱਸੇ ਵਿਚ ਰੱਖਦਾ ਹੋਇਆ ਵੇਖਿਆ ਜਾ ਸਕਦਾ ਹੈ। ਅਧਿਕਾਰੀਆਂ ਨੇ ਲੜਕੇ ਨੂੰ ਸਕੂਲ ਵਾਪਸ ਪਹੁਚਾਉਣ ਤੋਂ ਬਾਅਦ, ਸਕੂਲ ਦੇ ਕਰਮਚਾਰੀਆਂ ਨਾਲ ਗੱਲਬਾਤ ਕੀਤੀ ਅਤੇ ਵੀਡੀਓ ਵਿੱਚ ਇੱਕ ਅਧਿਕਾਰੀ ਨੂੰ ਮੁੰਡੇ ਨੂੰ "ਇੱਕ ਛੋਟਾ ਜਿਹਾ ਜਾਨਵਰ" ਕਹਿੰਦਿਆਂ ਸੁਣਿਆ ਜਾ ਸਕਦਾ ਹੈ। ਇਸਦੇ ਇਲਾਵਾ ਲੜਕੇ ਦੀ ਮਾਂ ਦੇ ਸਕੂਲ ਪਹੁੰਚਣ ਤੇ ਦੋਵੇਂ ਅਧਿਕਾਰੀ ਉਸਨੂੰ ਲੜਕੇ ਨੂੰ ਕੁੱਟਣ ਲਈ ਉਤਸ਼ਾਹਿਤ ਕਰ ਰਹੇ ਹਨ। ਇਸ ਮਾਮਲੇ ਸੰਬੰਧੀ ਲੜਕੇ ਦੀ ਮਾਂ ਹੁਣ ਮਾਂਟਗੁਮਰੀ ਕਾਉਂਟੀ, ਇਸ ਘਟਨਾ ਵਿੱਚ ਸ਼ਾਮਿਲ ਦੋ ਪੁਲਿਸ ਅਧਿਕਾਰੀ ਅਤੇ ਕਾਉਂਟੀ ਐਜੂਕੇਸ਼ਨ ਬੋਰਡ ਤੇ ਮੁਕੱਦਮਾ ਕਰ ਰਹੀ ਹੈ। ਉਸ ਦੇ ਵਕੀਲ ਅਨੁਸਾਰ ਇਸ ਕਾਰਨ ਲੜਕੇ ਨੂੰ ਭਾਵਾਤਮਕ ਸਦਮਾ ਸਹਿਣਾ ਪਿਆ ਹੈ।

ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

# ਪੰਜਾਬੀ ਮੀਡੀਆ ਜਗਤ ਦੀ ਉੱਘੀ ਸ਼ਖ਼ਸੀਅਤ ਹਰਵਿੰਦਰ ਰਿਆੜ ਦੀ ਬੇਵਕਤੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ


ਗੁਰਿੰਦਰਜੀਤ ਨੀਟਾ ਮਾਛੀਕੇ


ਕੁਲਵੰਤ ਧਾਲੀਆਂ

**ਫਰਿਜ਼ਨੋ, ਕੈਲੀ-ਫੋਰਨੀਆਂ (ਕੁਲ-ਵੰਤ ਧਾਲੀਆਂ / ਨੀਟਾ ਮਾਛੀਕੇ):** ਆਪਣੀ ਚੜਦੀ ਉਮਰੇ ਪੰਜਾਬੀਅਤ ਵਿੱਚ ਪਹਿਚਾਣ ਬਣਾਉਣ ਵਾਲੀ ਸਖਸ਼ੀਅਤ ਉੱਘੇ ਟੀ.ਵੀ. ਐਂਕਰ ਤੇ ਮੰਚ ਸੰਚਾਲਕ ਅਮਰੀਕਾ ਵਸਦੇ ਹਰਵਿੰਦਰ ਰਿਆੜ ਨੂੰ ਬੇਵਕਤ ਆਈ ਮੌਤ ਨੇ ਸਾਡੇ ਤੋਂ ਹਮੇਸਾ ਲਈ ਖੋਹ ਲਿਆ। ਹਰਵਿੰਦਰ ਰਿਆੜ ਪੰਜਾਬੀ ਮਾਂ ਬੋਲੀ ਦਾ ਲਾਡਲਾ ਸਪੂਤ ਸੀ ਅਤੇ ਉਹ ਪੰਜਾਬੀ ਸਾਹਿੱਤ ਦਾ ਗੰਭੀਰ ਵਿਦਿਆਰਥੀ ਰਿਹਾ ਸੀ। ਇਸ ਤੋਂ ਇਲਾਵਾ ਉਸ ਦੀ ਰਾਜਨੀਤਿਕ ਖੇਤਰ ਵਿੱਚ ਵੀ ਬਹੁਤ ਪਕੜ ਸੀ। ਜਿਸ ਦੀ ਉਦਾਹਰਣ ਉਸ ਦੇ ਲਾਈਵ ਟੀ.ਵੀ. ਸ਼ੋਆ ਦੇ ਵਿੱਚ ਆਮ ਝਲਕਦੀ ਸੀ। ਰਿਆੜ ਨੇ ਦੇਸ਼-ਵਿਦੇਸ਼ ਵਿਚ ਮਾਂ ਬੋਲੀ ਦੇ ਪ੍ਰਚਾਰ ਤੇ ਪ੍ਰਸਾਰ ਵਿਚ ਅਹਿਮ ਯੋਗਦਾਨ ਪਾਇਆ। ਜਿਸ ਸਮੇਂ ਪੰਜਾਬ ਵਿੱਚ ਸਟੇਜ਼ ਕਰਨ ਤੋਂ ਲੋਕ ਝਿਜਕਦੇ ਸਨ, ਉਸ ਸਮੇਂ ਰਿਆੜ ਨੇ ਨਿਰਧੜਕ ਆਪਣੀ ਪਹਿਚਾਣ ਬਣਾਈ। ਮਿਲਾਪੜਾ ਸੁਭਾਅ ਹੋਣ ਕਰਕੇ ਸੱਭਿਆਚਾਰਕ ਅਤੇ ਰਾਜਨੀਤਿਕ ਸਖਸੀਅਤਾਂ ਦਾ ਥਾਪੜਾਂ ਵੀ ਉਨਾਂ 'ਤੇ ਹਮੇਸਾ ਰਿਹਾ।

ਨਜ਼ਦੀਕੀਆਂ ਅਨੁਸਾਰ ਰਿਆੜ ਨੇ ਗੁਰੂ ਗੋਬਿੰਦ ਸਿੰਘ ਰੀਪਬਲਿਕ ਕਾਲਜ਼ ਜੰਡਿਆਲਾ ਅਤੇ ਸਪੋਰਟਸ ਕਾਲਜ਼ ਜਲੰਧਰ ਤੋਂ ਗਰੈਜੂਏਸ਼ਨ ਕਰਕੇ ਲਾਇਲਪੁਰ ਖਾਲਸਾ ਕਾਲਿਜ ਚੋਂ ਐੱਮ. ਏ. ਪੰਜਾਬੀ ਕਰਦਿਆਂ ਦੌਰਾਨ ਉਹ ਦੂਰਦਰਸ਼ਨ ਦਾ ਸਫ਼ਲ ਪੇਸ਼ਕਾਰ ਬਣ ਗਿਆ। ਉਹ ਸੱਭਿਆਚਾਰ ਗਤੀਵਿਧੀਆਂ ਅਤੇ ਸ. ਜਗਦੇਵ ਸਿੰਘ ਜੱਸੋਵਾਲ ਦੇ ਸਹਿਯੋਗ ਕਰਕੇ ਪ੍ਰੋ. ਮੋਹਨ ਸਿੰਘ ਫਾਉਂਡੇਸ਼ਨ ਲੁਧਿਆਣਾ ਦਾ ਵੀ ਉਹ ਅਹਿਮ ਹਿੱਸਾ ਰਿਹਾ।



ਜੋ ਹੁਣ ਕਾਫੀ ਸਮੇਂ ਤੋਂ ਅਮਰੀਕਾ ਦੇ ਨਿਊ-ਜਰਸੀ ਸੂਬੇ ਦੇ ਸ਼ਹਿਰ ਕਾਰਟਰੇਟ 'ਚ ਮਾਪਿਆਂ ਤੋਂ ਇਲਾਵਾ ਜੀਵਨ ਸਾਥਣ ਅਮਰਜੀਤ ਕੌਰ ਅਤੇ ਪੁੱਤਰ-ਧੀ ਸਮੇਤ ਵਸਦਿਆਂ, ਉਸ ਨੇ ਪਿਛਲੇ ਉੱਨੀ ਸਾਲ ਤੋਂ ਪੱਤਰਕਾਰੀ, ਸਾਹਿੱਤ ਸਿਰਜਣਾ ਤੇ ਮੰਚ ਪੇਸ਼ਕਾਰੀਆਂ ਕਰਕੇ ਪੂਰੇ ਉੱਤਰੀ ਅਮਰੀਕਾ 'ਚ ਆਪਣੀ ਲਿਆਕਤ ਦਾ ਲੋਹਾ ਮੰਨਵਾਇਆ। 'ਪੰਜਾਬੀ ਰਾਈਟਰ ਵੀਕਲੀ' ਅਖਬਾਰ ਅਤੇ ਪੰਜਾਬੀ ਟੀ. ਵੀ. ਚੈਨਲ 'ਬਾਜ਼' ਉਸ ਦੇ ਲੰਮੇ ਮੀਡੀਆ ਸਫ਼ਰ ਤੇ ਪਰਿਵਾਰਕ ਘਾਲਣਾ ਸਮੇਤ ਦੂਰ ਦ੍ਰਿਸ਼ਟੀ ਦਾ ਹੀ ਨਤੀਜਾ ਹੈ। ਆਪਣੇ ਚੰਗੇ ਸੁਭਾਅ ਅਤੇ ਉੱਚੀ ਸੋਚ ਕਾਰਨ ਉਹ ਅਮਰੀਕਾ ਦੀ ਸਭ ਤੋਂ ਵੱਡੀ ਪੰਜਾਬੀ ਮੀਡੀਆ ਹਸਤੀ ਵਜੋਂ ਉੱਭਰਿਆ ਸੀ।

ਪਰ ਅਚਾਨਕ ਆਪਣੀ ਭਰ ਉਮਰੇ ਵਿਛੋੜਾ ਦੇਣ ਵਾਲੇ ਹਰਵਿੰਦਰ ਰਿਆੜ ਦੇ ਵਿਯੋਗ ਵਿੱਚ ਜਿੱਥੇ ਪਰਿਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ, ਉੱਥੇ ਮੀਡੀਆ ਜਗਤ ਵੀ ਇਕ ਨਿੱਡਰ ਅਤੇ ਨਿਰਪੱਖ ਪੱਤਰਕਾਰ ਤੋਂ ਹਮੇਸਾ ਲਈ ਵਾਂਝਾ ਹੋ ਗਿਆ। ਇਸ ਸਮੇਂ ਪੰਜਾਬੀ ਮੀਡੀਆ ਅਤੇ ਸਾਹਿੱਤਕ ਸਖਸੀਅਤਾ ਵੱਲੋਂ ਸ਼ੋਕ ਸੁਨੇਹੇ ਭੇਜੇ ਜਾ ਰਹੇ ਹਨ। ਕੈਲੀਫੋਰਨੀਆਂ ਦੀਆਂ ਵੱਖ ਅਖ਼ਬਾਰਾਂ ਦੇ ਪ੍ਰਤਿਨਿਧੀਆਂ, ਰੇਡੀਓ ਸੰਚਾਲਨਾਂ ਅਤੇ ਟੀ.ਵੀ. ਪੱਤਰਕਾਰਤਾ ਵੱਲੋਂ ਦੁੱਖ ਦਾ ਪ੍ਰਗਟਾ ਕੀਤਾ ਗਿਆ। ਸਭ ਨੇ ਹਰਵਿੰਦਰ ਰਿਆੜ ਦੀ ਮੌਤ ਉਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪਰਿਵਾਰ ਨਾਲ ਹਮ-ਦਰਦੀ ਪ੍ਰਗਟਾਈ ਹੈ।

# ਸੈਨ ਫ੍ਰਾਂਸਿਸਕੋ ਦੀ ਬਜ਼ੁਰਗ ਏਸ਼ੀਅਨ ਮਹਿਲਾ ਕਰੇਗੀ ਲੱਗਭਗ 1 ਮਿਲੀਅਨ ਡਾਲਰ ਦਾ ਦਾਨ

**ਫਰਿਜ਼ਨੋ, ਕੈਲੀਫੋਰਨੀਆਂ –** ਸੈਨ ਫਰਾਂਸਿਸਕੋ ਦੀ ਇੱਕ ਬਜ਼ੁਰਗ ਏਸ਼ੀਅਨ ਔਰਤ, ਜਿਸ ਨੇ ਆਪਣੇ ਉੱਪਰ ਹੋਏ ਹਮਲੇ ਦੌਰਾਨ ਹਮਲਾਵਰ ਦਾ ਬਹਾਦਰੀ ਨਾਲ ਸਾਹਮਣਾ ਕੀਤਾ ਸੀ ਅਤੇ ਉਸਦੀ ਬਹਾਦਰੀ ਦਾ ਕਿੱਸਾ ਵਾਇਰਲ ਹੋਣ ਤੋਂ ਬਾਅਦ ਉਸ ਨੂੰ ਤਕਰੀਬਨ 1 ਮਿਲੀਅਨ ਡਾਲਰ ਦੇ ਨੇੜ ਦਾਨ ਪ੍ਰਾਪਤ ਹੋਇਆ ਸੀ।

ਇਹ ਮਹਿਲਾ ਹੁਣ, ਉਸਦੇ ਪਰਿਵਾਰ ਦੇ ਅਨੁਸਾਰ, ਜਾਤੀਵਾਦ ਵਿਰੁੱਧ ਲੜਨ ਲਈ ਏਸ਼ੀਅਨ ਅਮਰੀਕੀ ਕਮਿਊਨਿਟੀ ਨੂੰ ਫੰਡ ਦਾਨ ਕਰੇਗੀ। ਸੈਨ ਫਰਾਂਸਿਸਕੋ ਨਿਵਾਸੀ ਜ਼ਿਆਓ ਜ਼ੇਨ ਜ਼ੀ (75) ਪਿਛਲੇ ਬੁੱਧਵਾਰ ਨੂੰ ਉਸ ਉੱਤੇ ਹਮਲਾ



ਕਰਨ ਵਾਲੇ ਇੱਕ ਆਦਮੀ ਦਾ ਲੱਕੜ ਦੇ ਬੋਰਡ ਦੀ ਵਰਤੋਂ ਕਰਕੇ ਸਾਹਮਣਾ ਕਰਨ ਤੋਂ ਬਾਅਦ ਅੰਤਰਰਾਸ਼ਟਰੀ ਪੱਧਰ ਤੇ ਚਰਚਾ ਵਿੱਚ ਆਈ। ਪੁਲਿਸ ਅਨੁਸਾਰ ਇਸ ਘਟਨਾ ਦੇ ਹਮਲਾਵਰ ਦੀ ਪਛਾਣ 39 ਸਾਲਾ ਸਟੀਵਨ ਜੇਨਕਿਨਸ ਵਜੋਂ ਹੋਈ ਹੈ, ਜਿਸ ਨੇ ਜ਼ੀ ਉੱਤੇ ਹਮਲੇ ਤੋਂ ਪਹਿਲਾਂ 83 ਸਾਲਾ ਨਗੋਕ ਫਾਮ ਉੱਤੇ ਵੀ ਹਮਲਾ ਕੀਤਾ ਸੀ। ਜੇਨਕਿਨਜ਼ ਨੂੰ ਘਟਨਾ ਵਾਲੀ ਥਾਂ 'ਤੇ ਗ੍ਰਿਫਤਾਰ ਕਰ ਲਿਆ ਗਿਆ ਸੀ। ਇਸ ਹਮਲੇ ਕਾਰਨ ਜਖਮੀ ਹੋਈ ਜ਼ੀ ਦੇ ਡਾਕਟਰੀ ਖਰਚਿਆਂ ਲਈ ਇੱਕ ਆਨਲਾਈਨ ਫੰਡਰੇਜ਼ਰ ਰਾਹੀਂ ਸ਼ੁਰੂਆਤੀ 50,000 ਡਾਲਰ ਦੇ ਟੀਚੇ ਤੋਂ ਬਾਅਦ , 900,000 ਡਾਲਰ ਤੋਂ ਵੱਧ ਇਕੱਠੇ ਕੀਤੇ। ਇਸ ਉਪਰੰਤ ਜ਼ੀ ਦੇ ਪੋਤੇ, ਜੌਨ ਚੇਨ ਨੇ ਦੱਸਿਆ ਕਿ ਉਸਦਾ ਪਰਿਵਾਰ ਏਸ਼ੀਆਈ ਅਮਰੀਕੀਆਂ ਵਿਰੁੱਧ ਨਫ਼ਰਤ ਦਾ ਮੁਕਾਬਲਾ ਕਰਨ ਲਈ ਇਹ ਸਾਰਾ ਪੈਸਾ ਦਾਨ ਵਿੱਚ ਦੇਵੇਗਾ। ਜ਼ੀ ਦੀ ਸਿਹਤ ਸੰਬੰਧੀ ਉਸਦੇ ਪਰਿਵਾਰ ਅਨੁਸਾਰ ਹੁਣ ਉਸਦੀ ਮਾਨਸਿਕ ਅਤੇ ਸਰੀਰਕ ਸਿਹਤ ਵਿੱਚ ਸੁਧਾਰ ਹੋਇਆ ਹੈ।



# ਸ਼ਹੀਦ ਭਗਤ ਸਿੰਘ ਤੇ ਅਛੂਤ ਦਾ ਸਵਾਲ



Ronki Ram
Shaheed Bhagat Singh Chair Professor
of Political Science
Panjab University, Chandigarh
ronkiram@yahoo.co.in
Visiting Professor, Centre for Sikh
and Panjabi Studies,
University of Wolverhampton, UK

**ਹੁਣ ਜਾਂ ਕਦੇ ਵੀ ਕੁਝ ਹਾਸਿਲ ਕਰ ਸਕਣ ਦੀ ਕਿਸੇ ਵੀ ਖ਼ੁਦਗਰਜ਼ੀ ਤੋਂ ਬਿਨਾਂ ਮੈਂ ਕਾਫ਼ੀ ਬੇਲਾਗ ਹੋ ਕੇ ਅਪਣੀ ਜ਼ਿੰਦਗੀ ਆਜ਼ਾਦੀ ਦੇ ਆਦਰਸ਼ ਦੇ ਲੇਖੇ ਲਾਈ ਹੈ, ਕਿਉਂਕਿ ਮੇਰੇ ਕੋਲ ਇਸ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ। ਜਿਸ ਦਿਨ ਮਨੁੱਖਤਾ ਦੀ ਸੇਵਾ ਤੇ ਦੁਖ ਝਾਗ ਰਹੀ ਮਨੁੱਖਤਾ ਦੇ ਨਜਾਤ ਦੀ ਭਾਵਨਾ ਨਾਲ਼ ਪ੍ਰੇਰਿਤ ਬਹੁਤ ਸਾਰੇ ਮਰਦ-ਔਰਤਾਂ ਅੱਗੇ ਆ ਗਏ - ਜਿਹੜੇ ਇਸ ਬਗ਼ੈਰ ਹੋਰ ਕਿਸੇ ਚੀਜ਼ ਤੇ ਜੀਵਨ ਨਹੀਂ ਲਾ ਸਕਦੇ - ਉਸ ਦਿਨ ਤੋਂ ਮੁਕਤੀ ਦਾ ਯੁੱਗ ਸ਼ੁਰੂ ਹੋਵੇਗਾ। ਉਹ ਦਮਨਕਾਰੀ, ਲੋਟੂਆਂ ਤੇ ਜ਼ਾਲਮਾਂ ਨੂੰ ਏਸ ਗੱਲੋਂ ਨਹੀਂ ਵੰਗਾਰਨਗੇ ਕਿ ਉਹ ਇਸ ਜਾਂ ਅਗਲੇ ਜਨਮ ਵਿਚ ਜਾਂ ਮੌਤ ਮਗਰੋਂ ਬਹਿਸ਼ਤ ਵਿਚ ਬਾਦਸ਼ਾਹ ਬਣ ਜਾਣਗੇ ਜਾਂ ਉਨ੍ਹਾਂ ਨੂੰ ਕੋਈ ਇਨਾਮ ਮਿਲ ਜਾਵੇਗਾ, ਸਗੋਂ ਮਨੁੱਖਤਾ ਦੀ ਧੌਣ ਤੋਂ ਗ਼ੁਲਾਮੀ ਦਾ ਜੂਲ਼ਾ ਲਾਹੁਣ ਲਈ ਤੇ ਆਜ਼ਾਦੀ ਤੇ ਅਮਨ ਕਾਇਮ ਕਰਨ ਲਈ ਹੀ ਉਹ ਇਸ ਬਿਖੜੇ ਪਰ ਇੱਕੋ-ਇਕ ਸ਼ਾਨਦਾਰ ਮਾਰਗ ਉੱਤੇ ਚਲਣਗੇ।**

**- ਭਗਤ ਸਿੰਘ**

ਰਤ ਦੀਆਂ ਗ਼ੈਰ-ਦਲਿਤ ਸਮਾਜ ਸੁਧਾਰਕ ਤੇ ਕੌਮੀ ਮੁਕਤੀ ਲਹਿਰਾਂ ਵਿੱਚੋਂ ਕੇਵਲ ਇਜੇਹੀਆਂ ਦੋ ਹੀ ਤਹਿਰੀਕਾਂ ਹਨ, ਜਿਨ੍ਹਾਂ ਨੇ ਭਾਰਤੀ ਸਮਾਜ ਦੇ ਦੋ ਅਹਿਮ ਮੁੱਦਿਆਂ-ਧਰਮ ਤੇ ਜਾਤ ਤੇ ਜਮਹੂਰੀ ਤੇ ਧਰਮ ਨਿਰਪੱਖ ਸੋਚ ਨੂੰ ਅਪਣਾਅ ਕੇ ਕੌਮੀ ਮੁਕਤੀ ਦੇ ਨਾਲ਼-ਨਾਲ਼ ਦਲਿਤ ਮੁਕਤੀ ਦੇ ਸਵਾਲ ਨੂੰ ਵੀ ਛੂਹਿਆ। ਇਹ ਦੋਵੇਂ ਤਹਿਰੀਕਾਂ ਇਨਕਲਾਬੀ ਜਦੋਜਹਿਦ ਤੇ ਵਿਚਾਰਧਾਰਾ ਨਾਲ਼ ਸੰਬੰਧਤ ਸਨ। ਇਨ੍ਹਾਂ ਵਿਚੋਂ ਪਹਿਲੀ ਤਹਿਰੀਕ ਸੀ ਗ਼ਦਰ ਲਹਿਰ। ਗ਼ਦਰ ਲਹਿਰ ਨੇ ਭਾਰਤ ਦੀ ਆਜ਼ਾਦੀ ਦੇ ਸੰਘਰਸ਼ ਦੀ ਸ਼ੁਰੂਆਤ ਉੱਤਰੀ ਅਮਰੀਕਾ ਦੇ ਜਮਹੂਰੀ ਮਾਹੌਲ ਤੋਂ ਪ੍ਰੇਰਣਾ ਲੈ ਕੇ ਕੀਤੀ। ਗ਼ਦਰ ਪਾਰਟੀ ਨੇ ਧਰਮ ਤੇ ਰਾਜਨੀਤੀ ਨੂੰ ਵੱਖ-ਵੱਖ ਰੱਖਕੇ ਸੰਪਰਦਾਇਕ ਸਦਭਾਵਨਾ ਦਾ ਪ੍ਰਚਾਰ ਕਰਦਿਆਂ ਛੂਤ-ਛਾਤ ਨੂੰ ਪੂਰਣ ਤੌਰ ਤੇ ਰੱਦ ਕੀਤਾ ਤੇ ਕਿਸੇ ਵੀ ਤਰ੍ਹਾਂ ਦੇ ਜਾਤੀ, ਨਸਲ ਤੇ ਧਰਮ ਆਦਿ ਦੇ ਭੇਦਭਾਵ ਦਾ ਪੁਰਜ਼ੋਰ ਖੰਡਨ ਕੀਤਾ। ਇਸ ਲਹਿਰ ਨੂੰ ਪਰਨਾਏ ਇਨਕਲਾਬੀਆਂ ਦੀ ਇਹ ਮਨਸ਼ਾ ਸੀ ਕਿ ਭਾਰਤ ਵਿਚ ਅਮਰੀਕਾ ਵਰਗੇ ਲੋਕਤੰਤਰੀ ਰਾਜ ਦੀ ਸਥਾਪਨਾ ਹੋਵੇ, ਜਿਥੇ ਸਭ ਲੋਕਾਂ ਵਿਚ ਸਮਾਜਿਕ ਬਰਾਬਰੀ ਦਾ ਬੋਲਬਾਲਾ ਹੋਵੇ। ਉਹ ਆਰਥਿਕ ਖੇਤਰ ਵਿਚ ਵੀ ਬਰਾਬਰੀ ਦੇ ਸਿਧਾਂਤ ਨੂੰ ਪੂਰੀ ਤਰ੍ਹਾਂ ਲਾਗੂ ਕਰਨਾ ਚਾਹੁੰਦੇ ਸਨ।

ਹਿੰਦੀ ਐਸੋਸੀਏਸ਼ਨ ਆੱਵ ਪੈਸੇਫ਼ਿਕ ਕੋਸਟ ਯਾਨੀ ਗ਼ਦਰ ਪਾਰਟੀ ਦੀ ਨੀਂਹ 21 ਅਪ੍ਰੈਲ 1913 ਨੂੰ ਐਸਟੋਰੀਆ ਵਿਚ ਰੱਖੀ ਗਈ ਸੀ। ਇਸ ਜੱਥੇਬੰਦੀ ਦਾ ਮਕਸਦ ਹਿੰਦੋਸਤਾਨ ਵਿਚ ਹਥਿਆਰਬੰਦ ਇਨਕਲਾਬ ਕਰਕੇ ਜਮਹੂਰੀ ਰੀਪਬਲਿਕ ਕਾਇਮ ਕਰਨਾ ਸੀ। ਇਸ ਜੱਥੇਬੰਦੀ ਦੇ ਵਿਧਾਨ ਵਿਚ ਦਰਜ ਸੀ ਕਿ ਇਸ ਦੀਆਂ ਮੀਟਿੰਗਾਂ ਵਿਚ ਕੋਈ ਵੀ ਮਜ਼ਹਬੀ ਬਹਿਸ ਨਹੀਂ ਹੋਵੇਗੀ। ਮਜ਼ਹਬ ਹਰ ਕਿਸੇ ਦਾ ਅਪਣਾ ਨਿਜੀ ਮਾਮਲਾ ਹੈ। ਛੂਤਛਾਤ ਵਿਚ ਯਕੀਨ ਰੱਖਣ ਵਾਲ਼ਾ ਆਦਮੀ ਇਸ ਦਾ ਮੈਂਬਰ ਨਹੀਂ ਬਣ ਸਕਦਾ। ਗ਼ਦਰੀ ਹਿੰਦੋਸਤਾਨ ਵਿਚ ਰੀਪਬਲਿਕ, ਲੋਕਾਂ ਦੀਆਂ ਵੋਟਾਂ ਨਾਲ਼ ਚੁਣੀ ਹੋਈ ਡੈਮੋਕਰੈਟਿਕ ਹਕੂਮਤ ਸਥਾਪਤ ਕਰਨੀ ਚਾਹੁੰਦੇ ਸਨ। ਛੂਤ-ਛਾਤ ਨੂੰ ਉਹ ਸਮਾਜ ਦਾ ਕੋਹੜ ਸਮਝਦੇ ਸਨ। ਉਨ੍ਹਾਂ ਦੀ ਰਾਜਸੀ ਸੋਚ ਧਰਮਨਿਰਲੇਪ ਸੀ, ਜਿਸ ਉੱਤੇ ਉਹ ਜ਼ਿੰਦਗੀ ਭਰ ਖੜ੍ਹੇ ਰਹੇ। ਸੂਬਾਵਾਦ ਜਾਂ ਜਾਤ ਤੁਅੱਸਬ ਉਨ੍ਹਾਂ ਦੇ ਨੇੜਿਉਂ ਵੀ ਨਹੀਂ ਸੀ ਲੰਘਿਆ।

ਗ਼ਦਰੀ ਬਾਬਿਆਂ ਨੇ ਗ਼ਦਰ ਲਹਿਰ ਦੇ ਉਦੇਸ਼ਾਂ ਤੇ ਮਨੋਰਥਾਂ ਨੂੰ ਆਖ਼ਿਰੀ ਸਾਹਾਂ ਤਕ ਨਿਭਾਇਆ। ਉਨ੍ਹਾਂ ਨੇ ਜਾਤਪਾਤ ਦੇ ਵਿਧਾਨ ਨੂੰ ਅਪਣੀ ਕਾਰਗੁਜ਼ਾਰੀ ਤੇ ਆਪਸੀ ਸੰਬੰਧਾਂ ਦੇ ਖੇਤਰ ਵਿਚ ਪੂਰੀ ਤਰ੍ਹਾਂ ਰੱਦ ਕੀਤਾ ਹੋਇਆ ਸੀ। ਭਗਤ ਸਿੰਘ ਬਿਲ਼ਗਾ ਦੀ 'ਗ਼ਦਰ ਲਹਿਰ ਦੇ ਅਣਫੋਲੇ ਵਰਕੇ' ਪੁਸਤਕ ਵਿਚਲੇ ਉਲੇਖ ਤੋਂ ਗ਼ਦਰੀ ਬਾਬਿਆਂ ਦੀ ਜਾਤਪਾਤੀ ਵਿਤਕਰੇ ਪ੍ਰਤੀ ਅਣਹੋਂਦ ਦਾ ਜੋ ਜ਼ਿਕਰ ਮਿਲਦਾ ਹੈ, ਉਹਨੂੰ ਇਥੇ ਦਰਸਾਉਣਾ ਪ੍ਰਸੰਗਕ ਹੈ। ਇਹ ਉਲੇਖ ਕਾਲ਼ੇਪਾਣੀ ਵਾਲ਼ੀ ਅੰਡੇਮਾਨ ਜੇਲ ਵਿਚ ਬੰਦ ਗ਼ਦਰੀ ਬਾਬਿਆਂ ਦੀ ਲੂੰ-ਕੰਡੇ ਖੜ੍ਹੇ ਕਰਨ ਵਾਲ਼ੀ ਦਾਸਤਾਂ ਨਾਲ਼ ਸੰਬੰਧਤ ਹੈ, ਜਿਸ ਵਿਚ ਗ਼ਦਰੀ ਬਾਬਾ ਸੋਹਣ ਸਿੰਘ ਭਕਨਾ ਤੇ ਬਾਬਾ ਪ੍ਰਿਥਵੀ ਸਿੰਘ ਦੀ ਭੁੱਖ ਹੜਤਾਲ ਦਾ ਵੇਰਵਾ ਮਿਲ਼ਦਾ ਹੈ। ਜਦੋਂ ਇਨ੍ਹਾਂ ਦੋਨਾਂ ਗ਼ਦਰੀ ਬਾਬਿਆਂ ਦੀ ਭੁੱਖ ਹੜਤਾਲ ਨਾਲ਼ ਹਾਲਤ ਨਾਜ਼ਕ ਹੋ ਗਈ, ਤਾਂ ਇਨ੍ਹਾਂ ਨੂੰ ਜਬਰੀ ਖ਼ੁਰਾਕ ਦਿੱਤੀ ਜਾਣ ਲੱਗੀ। ਜਬਰੀ ਖ਼ੁਰਾਕ ਜੇਲ ਦੇ ਹੀ ਭੰਗੀਆਂ ਤੋਂ ਦੁਆਈ ਜਾਂਦੀ ਸੀ, ਜੋ ਅਪਣੇ-ਆਪ ਦੇ ਵਿਚ ਵੀ ਸਜ਼ਾ ਸੀ, ਕਿਉਂਕਿ ਭੰਗੀਆਂ ਦੀ ਤਾਂ ਭਿੱਟ ਮੰਨੀ ਜਾਂਦੀ ਸੀ। ਇਸ ਲਈ ਉਨ੍ਹਾਂ ਹੱਥੋਂ ਖ਼ੁਰਾਕ ਖਾਣਾ, ਇਸ ਨੁਕਤਾ-ਨਿਗਾਹ ਤੋਂ, ਸਜ਼ਾ ਮੰਨਿਆ ਜਾਂਦਾ ਸੀ। ਜਦੋਂ ਬਾਬਾ ਸੋਹਣ ਸਿੰਘ ਭਕਨਾ ਤੇ ਬਾਬਾ ਪ੍ਰਿਥਵੀ ਸਿੰਘ ਨੂੰ ਭੰਗੀਆਂ ਤੋਂ ਜਬਰੀ ਖ਼ੁਰਾਕ ਦੇਣ ਦਾ ਵੇਲਾ ਆਇਆ ਤਾਂ ਇਨ੍ਹਾਂ ਦੋਨਾਂ ਗ਼ਦਰੀ ਬਾਬਿਆਂ ਨੇ ਭੰਗੀਆਂ ਨੂੰ ਦੇਖ ਕੇ 'ਉਨ੍ਹਾਂ ਨੂੰ ਜੱਫੀਆਂ ਪਾ ਲਈਆਂ ਤੇ ਕਿਹਾ ਕਿ ਧੰਨਭਾਗ ਹਨ ਸਾਡੇ ਕਿ ਤੁਹਾਡੇ ਪਵਿੱਤਰ ਹੱਥ ਸਾਨੂੰ ਲੱਗੇ ਹਨ।'

ਗ਼ਦਰ ਲਹਿਰ ਦੌਰਾਨ ਕੌਮੀ ਮੁਕਤੀ ਅੰਦੋਲਨ ਦੇ ਨਾਲ਼-ਨਾਲ਼ ਸ਼ਾਇਦ ਇਹ ਪਹਿਲਕਦਮੀ ਸੀ, ਜਦੋਂ ਇਸ ਪੱਧਰ ਉੱਤੇ ਤੇ ਇਨਕਲਾਬੀ ਤੌਰ 'ਤੇ ਜ਼ਾਤਪਾਤ ਦੇ ਖੰਡਨ ਤੇ ਪਤਨ ਦੀ ਗੱਲ ਤੁਰੀ ਹੋਵੇ। ਗ਼ਦਰ ਲਹਿਰ ਦੀ ਇਸ ਪਹਿਲ-ਕਦਮੀ ਦਾ ਦਲਿਤ ਮੁਕਤੀ ਅੰਦੋਲਨ ਵਿਚ ਹਮੇਸ਼ਾ ਜ਼ਿਕਰ ਹੁੰਦਾ ਰਹੇਗਾ। ਗ਼ਦਰ ਲਹਿਰ ਤੋਂ ਬਾਅਦ ਦੂਸਰੀ ਇਨਕਲਾਬੀ ਤਹਿਰੀਕ ਜਿਸ ਦੌਰਾਨ ਇਕ ਵਾਰ ਫਿਰ ਦਲਿਤ ਮੁਕਤੀ ਅੰਦੋਲਨ ਦੀ ਗੱਲ ਤੁਰਦੀ ਹੈ ਉਹ ਹੈ - ਭਗਤ ਸਿੰਘ ਚੰਦਰ ਸ਼ੇਖਰ ਆਜ਼ਾਦ ਹੁਰਾਂ ਦੀ ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਪਾਰਟੀ। ਭਗਤ ਸਿੰਘ ਦੇ ਜ਼ਾਤਪਾਤ ਦੇ ਮਸਲ੍ਹਿਆਂ ਨਾਲ਼ ਸੰਬੰਧਤ ਵਿਚਾਰਾਂ ਬਾਰੇ ਚਰਚਾ ਕਰਨ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਉਨ੍ਹਾਂ ਦੇ ਜੀਵਨ ਉੱਤੇ ਪਏ ਸਕਾਰਾਤਮਕ ਪ੍ਰਭਾਵਾਂ ਦਾ ਵੀ ਜ਼ਿਕਰ ਕੀਤਾ ਜਾਵੇ, ਜਿਸ ਤੋਂ ਉਨ੍ਹਾਂ ਦੀ ਜਾਤ ਪ੍ਰਤੀ ਇਨਕਲਾਬੀ ਸੋਚ ਨੂੰ ਸਮਝਣ ਵਿਚ ਕਾਫ਼ੀ ਮਦਦ ਮਿਲ਼ ਸਕਦੀ ਹੈ।

### ਭਗਤ ਸਿੰਘ ਦੀ ਪਰਵਰਿਸ਼

ਭਗਤ ਸਿੰਘ ਦੇ ਪਰਿਵਾਰ ਦਾ ਅੰਗਰੇਜ਼ ਹਕੂਮਤ ਦੇ ਵਿਰੁੱਧ ਚੱਲ ਰਹੀ ਲਹਿਰ ਵਿਚ ਬਹੁਤ ਵੱਡਾ ਯੋਗਦਾਨ ਸੀ। ਉਨ੍ਹਾਂ ਦੇ ਚਾਚਾ ਅਜੀਤ ਸਿੰਘ ਨੇ ਬਾਂਕੇ ਦਿਆਲ ਨਾਲ਼ ਮਿਲ ਕੇ ਅੰਗਰੇਜ਼ ਸਰਕਾਰ ਦੇ ਜ਼ਮੀਨਾਂ ਸੰਬੰਧੀ ਬਿੱਲ ਦੀ ਮੁਖ਼ਾਲਫ਼ਤ ਕੀਤੀ। ਉਨ੍ਹਾਂ ਦੇ ਪਿਤਾ ਕਿਸ਼ਨ ਸਿੰਘ ਨੇ ਵੀ ਇਸ ਸੰਘਰਸ਼ ਵਿਚ ਹਿੱਸਾ ਪਾਇਆ। ਇਸ ਸੰਘਰਸ਼ ਕਰਕੇ ਅਜੀਤ ਸਿੰਘ ਤੇ ਲਾਜਪਤ ਰਾਏ ਨੂੰ ਮਾਂਡਲੇ ਜੇਲ ਭੇਜ ਦਿਤਾ ਗਿਆ ਤੇ ਕਿਸ਼ਨ ਸਿੰਘ ਨੂੰ ਵੀ ਜੇਲ ਭੇਜ ਦਿੱਤਾ। ਉਨ੍ਹਾਂ ਦਾ ਸ਼ੁਰੂ ਕੀਤਾ ਸੰਘਰਸ਼ ਸਫਲ ਹੋ ਗਿਆ ਤੇ ਉਹ ਬਿੱਲ 1907 ਵਿਚ ਵਾਪਸ ਲੈ ਲਿਆ ਗਿਆ ਸੀ ਤੇ ਇਸ ਤੋਂ ਥੋੜ੍ਹੀ ਦੇਰ ਬਾਅਦ ਹੀ ਅਜੀਤ ਸਿੰਘ, ਲਾਜਪਤ ਰਾਏ ਤੇ ਕਿਸ਼ਨ ਸਿੰਘ ਨੂੰ ਰਿਹਾਈ ਹੋ ਗਈ। ਭਗਤ ਸਿੰਘ ਦੇ ਚਾਚਾ ਤੇ ਪਿਤਾ ਜੀ ਨੇ 1906 ਦੇ ਕੱਲਕਤੇ ਹੋਏ ਕਾਂਗਰਸ ਦੇ ਇਜਲਾਸ ਵਿਚ ਵੀ ਸ਼ਮੂਲੀਅਤ ਕੀਤੀ ਸੀ, ਜਿਥੇ ਉਨ੍ਹਾਂ ਨੂੰ ਬਾਲ ਗੰਗਾਧਰ ਤਿਲਕ ਦੇ ਵਿਚਾਰਾਂ ਨੇ ਕਾਫ਼ੀ ਪ੍ਰਭਾਵਿਤ ਕੀਤਾ। ਉਨ੍ਹਾਂ ਨੇ ਕਾਂਗਰਸ ਦੇ ਦਿੱਤੇ ਗਏ 'ਵਿਦੇਸ਼ੀ ਵਸਤਾਂ ਦੇ ਬਾਈਕਾਟ' ਦੇ ਸੱਦੇ ਨੂੰ ਲਾਗੂ ਕਰਨ ਵਿਚ ਵੱਡਾ ਯੋਗਦਾਨ ਪਾਇਆ ਤੇ ਕੁਝ ਸਮੇਂ ਲਈ 'ਭਾਰਤ ਮਾਤਾ' ਨਾਂ ਦਾ ਅਖ਼ਬਾਰ ਵੀ ਕੱਢਿਆ। ਬਾਅਦ ਵਿਚ ਉਨ੍ਹਾਂ ਦੇ ਉਦਮਾਂ ਸਦਕੇ ਭਾਰਤ ਮਾਤ ਸੁਸਾਇਟੀ ਦੀ ਸਥਾਪਨਾ ਕੀਤੀ ਗਈ।



ਭਗਤ ਸਿੰਘ ਦੇ ਜੀਵਨ ਤੇ ਗ਼ਦਰ ਲਹਿਰ ਦਾ ਸਿੱਧਾ ਪ੍ਰਭਾਵ ਪਿਆ। ਪਰਿਵਾਰ ਤੋਂ ਬਾਅਦ ਭਗਤ ਸਿੰਘ ਤੇ ਜਿਸ ਸ਼ਖ਼ਸੀਅਤ ਨੇ ਬਹੁਤ ਪ੍ਰਭਾਵ ਪਾਇਆ ਤੇ ਜਿਹਨੂੰ ਉਹ ਅਪਣਾ ਪ੍ਰੇਰਣਾ ਸਰੋਤ ਸਮਝਦੇ ਸੀ, ਉਹ ਸੀ ਸ਼ਹੀਦ ਕਰਤਾਰ ਸਿੰਘ ਸਰਾਭਾ। ਉਹ ਅਪਣੀ ਮਾਤਾ ਜੀ ਵਿਦਿਆਵਤੀ ਨੂੰ ਸ਼ਹੀਦ ਕਰਤਾਰ ਸਿੰਘ ਦੀ ਫ਼ੋਟੋ ਵਿਖਾ ਕੇ ਕਿਹਾ ਕਰਦੇ ਸਨ: "ਪਿਆਰੀ ਬੇਬੇ ਜੀ, ਇਹ ਹੈ ਮੇਰਾ ਗੁਰੂ, ਮੇਰਾ ਸਾਥੀ ਤੇ ਮੇਰਾ ਭਰਾ।" ਉਹ ਅਪਣੀ ਹੀ ਮਸਤੀ ਵਿਚ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਲਿਖਿਆ ਬੈਂਤ ਗਾਉਂਦਾ ਰਹਿੰਦਾ ਸੀ:

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ,
ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।
ਜਿਨ੍ਹਾਂ ਵੀ ਦੇਸ਼ ਸੇਵਾ ਵਿਚ ਪੈਰ ਪਾਇਆ,
ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।

ਭਗਤ ਸਿੰਘ ਦੇ ਭਣੇਵੇਂ ਜਗਮੋਹਨ ਸਿੰਘ ਅਨੁਸਾਰ ਭਗਤ ਸਿੰਘ ਸ਼ਹੀਦ ਕਰਤਾਰ ਸਿੰਘ ਸਰਾਭੇ ਨੂੰ ਅਪਣਾ ਸਿਆਸੀ ਗੁਰੂ ਤਸੱਵਰ ਕਰਦਾ ਸੀ। 1914-15 ਵਿਚ ਗ਼ਦਰੀਆਂ ਤੇ ਕਰਤਾਰ ਸਿੰਘ ਸਰਾਭੇ ਦਾ ਘਰ ਆਉਣ-ਜਾਣ ਬਣਿਆ ਹੋਇਆ ਸੀ। ਤੇ ਉਸ ਤੋਂ ਬਾਅਦ ਵੀ ਘਰ ਵਿਚ ਗ਼ਦਰ ਪਾਰਟੀ ਦੀਆਂ ਗੱਲਾਂ ਚਲਦੀਆਂ ਸਨ। ਜਿਥੋਂ ਤਕ ਜ਼ਾਤਪਾਤ ਦੇ ਵਿਰੋਧ ਦਾ ਸਵਾਲ ਹੈ ਇਹਦੇ ਪ੍ਰਭਾਵ ਦਾ ਸੰਬੰਧ ਭਗਤ ਸਿੰਘ ਦੇ ਪਰਿਵਾਰ ਵਿਚ ਜ਼ਾਤਪਾਤ ਦੀ ਅਣਹੋਂਦ ਨਾਲ਼ ਹੈ। ਭਗਤ ਸਿੰਘ ਦੇ ਦਾਦਾ ਜੀ ਸਰਦਾਰ ਅਰਜਨ ਸਿੰਘ ਆਰੀਆ ਸਮਾਜੀ ਪ੍ਰਭਾਵ ਹੇਠ ਆ ਕੇ ਅੰਧ-ਵਿਸ਼ਵਾਸਾਂ ਤੇ ਛੂਤਛਾਤ ਤੋਂ ਮੁਕਤ ਹੋ ਗਏ ਸਨ ਤੇ ਪੇਂਡੂ ਦੱਬੇ-ਕੁਚਲੇ ਵਰਗ ਦੇ ਨੇੜੇ ਹੋ ਕੇ ਉਨ੍ਹਾਂ ਦਾ ਸਹਾਰਾ ਬਣ ਗਏ ਸੀ।

ਬਚਪਨ ਵਿਚ ਭਗਤ ਸਿੰਘ ਨੂੰ ਕਾਮੇ, ਕਿਰਤੀ ਤੇ ਕਿਸਾਨਾਂ ਲਈ ਪਿਆਰ, ਅੰਧ-ਵਿਸ਼ਵਾਸ ਤੋਂ ਮੁਕਤੀ ਤੇ ਹਰ ਚੀਜ਼ ਨੂੰ ਤਰਕਸ਼ੀਲਤਾ ਨਾਲ਼ ਘੋਖਣਾ ਅਪਣੇ ਬਾਬਾ ਜੀ ਅਰਜਨ ਸਿੰਘ ਤੋਂ ਮਿਲ਼ਿਆ ਸੀ। ਭਗਤ ਸਿੰਘ ਨੇ ਅਪਣੇ ਪਿਤਾ ਕਿਸ਼ਨ ਸਿੰਘ ਤੋਂ ਵੀ ਆਜ਼ਾਦੀ ਦੇ ਸੰਘਰਸ਼ ਵਿਚ ਕੁੱਦਣ ਦੀ ਪ੍ਰੇਰਣਾ ਲਈ। ਜਗਮੋਹਨ ਸਿੰਘ ਦੇ ਸ਼ਬਦਾਂ ਵਿਚ "ਸਰਦਾਰ ਕਿਸ਼ਨ ਸਿੰਘ ਜਦ ਕਦੇ ਕਿਸੇ ਜਨਤਕ ਜਲਸੇ ਵਿਚ ਜਾਂਦੇ, ਤਾਂ ਭਗਤ ਸਿੰਘ ਵੀ ਨਾਲ਼ ਹੁੰਦੇ ਤੇ ਕਈ ਵਾਰ ਦਸ-ਬਾਰਾਂ ਸਾਲਾਂ ਦਾ ਭਗਤ ਸਿੰਘ ਤਕਰੀਰ ਵੀ ਕਰਦਾ। 17-19 ਜਨਵਰੀ 1921 ਨਾਮਧਾਰੀ ਲਹਿਰ ਤੋਂ ਪਾਬੰਦੀ ਉਠਾਈ ਗਈ, ਤਾਂ ਮੁਠੱਡੇ (ਜਲੰਧਰ) ਇੱਕਠ ਹੋਇਆ। ਅਪਣੇ ਪਿਤਾ ਨਾਲ਼ ਭਗਤ ਸਿੰਘ ਨਾਲ਼ ਇਥੇ ਆਏ ਤੇ ਤਕਰੀਰ ਵੀ ਕੀਤੀ। ਸ਼ਹੀਦ ਭਗਤ ਸਿੰਘ ਦੇ ਅਪਣੇ ਸ਼ਬਦਾਂ ਵਿਚ: "ਫੇਰ ਮੈਂ ਅਪਣੇ ਪਿਤਾ ਜੀ ਨਾਲ਼ ਰਹਿਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦਾ ਧਾਰਮਕ ਦ੍ਰਿਸ਼ਟੀਕੋਣ ਉਦਾਰ ਸੀ। ਉਨ੍ਹਾਂ ਦੀਆਂ ਸਿੱਖਿਆਵਾਂ ਸਦਕਾ ਹੀ ਮੈਂ ਅਪਣੀ ਜ਼ਿੰਦਗੀ ਆਜ਼ਾਦੀ ਦੇ ਆਦਰਸ਼ ਨੂੰ ਅਰਪੀ।"

ਭਗਤ ਸਿੰਘ ਨੇ ਅਪਣੀ ਪ੍ਰਾਇਮਰੀ ਤਕ ਦੀ ਪੜ੍ਹਾਈ ਪਿੰਡ ਬੰਗੇ ਤੋਂ ਹੀ ਕੀਤੀ ਤੇ 1916 ਵਿਚ ਲਾਹੌਰ ਦੇ ਡੀ. ਏ. ਵੀ. ਸਕੂਲ ਬੋਰਡਿੰਗ ਵਿਚ ਦਾਖ਼ਲਾ ਲਿਆ। 1917 ਵਿਚ ਇਨ੍ਹਾਂ ਦੇ ਪਿਤਾ ਕਿਸ਼ਨ ਸਿੰਘ ਨੇ ਅਪਣਾ ਘਰ ਲਾਹੌਰ ਲੈ ਆਂਦਾ, ਤਾਂ ਕਿ ਭਗਤ ਸਿੰਘ ਦੀ ਪੜ੍ਹਾਈ-ਲਿਖਾਈ ਚੰਗੀ ਹੋ ਸਕੇ। ਉਨ੍ਹਾਂ ਦੇ ਲਾਹੌਰ ਦੇ ਵਿਚ ਮਕਾਨ ਦੇ ਕੋਲ਼ ਹੀ ਵੱਡੀ ਹਵੇਲੀ ਵਿਚ ਨਾਮਧਾਰੀ ਗੁਰੂ ਆ ਕੇ ਠਹਿਰਿਆ ਕਰਦੇ ਸਨ, ਜਿਸ ਕਰਕੇ ਭਗਤ ਸਿੰਘ ਹੁਰਾਂ ਨੂੰ ਨਾਮਧਾਰੀ ਲਹਿਰ ਨੂੰ ਵੀ ਬਹੁਤ ਨੇੜਿਓਂ ਜਾਣਨ ਦਾ ਮੌਕਾ ਮਿਲ਼ਿਆ। ਜਿਸ ਬਾਰੇ ਫਰਵਰੀ 1928 ਵਿਚ ਦਿਲੀ ਤੋਂ ਛਪਣ ਵਾਲੇ ਹਿੰਦੀ ਦੇ ਰਸਾਲੇ 'ਮਹਾਂਰਥੀ' ਵਿਚ ਉਨ੍ਹਾਂ ਨੇ ਬੀ. ਐੱਸ. ਸੰਧੂ ਦੇ ਕਲਮੀ ਨਾਂ ਹੇਠਾਂ ਕੂਕਾ ਲਹਿਰ 'ਤੇ ਲੇਖ ਲਿਖਿਆ। ਇਸ ਲੇਖ ਨੂੰ ਪੜ੍ਹਦਿਆਂ ਇਹ ਸਹਿਜੇ ਹੀ ਪਤਾ ਚਲ ਜਾਂਦਾ ਹੈ ਕਿ ਉਸ ਵੇਲੇ ਮਸਾਂ 20 ਸਾਲ ਦੀ ਉਮਰੇ ਉਨ੍ਹਾਂ ਦੀ ਜਾਣਕਾਰੀ ਤੇ ਵਿਸ਼ਲੇਸ਼ਣ ਕਰਨ ਦੀ ਸੋਝੀ ਕਿੰਨੀ ਤੀਬਰ ਸੀ ਜੋ ਉਨ੍ਹਾਂ ਦੇ ਅਪਣੇ ਆਲ਼ੇ ਦੁਆਲ਼ੇ ਦੇ ਹਾਲਾਤ ਨੂੰ ਸਮਝਣ ਲਈ ਕੀਤੇ ਬੌਧਿਕ ਤੇ ਯਥਾਰਥਕ ਯਤਨ ਮੂੰਹ ਬੋਲਦੀ ਤਸਵੀਰ ਹੈ। ਅਕਤੂਬਰ 1928 ਦੇ 'ਕਿਰਤੀ' ਮਾਸਿਕ ਪੱਤਰ ਵਿਚ ਉਨ੍ਹਾਂ ਨੇ ਇਕ ਵਾਰ ਫਿਰ ਕੂਕਾ ਬਗ਼ਾਵਤ 'ਤੇ 'ਵਿਦਰੋਹੀ' ਦੇ ਕਲਮੀ ਨਾਂ ਹੇਠ ਲੇਖ ਲਿਖ ਕੇ ਇਸ ਲਹਿਰ ਦੇ ਬਾਰੇ ਅਪਣੀ ਵਿਸਤਾਰ-ਪੂਰਵਕ ਜਾਣਕਾਰੀ ਤੇ ਵਿਸ਼ਲੇਸ਼ਣ ਰਾਹੀਂ ਪੰਜਾਬ ਦੀਆਂ ਰਾਜ-ਪਲ਼ਟਾਊ ਲਹਿਰਾਂ ਬਾਰੇ ਰੋਸ਼ਨੀ ਪਾਈ। ਜਦੋਂ 13 ਅਪ੍ਰੈਲ 1919 ਨੂੰ ਅੰਮ੍ਰਿਤਸਰ ਜਲਿਆਂਵਾਲ਼ੇ ਬਾਗ਼ ਦਾ ਸਾਕਾ ਹੋਇਆ, ਉਸ ਵੇਲੇ ਉਹ ਮਸਾਂ ਬਾਰਾਂ ਸਾਲ ਦੇ ਸਨ। ਉਹ ਦੂਸਰੇ ਦਿਨ ਜਲਿਆਂਵਾਲ਼ੇ ਬਾਗ਼ ਪੁੱਜੇ ਤੇ ਉਥੋਂ ਦੀ ਖ਼ੂਨ ਨਾਲ਼ ਲੱਥਪੱਥ ਮਿੱਟੀ ਨੂੰ ਅਪਣੇ ਘਰ ਲੈ ਆਏ। ਉਨ੍ਹਾਂ ਨੇ ਨਨਕਾਣਾ ਸਾਹਿਬ ਦੇ ਸਾਕੇ ਦਾ ਹਾਲ ਵੀ ਲਾਹੌਰੋਂ ਲਾਇਲਪੁਰ ਜਾਂਦਿਆਂ ਉਥੇ ਰੁਕ ਕੇ ਦੇਖਿਆ। ਨਵੰਬਰ 1921 ਵਿਚ ਸ਼ੁਰੂ ਹੋਈ ਨਾਮਿਲਵਰਤਣ ਲਹਿਰ ਵਿਚ ਉਨ੍ਹਾਂ ਨੇ ਡੀ.ਏ.ਵੀ. ਸਕੂਲ ਲਾਹੌਰ ਦਸਵੀਂ ਜਮਾਤ ਵਿੱਚੇ ਛੱਡ ਕੇ ਕੌਮੀ ਲਹਿਰ ਵਿਚ ਹਿੱਸਾ ਲਿਆ। ਇਸ ਦੌਰਾਨ ਹੀ ਉਨ੍ਹਾਂ ਨੇ 14 ਨਵੰਬਰ 1921 ਲਾਹੌਰ ਤੋਂ ਅਪਣੇ ਦਾਦਾ ਜੀ ਨੂੰ ਲਿਖੇ ਖ਼ਤ ਵਿਚ ਅਪਣੇ ਪਿੰਡ ਦੇ ਮੰਗੂ ਚਮਾਰ ਬਾਰੇ ਪੁੱਛਿਆ ਤੇ ਨਾਲ਼ ਹੀ ਰੇਲਵੇ ਹੜਤਾਲ ਬਾਰੇ ਜਾਣਕਾਰੀ ਦਿੱਤੀ, ਜੋ ਕਿ ਭਗਤ ਸਿੰਘ ਦੇ ਕੌਮੀ ਸੰਘਰਸ਼ ਬਾਰੇ ਤੇ ਉਹਦੇ ਅਖੌਤੀ ਅਛੂਤ ਜਾਣੇ-ਜਾਂਦੇ ਲੋਕਾਂ ਬਾਰੇ ਸਨੇਹ ਦੀ ਦੱਸ ਪਾਉਂਦਾ ਹੈ।

### ਗ਼ਦਰ ਤੇ ਕਿਰਤੀ ਲਹਿਰਾਂ ਜ਼ਾਤਪਾਤ ਵਿਰੋਧੀ

ਗ਼ਦਰ ਲਹਿਰ ਤੋਂ ਬਾਅਦ ਦੂਸਰੀ ਤਹਿਰੀਕ ਜਿਹਨੇ ਜ਼ਾਤਪਾਤ ਦੇ ਵਿਤਕਰੇ ਵਿਰੁੱਧ ਇਨਕਲਾਬੀ ਸੋਚ ਅਪਣਾਈ ਉਹ ਸੀ, ਭਗਤ ਸਿੰਘ ਹੁਰਾਂ ਦੀ ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਪਾਰਟੀ। ਦਿੱਲੀ ਫ਼ਿਰੋਜ਼ਸ਼ਾਹ ਕੋਟਲੇ ਵਿਚ 1928 ਵਿਚ ਹੋਏ ਹਿੰਦੋਸਤਾਨ ਰਿਪਬਲਿਕਨ ਐਸੋਸ਼ੀਏਸ਼ਨ ਦੇ ਇਜਲਾਸ ਤੋਂ ਪਹਿਲਾਂ ਇਸ ਐਸੋਸ਼ੀਏਸ਼ਨ ਦੇ ਨਾਂ ਵਿਚ ਸੋਸ਼ਲਿਸਟ ਦਾ ਸ਼ਬਦ ਨਹੀਂ ਹੁੰਦਾ ਸੀ। ਇਸ ਸ਼ਬਦ ਨੂੰ ਭਗਤ ਸਿੰਘ ਦੇ ਹਿੰਦੋਸਤਾਨ ਰਿਪਬਲਿਕਨ ਐਸੋਸ਼ੀਏਸ਼ਨ ਵਿਚ ਸ਼ਾਮਿਲ ਹੋਣ ਦੇ ਬਾਅਦ ਹੀ ਇਹ ਨਾਂ ਵਿਚ ਜੋੜਿਆ ਗਿਆ। ਭਗਤ ਸਿੰਘ ਤੇ ਉਹਦੇ ਸਾਥੀਆਂ ਨੇ ਮਿਲ਼ ਕੇ 1926 ਵਿਚ ਲਾਹੌਰ ਵਿਚ ਨੌਜਵਾਨ ਭਾਰਤ ਸਭਾ ਦੀ ਸਥਾਪਨਾ ਵੀ ਕੀਤੀ। ਇਹ ਸਭਾ ਉਸ ਵਕਤ ਦੀ ਸਾਰੀ ਦੀ ਸਾਰੀ ਅਛੂਤ ਤੇ ਧਾਰਮਿਕ ਰਾਜਨੀਤੀ ਤੋਂ ਪਰ੍ਹਾਂ ਸੀ ਤੇ ਧਰਮ-ਨਿਰਪੱਖਤਾ ਦੇ ਪੱਖ ਵਿਚ ਖੜ੍ਹੀ ਸੀ। ਜਿਥੋਂ ਤਕ ਅਛੂਤ ਦਾ ਸਵਾਲ ਤੇ ਮਜ਼ਹਬੀ ਕੱਟੜਪੰਥੀ ਅੰਧਵਿਸ਼ਵਾਸ ਆਦਿ ਅਲਾਮਤਾਂ ਦਾ ਸੰਬੰਧ ਹੈ; ਇਨ੍ਹਾਂ ਬਾਰੇ ਤਿੰਨ ਮੁੱਖ ਲੇਖਾਂ ਦਾ ਜ਼ਿਕਰ ਕਰਨਾ ਜ਼ਰੂਰੀ ਬਣਦਾ ਹੈ। ਇਹ ਲੇਖ ਹਨ - 'ਧਰਮਵਾਰ (ਫ਼ਿਰਕੂ) ਫ਼ਸਾਦ ਤੇ ਉਨ੍ਹਾਂ ਦਾ ਇਲਾਜ', 'ਮਜ਼ਹਬ ਤੇ ਸਾਡੀ ਆਜ਼ਾਦੀ ਦੀ ਜੰਗ', ਤੇ 'ਅਛੂਤ ਦਾ ਸਵਾਲ'। ਇਨ੍ਹਾਂ ਤਿੰਨਾਂ ਲੇਖਾਂ ਚੋਂ ਪਹਿਲੇ ਦੋ ਲੇਖ ਜੋ ਕਿ ਵਾਰੀ ਸਿਰ ਜੂਨ 1927 ਤੇ ਮਈ 1928 ਦੇ 'ਕਿਰਤੀ' ਵਿਚ ਛਪੇ ਸਨ, ਭਗਤ ਸਿੰਘ ਤੇ ਉਹਦੇ ਸਾਥੀਆਂ ਦੇ ਵਿਚਾਰ ਦਾ ਪ੍ਰਗਟਾਵਾ ਕਰਦੇ ਹਨ। ਤੀਸਰਾ ਲੇਖ 'ਅਛੂਤ ਦਾ ਸਵਾਲ' 'ਕਿਰਤੀ' ਦੇ ਜੂਨ 1928 ਦੇ ਅੰਕ ਵਿਚ ਭਗਤ ਸਿੰਘ ਨੇ ਵਿਦਰੋਹੀ ਦੇ ਕਲਮੀ ਨਾਂ ਹੇਠ ਛਪਵਾਇਆ ਸੀ।

ਮਜ਼ਹਬ ਤੇ ਜ਼ਾਤਪਾਤ ਬਾਰੇ ਭਗਤ ਸਿੰਘ ਤੇ ਉਹਦੇ ਸਾਥੀ ਅੰਮ੍ਰਿਤਸਰ ਵਿਚ 11, 12 ਤੇ 13 ਅਪ੍ਰੈਲ 1928 ਨੂੰ ਹੋਈ ਪੰਜਾਬ ਪੋਲੀਟੀਕਲ ਕਾਨਫ਼ਰੰਸ ਤੇ ਨੌਜਵਾਨਾਂ ਦੀ ਕਾਨਫ਼ਰੰਸ ਦੌਰਾਨ ਅਪਣੇ ਵਿਚਾਰ ਪੇਸ਼ ਕਰਦੇ ਹੋਏ ਕਹਿੰਦੇ ਹਨ, "ਮਜ਼ਹਬ ਸਾਡੇ ਰਸਤੇ ਵਿਚ ਬੜਾ ਭਾਰੀ ਰੋੜਾ ਹੈ। ਮਸਲਨ ਅਸੀਂ ਚਾਹੁੰਦੇ ਹਾਂ ਕਿ ਸਭੇ ਲੋਕੀ ਇੱਕੋ-ਜਿਹੇ ਹਨ। ਇਨ੍ਹਾਂ ਵਿਚ ਸਰਮਾਏਦਾਰਾਂ ਦੇ ਉਚ-ਨੀਚ ਦੀ, ਛੂਤ ਅਛੂਤ ਦੀ ਕੋਈ ਵੰਡ ਨਾ ਰਹੇ, ਪਰ ਸਨਾਤਨ ਧਰਮ ਤੇ ਇਸ ਭਿੰਨਭੇਦ ਦੇ ਹੱਕ ਵਿਚ ਹੈ। ... ਜੇ ਇਸ ਮਜ਼ਹਬ ਦੇ ਵਿਰੁੱਧ ਕੁਝ ਨਾ ਕਹਿਣ ਦੀ ਸਹੁੰ ਖਾ ਲਈਏ, ਤਾਂ ਚੁੱਪ ਕਰਕੇ ਘਰ ਬੈਠ ਜਾਣਾ ਚਾਹੀਦਾ ਹੈ। ਨਹੀਂ ਤਾਂ ਮਜ਼ਹਬ ਦੀ ਮੁਖ਼ਾਲਫ਼ਤ ਹੋਵੇਗੀ। ਲੋਕੀ ਇਹ ਵੀ ਕਹਿੰਦੇ ਹਨ ਕਿ ਇਨ੍ਹਾਂ ਬੁਰਾਈਆਂ ਦਾ ਸੁਧਾਰ ਕੀਤਾ ਜਾਵੇ। ਬਹੁਤ ਖ਼ੂਬ! ਛੂਤ ਅਛੂਤ ਨੂੰ ਜੋ ਸਵਾਮੀ ਦਯਾਨੰਦ ਹੁਰਾਂ ਮਿਟਾਇਆ ਤੇ ਚਾਰ ਵਰਣਾਂ ਤੋਂ ਅੱਗੇ ਉਹ ਵੀ ਨਾ ਵਧ ਸਕੇ। ਭਿੰਨ-ਭੇਦ ਤਾਂ ਫਿਰ ਵੀ ਰਹਿ ਗਿਆ। ਗੁਰਦੁਆਰੇ ਜਾ ਕੇ ਜੋ ਸਿੱਖ 'ਰਾਜ ਕਰੇਗਾ ਖ਼ਾਲਸਾ' ਗਾ ਲੈਣ ਤੇ ਬਾਹਰ ਆ ਕੇ ਪੰਚਾਇਤੀ ਰਾਜ ਦੀਆਂ ਗੱਲਾਂ ਕਰਨ ਤੇ ਕੀ ਮਤਲਬ ਹੋਵੇਗਾ? ਨੌਜਵਾਨ ਭਾਰਤ ਸਭਾ ਦੇ ਮੈਨੀਫ਼ੈਸਟੋ ਵਿਚ, ਜਿਸ ਦੇ ਭਗਤ ਸਿੰਘ ਪਹਿਲੇ ਜਨਰਲ ਸੈਕਟਰੀ ਤੇ ਭਗਵਤੀ ਚਰਣ ਵੋਹਰਾ ਪ੍ਰਾਪੇਗੰਡਾ ਸਕੱਤਰ ਸਨ, ਮਜ਼ਹਬੀ ਵਹਿਮ ਤੇ ਕੱਟੜਪੰਥੀ ਦਾ ਵਿਰੋਧ ਵਿਚ ਜੋ ਵਿਚਾਰ ਪ੍ਰਗਟਾਏ ਗਏ ਹਨ, ਉਨ੍ਹਾਂ ਦੀ ਮਹੱਤਾ ਅੱਜ ਵੀ ਉਸੇ ਤਰ੍ਹਾਂ ਹੀ ਜਾਪਦੀ ਹੈ। ਪੇਸ਼ ਹਨ ਕੁਝ ਸਤਰਾਂ: "ਮਜ਼ਬੀ ਵਹਿਮ ਤੇ ਤੁਅੱਸਬ ਸਾਡੀ ਤਰੱਕੀ ਦੇ ਰਾਹ ਵਿਚ ਵੱਡੀ ਰੁਕਾਵਟ ਹੈ। ਇਹ ਹਮੇਸ਼ਾ ਸਾਡੇ ਰਾਹ ਵਿਚ ਰੋੜ੍ਹਾ ਸਾਬਤ ਹੋਏ ਹਨ ਤੇ ਸਾਨੂੰ ਇਨ੍ਹਾਂ ਨੂੰ ਪਰ੍ਹੇ ਵਗਾਹ ਮਾਰਨਾ ਚਾਹੀਦਾ ਹੈ। ਜਿਹੜੀ ਚੀਜ਼ ਆਜ਼ਾਦ ਵਿਚਾਰਾਂ ਦੀ ਕਸਵੱਟੀ ਉੱਤੇ ਪੂਰੀ ਨਹੀਂ ਉਤਰਦੀ ਅਵੱਸ਼ ਖ਼ਤਮ ਹੋ ਜਾਂਦੀ ਹੈ।"

ਧਰਮ ਤੇ ਸਿਆਸਤ ਨੂੰ ਅਲੱਗ-ਅਲੱਗ ਰੱਖਣ ਵਾਸਤੇ ਭਗਤ ਸਿੰਘ ਤੇ ਉਹਦੇ ਸਾਥੀ 'ਧਰਮਵਾਰ (ਫ਼ਿਰਕੂ) ਫ਼ਸਾਦ ਤੇ ਉਨ੍ਹਾਂ ਦਾ ਇਲਾਜ' ਲੇਖ ਵਿਚ ਗ਼ਦਰ ਲਹਿਰ ਦਾ ਹਵਾਲਾ ਦਿੰਦੇ ਹੋਏ ਲਿਖਦੇ ਹਨ ਕਿ 1914-15 ਦੇ ਸ਼ਹੀਦਾਂ ਨੇ ਧਰਮ ਨੂੰ ਪਾਲੇਟਿਕਸ ਤੋਂ ਵੱਖਰਾ ਕਰ ਦਿੱਤਾ ਹੋਇਆ ਸੀ। ਉਹ ਸਮਝਦੇ ਸਨ ਕਿ ਧਰਮ ਪੁਰਸ਼ਾਂ ਦਾ ਅਪਣਾ-ਅਪਣਾ ਵੱਖਰਾ ਕਰਤੱਵ ਹੈ, ਤੇ ਇਸ ਵਿਚ ਦੂਜੇ ਦਾ ਕੋਈ ਦਖ਼ਲ ਨਹੀਂ। ਨਾ ਹੀ ਇਹਨੂੰ ਰਾਜਨੀਤੀ ਵਿਚ ਘੁਸੇੜਨਾ ਚਾਹੀਦਾ ਹੈ, ਕਿਉਂਕਿ ਇਹ ਸਰਬੱਤ ਨੂੰ ਸਾਂਝੇ ਇਕ ਥਾਂ ਮਿਲ਼ ਕੇ ਕੰਮ ਨਹੀਂ ਕਰਨ ਦੇਂਦਾ। ਇਸੇ ਲਈ ਹੀ ਉਹ ਗ਼ਦਰ ਵਰਗੀ ਲਹਿਰ ਵਿਚ ਵੀ ਇਕਮੁੱਠ ਤੇ ਇਕਜਾਨ ਰਹੇ ਸਨ ਤੇ ਜਿਥੇ ਸਿੱਖ ਵਧ ਵਧ ਕੇ ਫਾਂਸੀਆਂ ਤੇ ਟੰਗੇ ਗਏ ਸਨ, ਉਥੇ ਹਿੰਦੂਆਂ ਤੇ ਮੁਸਲਮਾਨਾਂ ਨੇ ਵੀ ਕੋਈ ਘੱਟ ਨਹੀਂ ਗੁਜ਼ਾਰੀ ਸੀ।

ਭਗਤ ਸਿੰਘ ਭਾਰਤ ਦੀ ਜ਼ਾਤਪਾਤ ਅਲਾਮਤ ਨੂੰ ਵੀ ਧਰਮ ਦੀ ਹੀ ਦੇਣ ਮੰਨਦੇ ਸਨ। ਉਨ੍ਹਾਂ ਦਾ ਇਹ ਮੰਨਣਾ ਸੀ ਕਿ ਭਾਰਤ ਵਿਚ ਅਖੌਤੀ ਨੀਵੇਂ ਕੰਮ ਕਰਨ ਵਾਲ਼ੀਆਂ ਤੇ ਨੀਵੀਆਂ ਸਮਝੀਆਂ ਜਾਣ ਵਾਲ਼ੀਆਂ ਜ਼ਾਤਾਂ ਨੂੰ ਪੁਸ਼ਤ-ਦਰ-ਪੁਸ਼ਤ ਇਨ੍ਹਾਂ ਹੀ ਕੰਮਾਂ ਵਿਚ ਲਾਈ ਰੱਖਣ ਲਈ ਉਚ ਜਾਤੀ ਦੇ ਲੋਕਾਂ ਨੇ ਧਾਰਮਿਕ ਫ਼ਲਸਫ਼ੇ ਰਾਹੀਂ ਉਨ੍ਹਾਂ ਨੂੰ ਅੰਧਵਿਸ਼ਵਾਸ ਵਿਚ ਫਸਾ ਕੇ ਉਨ੍ਹਾਂ ਦੇ ਇਨ੍ਹਾਂ ਗੰਦੇ ਕੰਮਾਂ ਵਿਚ ਫਸੇ ਰਹਿਣ ਨੂੰ ਹੀ ਮੁਕਤੀ ਦਾ ਦੁਆਰ ਦਰਸਾਇਆ। ਇਸ ਵਿਸ਼ੇ 'ਤੇ ਵਿਸਤਾਰ ਪੂਰਵਕ ਅਪਣੇ ਵਿਚਾਰ ਪੇਸ਼ ਕਰਦਿਆਂ ਉਹ 'ਅਛੂਤ ਦਾ ਸਵਾਲ' ਦੇ ਲੇਖ ਵਿਚ ਲਿਖਦੇ ਹਨ: "ਸਭ ਤੋਂ ਪਹਿਲਾਂ ਇਹ ਫ਼ੈਸਲਾ ਕਰ ਲੈਣਾ ਚਾਹੀਦਾ ਹੈ ਕਿ ਸਭ ਇਨਸਾਨ ਇੱਕੋ ਜਿਹੇ ਹਨ ਤੇ ਨਾ ਤੇ ਜਨਮ ਨਾਲ਼ ਕੋਈ ਭਿੰਨ-ਭੇਦ ਪੈਂਦਾ ਹੈ ਤੇ ਨਾ ਕੰਮਕਾਜ ਨਾਲ਼। ਯਾਨੀ ਚੂੰਕਿ ਇਕ ਆਦਮੀ ਗ਼ਰੀਬ ਭੰਗੀ ਦੇ ਘਰ ਪੈਦਾ ਹੋ ਗਿਆ ਹੈ, ਇਸ ਕਰਕੇ ਸਾਰੀ ਉਮਰ ਟੱਟੀਆਂ ਹੀ ਸਾਫ਼ ਕਰੇਗਾ ਤੇ ਦੁਨੀਆਂ ਵਿਚ ਕਿਸੇ ਕਿਸਮ ਦੀ ਤਰੱਕੀ ਦਾ ਉਸ ਨੂੰ ਕੋਈ ਹੱਕ ਨਹੀਂ। ਇਹ ਗੱਲਾਂ ਫ਼ਜ਼ੂਲ ਹਨ। ਇਨ੍ਹਾਂ ਵਰਗਿਆਂ

**(ਬਾਕੀ ਅਗਲੇ ਸਫੇ 'ਤੇ)**

# ਸ਼ਹੀਦ ਭਗਤ ਸਿੰਘ ਤੇ ਅਛੂਤ ਦਾ ਸਵਾਲ

(ਸਫਾ 16 ਦੀ ਬਾਕੀ)

ਆਦਮੀਆਂ ਨਾਲ਼ ਜਦੋਂ ਸਾਡੇ ਬਜ਼ੁਰਗ ਆਰੀਅਨ ਲੋਕਾਂ ਨੇ ਇਹ ਜ਼ੁਲਮ ਕੀਤਾ ਤੇ ਉਨ੍ਹਾਂ ਨੂੰ ਨੀਚ ਕਹਿ ਕੇ ਪਰ੍ਹੇ ਕਰ ਦਿੱਤਾ ਤੇ ਨੀਚ ਕੰਮ ਕਰਾਉਣ ਲੱਗ ਪਏ ਤੇ ਨਾਲ਼ ਹੀ ਇਹ ਵੀ ਫ਼ਿਕਰ ਪਿਆ ਕਿ ਇਹ ਬਗ਼ਾਵਤ ਨਾ ਕਰ ਦੇਣ, ਤਦੋਂ ਪੁਨਰ-ਜਨਮ ਦੀ ਫ਼ਿਲੋਸਫ਼ੀ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਇਹ ਤੁਹਾਡੇ ਪੁਰਾਣੇ ਜਨਮ ਦੇ ਪਾਪਾਂ ਦਾ ਫਲ ਹੈ। ਕੀ ਹੋ ਸਕਦਾ ਹੈ? ਚੁੱਪ ਕਰਕੇ ਗੁਜ਼ਾਰਾ ਕਰੋ। ਇਸ ਤਰ੍ਹਾਂ ਉਨ੍ਹਾਂ ਨੂੰ ਸਬਰ ਦਾ ਸਬਕ ਪੜ੍ਹਾ ਕੇ ਉਹ ਲੋਕੀਂ ਇਨ੍ਹਾਂ ਨੂੰ ਚਿਰ ਵਾਸਤੇ ਚੁੱਪ ਕਰਾ ਗਏ। ਪਰ ਉਨ੍ਹਾਂ ਬੜਾ ਪਾਪ ਕੀਤਾ। ਇਨਸਾਨਾਂ ਦੇ ਅੰਦਰੋਂ ਇਨਸਾਨੀਅਤ ਦਾ ਮਾਦਾ ਆਤਮਵਿਸ਼ਵਾਸ ਤੇ ਆਤਮ-ਨਿਰਭਰਤਾ ਦਾ ਭਾਵ ਮਾਰ ਸੁੱਟਿਆ; ਬੜਾ ਜ਼ੁਲਮ ਤੇ ਕਹਿਰ ਕਮਾਇਆ। ਖ਼ੈਰ, ਅੱਜ ਉਸ ਦੇ ਪ੍ਰਾਸ਼ਚਿਤ ਦਾ ਵੇਲਾ ਹੈ। ...ਇਸ ਦੇ ਨਾਲ਼ ਹੀ ਇਕ ਹੋਰ ਖ਼ਰਾਬੀ ਪੈਦਾ ਹੋ ਗਈ। ਲੋਕਾਂ ਦੇ ਦਿਲਾਂ ਵਿਚ ਜ਼ਰੂਰੀ ਕੰਮਾਂ ਵਾਸਤੇ ਘਿਰਣਾ ਪੈਦਾ ਹੋ ਗਈ। ਅਸੀਂ ਜੁਲਾਹੇ ਨੂੰ ਵੀ ਪਰ੍ਹੇ ਦੁਰਕਾਰ ਦਿੱਤਾ ਤੇ ਅੱਜ ਕੱਪੜਾ ਬੁਣਨ ਵਾਲ਼ੇ ਅਛੂਤ ਸਮਝੇ ਜਾਂਦੇ ਹਨ। ਯੂ. ਪੀ. ਵਲ ਕਹਾਰ (ਝੀਰ) ਨੂੰ ਵੀ ਅਛੂਤ ਸਮਝਿਆ ਜਾਂਦਾ ਹੈ। ਇਸ ਨਾਲ਼ ਬੜੀ ਖ਼ਰਾਬੀ ਪੈਦਾ ਹੋ ਗਈ, ਜਿਸ ਨਾਲ਼ ਕਿ ਸਾਡੀ ਤਰੱਕੀ ਵਿਚ ਬੜੀ ਰੁਕਾਵਟ ਪੈਂਦੀ ਹੈ।"

ਉਪਰੋਕਤ ਵਿਚਾਰਾਂ ਤੋਂ ਇਹ ਜ਼ਾਹਿਰ ਹੁੰਦਾ ਹੈ ਕਿ ਅਛੂਤ ਵਰਗ ਦੀ ਦਾਸਤਾਂ ਪਿਛੇ ਧਰਮ ਦੀ ਕਿੰਨੀ ਵੱਡੀ ਘਿਣਾਉਣੀ ਭੂਮਿਕਾ ਹੈ, ਜਿਸ ਕਰਕੇ ਉਹ ਅਖੌਤੀ ਘਟੀਆ ਤੋਂ ਘਟੀਆ ਕੰਮ ਵਿਚ ਅਪਣੀ ਖ਼ੂਨ ਪਸੀਨੇ ਦੀ ਮਿਹਨਤ ਦੇ ਬਾਵਜੂਦ ਵੀ ਜ਼ਿੰਦਗੀ ਦੀ ਸੁੱਖ-ਸੁਵਿਧਾ ਦਾ ਕੋਈ ਲਾਭ ਨਹੀਂ ਲੈ ਸਕਦਾ ਤੇ ਬਜਾਏ ਕਿ ਉਹ ਅਪਣੀ ਇਸ ਤਰਾਸਦੀ ਵਾਲ਼ੀ ਜ਼ਿੰਦਗੀ ਲਈ ਕਿਸੇ ਨੂੰ ਜ਼ਿੰਮੇਵਾਰ ਠਹਿਰਾਵੇ, ਉਹ ਇਹਨੂੰ ਅਪਣੀ ਕਿਸਮਤ ਹੀ ਸਮਝ ਬੈਠਦਾ ਹੈ।

## ਧਰਮ ਦੇ ਓਹਲੇ ਜ਼ਾਤਪਾਤ

ਭਾਰਤ ਵਿਚ ਮਜ਼ਹਬ ਦੀ ਗੱਲ ਕਰਦਿਆਂ ਭਗਤ ਸਿੰਘ 'ਅਛੂਤ ਦਾ ਸਵਾਲ' ਲੇਖ ਵਿਚ ਕਟਾਕਸ਼ਮਈ ਤਰੀਕੇ ਨਾਲ਼ ਅਗਾਂਹ ਲਿਖਦੇ ਹਨ: "ਸਾਡਾ ਮੁਲਕ ਬੜਾ ਅਧਿਆਤਮਵਾਦੀ ਯਾਨੀ ਰੂਹਾਨੀਅਤਪਸੰਦ ਹੈ। ਅਸੀਂ ਮਨੁੱਖ ਨੂੰ ਮਨੁੱਖ ਦਾ ਦਰਜਾ ਦੇਣੋਂ ਵੀ ਝਕਦੇ ਹਾਂ ਤੇ ਉਹ ਬਿਲਕੁਲ ਹੀ ਮਾਇਆਵਾਦੀ ਯੂਰੋਪ ਕਈ ਸਦੀਆਂ ਤੋਂ ਇਕਮਈ ਦਾ ਸ਼ੋਰ ਮਚਾ ਰਿਹਾ ਹੈ। ਉਨ੍ਹਾਂ (ਬਰਾਬਰੀ) ਦਾ ਐਲਾਨ ਅਮਰੀਕਾ ਤੇ ਫ਼ਰਾਂਸ ਦੇ ਇਨਕਲਾਬ ਵਿਚ ਹੀ ਕਰ ਦਿੱਤਾ ਸੀ ਤੇ ਅੱਜ ਰੂਸ ਨੇ ਹੋਰ ਵੀ ਕਿਸੇ ਕਿਸਮ ਭਿੰਨ-ਭੇਦ ਮਿਟਾਉਣ ਦੀ ਖ਼ਾਤਰ ਇਕਮਈ ਦੇ ਅਸੂਲ 'ਤੇ ਲੱਕ ਬੱਧਾ ਹੋਇਆ ਹੈ ਤੇ ਅਸੀਂ ਸਦਾ ਹੀ ਆਤਮਾ ਪਰਮਾਤਮਾ ਦੇ ਰੋਣੇ ਰੋਣ ਵਾਲ਼ੇ ਅੱਜ ਵੀ ਅਸੀਂ ਇਸ ਗੱਲ 'ਤੇ ਜ਼ੋਰ ਨਾਲ਼ ਬਹਿਸ ਕਰਕੇ ਕਿ ਅਛੂਤਾਂ ਨੂੰ ਜਨੇਊ ਦੇ ਦਿੱਤਾ ਜਾਵੇਗਾ, ਕੀ ਉਹ ਵੇਦ ਸਾਸ਼ਤਰ ਪੜ੍ਹਨ ਦੇ ਹੱਕਦਾਰ ਹਨ ਕਿ ਨਹੀਂ! ਅਸੀਂ ਨਾ ਮਨਜ਼ੂਰ ਕਰ ਦਿੰਦੇ ਹਾਂ ਤੇ ਸਾਨੂੰ ਸ਼ਿਕਾਇਤ ਇਹ ਹੈ ਕਿ ਦੂਜੇ ਮੁਲਕਾਂ ਵਿਚ ਸਾਡੇ ਨਾਲ਼ ਸਲੂਕ ਚੰਗਾ ਨਹੀਂ ਹੁੰਦਾ। ਗੋਰੇਸ਼ਾਹੀ ਵਿਚ ਸਾਨੂੰ ਗੋਰੇ ਦੇ ਬਰਾਬਰ ਨਹੀਂ ਸਮਝਿਆ ਜਾਂਦਾ ਹੈ ਸਾਨੂੰ ਇਹ ਸ਼ਿਕਾਇਤ ਕਰਨ ਦਾ ਹੱਕ ਹੀ ਕੀ ਹੈ? ਸਿੰਧ ਦੇ ਇਕ ਮੁਸਲਮਾਨ ਸੱਜਣ ਮਿਸਟਰ ਨੂਰ ਮੁਹੰਮਦ ਮੈਂਬਰ ਬੰਬਈ ਕੌਂਸਲ ਦੇ 1926 ਵਿਚ ਇਸ ਮਸਲੇ ਤੇ ਹਵਾਲੇ ਨਾਲ਼ ਭਗਤ ਸਿੰਘ ਲਿਖਦੇ ਹਨ ਕਿ "ਉਹ ਕਹਿੰਦੇ ਹਨ ਕਿ ਜਦੋਂ ਤੁਸੀਂ ਇਕ ਇਨਸਾਨ ਨੂੰ ਪੀਣ ਵਾਸਤੇ ਪਾਣੀ ਦੇਣ ਤੋਂ ਇਨਕਾਰੀ ਹੋ, ਜਾਂ ਜਦੋਂ ਤੁਸੀਂ ਉਨ੍ਹਾਂ ਨੂੰ ਮਦਰੱਸੇ ਵਿਚ ਪੜ੍ਹਨ ਹੀ ਨਹੀਂ ਦੇਂਦੇ, ਤਾਂ ਤੁਹਾਡਾ ਕੀ ਹੱਕ ਹੈ ਕਿ ਅਪਣੇ ਵਾਸਤੇ ਹੋਰ ਹਕੂਕ ਮੰਗੋ? ਜਦ ਤੁਸੀਂ ਇਕ ਇਨਸਾਨ ਦੇ ਸਾਧਾਰਣ ਅਧਿਕਾਰ ਦੇਣ ਤੋਂ ਵੀ ਇਨਕਾਰੀ ਹੋ, ਤਾਂ ਤੁਸੀਂ ਹੋਰ ਪੋਲੀਟੀਕਲ ਹੱਕ ਮੰਗਣ ਦੇ ਅਧਿਕਾਰੀ ਕਿੱਥੋਂ ਬਣ ਗਏ? ਗੱਲ ਬੜੀ ਸੱਚੀ ਹੈ, ਪਰ ਇਹ ਚੂੰਕਿ ਇਕ ਮੁਸਲਮਾਨ ਨੇ ਕਹੀ ਹੈ, ਇਸ ਵਾਸਤੇ ਹਿੰਦੂ ਕਹਿਣ ਲੱਗ ਪੈਂਦੇ ਹਨ; ਦੇਖੋ ਜੀ, ਉਹ ਉਨ੍ਹਾਂ ਅਛੂਤਾਂ ਨੂੰ ਮੁਸਲਮਾਨ ਬਣਾ ਕੇ ਅਪਣੇ ਵਿਚ ਮਿਲਾਉਣਾ ਚਾਹੁੰਦੇ ਹਨ। ਉਨ੍ਹਾਂ ਤੇ ਸਾਫ਼ ਮੰਨ ਲਿਆ ਹੈ ਕਿ ਜਦੋਂ ਤੁਸੀਂ ਉਨ੍ਹਾਂ ਨੂੰ ਇਸ ਤਰ੍ਹਾਂ ਪਸ਼ੂਆਂ ਨਾਲ਼ੋਂ ਵੀ ਗਿਆ-ਗੁਜ਼ਰਿਆ ਸਮਝੋਗੇ ਤੇ ਉਹ ਜ਼ਰੂਰ ਹੀ ਦੂਜਿਆਂ ਮਜ਼੍ਹਬਾਂ ਵਿਚ ਜਾ ਸ਼ਾਮਿਲ ਹੋਣਗੇ। ਜਿਨ੍ਹਾਂ ਵਿਚ ਕਿ ਉਨ੍ਹਾਂ ਨੂੰ ਵਧੇਰੇ ਅਧਿਕਾਰ ਮਿਲਣਗੇ, ਜਿਥੇ ਕਿ ਉਨ੍ਹਾਂ ਨਾਲ਼ ਆਦਮੀਆਂ ਵਾਲ਼ਾ ਸਲੂਕ ਕੀਤਾ ਜਾਵੇਗਾ। ਫੇਰ ਇਹ ਕਹਿਣਾ ਕਿ ਦੇਖੋ ਜੀ ਈਸਾਈ ਤੇ ਮੁਸਲਮਾਨ ਹਿੰਦੂ ਕੌਮ ਨੂੰ ਨੁਕਸਾਨ ਪੁਚਾ ਰਹੇ ਹਨ, ਫ਼ਜ਼ੂਲ ਹੋਵੇਗਾ।"

ਜਦੋਂ ਭਗਤ ਸਿੰਘ ਦਾ 'ਅਛੂਤ ਦਾ ਸਵਾਲ' ਲੇਖ ਛਪਿਆ, ਓਦੋਂ ਤਕ ਪੰਜਾਬ ਦਾ ਰਾਜਨੀਤਕ ਅਖਾੜਾ ਮਘ ਚੁੱਕਾ ਸੀ। ਪੰਜਾਬ ਦੇ ਸਿਆਸੀ ਅਖਾੜੇ ਵਿਚ ਮੁਸਲਿਮ ਲੀਗ, ਅਹਿਮਦੀਆ ਲਹਿਰ, ਸਿੰਘ ਸਭਾ ਲਹਿਰ, ਆਰੀਆ ਸਮਾਜੀ, ਕਾਂਗਰਸ ਪਾਰਟੀ ਆਦਿ ਸਭ ਧਰਮ ਦੇ ਆਧਾਰ 'ਤੇ ਅਪਣੀਆਂ-ਅਪਣੀਆਂ ਵੋਟਾਂ ਮਗਰ ਲੱਗੇ ਹੋਏ ਸਨ। ਹਰ ਕੋਈ ਇਹ ਕੋਸ਼ਿਸ਼ ਕਰ ਰਿਹਾ ਸੀ ਕਿ ਫ਼ਿਰਕੂ ਰਾਜਨੀਤੀ ਵਿਚ ਉਹ ਕਿਤੇ ਪਿੱਛੇ ਨਾ ਰਹਿ ਜਾਏ। ਇਸ ਮਾਮਲੇ ਵਿਚ ਅੰਗਰੇਜ਼ ਅਪਣੀ 'ਪਾੜੋ ਤੇ ਰਾਜ ਕਰੋ' ਦੀ ਕੂਟਨੀਤੀ ਵਿਚ ਖ਼ੂਬ ਸਫਲ ਹੋ ਰਹੇ ਸਨ। ਇਸ ਮਸਲੇ ਨਾਲ਼ ਸੰਬੰਧਤ ਕਾਕੀਨਾੜਾ ਵਿਚ 1923 ਵਿਚ ਕਾਂਗਰਸ ਦੇ ਇਜਲਾਸ ਦੌਰਾਨ ਮੁਹੰਮਦ ਅਲੀ ਨੇ ਅਛੂਤਾਂ ਨੂੰ ਹਿੰਦੂ ਤੇ ਮੁਸਲਮਾਨ ਮਿਸ਼ਨਰੀ ਸੰਸਥਾਵਾਂ ਵਿਚ ਵੰਡ ਦੇਣ ਦਾ ਵੀ ਸੁਝਾਅ ਦਿੱਤਾ। ਅਮੀਰ ਮੁਸਲਮਾਨ ਪੈਸੇ ਦੇ ਜ਼ੋਰ ਨਾਲ਼ ਵੀ ਅਛੂਤਾਂ ਨੂੰ ਅਪਣੇ ਵੱਲ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੇ ਸਨ ਤੇ ਇਸੇ ਤਰ੍ਹਾਂ ਹਿੰਦੂ ਵੀ ਦਲਿਤ-ਉਧਾਰ ਸੰਸਥਾਵਾਂ ਬਣਾ ਕੇ ਅਛੂਤਾਂ ਨੂੰ ਅਪਣੇ ਵਿਚ ਹੀ ਅੰਕਿਤ ਕਰਵਾ ਰਹੇ ਸਨ। ਇਸ ਤਰ੍ਹਾਂ ਦੀਆਂ ਸਰਗਰਮੀਆਂ ਜਿਥੇ ਅਛੂਤਾਂ ਦੀ ਖਿੱਚਧੂਹ ਕਰ ਰਹੀਆਂ ਸਨ, ਉਥੇ ਇਹ ਮਜ਼੍ਹਬੀ ਵੰਡੀਆਂ ਨੂੰ ਵੀ ਖ਼ੂਬ ਤੂਲ ਦੇ ਰਹੀਆਂ ਸਨ। ਇਸ ਮਸਲੇ ਨੂੰ ਮੱਦੇਨਜ਼ਰ ਰੱਖਦੇ ਹੋਏ ਭਗਤ ਸਿੰਘ ਅਪਣੇ ਇਸ ਲੇਖ ਵਿਚ ਅੱਗੇ ਲਿਖਦੇ ਹਨ: "ਮੁਲਕ ਵਿਚ ਆਜ਼ਾਦੀ ਦਾ ਜੋ ਵਿਕਾਸ ਹੋ ਰਿਹਾ ਹੈ, ਉਸ ਵਿਚ ਫ਼ਿਰਕਾਦਾਰਾਨਾ ਨਿਆਬ੍ਰਤ (ਸੈਪਾਰੇਟ ਇਲੈਕਟੋਰੇਟ) ਨੇ ਹੋਰ ਕੋਈ ਫਾਇਦਾ ਕੀਤਾ ਹੋਵੇ ਜਾਂ ਨਾ ਕੀਤਾ ਹੋਵੇ, ਇਹ ਫ਼ਾਇਦਾ ਜ਼ਰੂਰ ਕੀਤਾ ਹੈ ਕਿ ਵਧੀਕ ਹਕੂਕ ਮੰਗਣ ਵਾਸਤੇ ਅਪਣੀ ਕੌਮ ਦੀ ਗਿਣਤੀ ਵਧਾਉਣ ਦਾ ਫ਼ਿਕਰ ਸਭਨਾਂ ਨੂੰ ਪਿਆ ਮੁਸਲਮਾਨਾਂ ਨੇ ਜ਼ਰਾ ਵਧੇਰੇ ਜ਼ੋਰ ਦਿੱਤਾ। ਉਨ੍ਹਾਂ ਅਛੂਤਾਂ ਨੂੰ ਮੁਸਲਮਾਨ ਬਣਾ ਕੇ ਅਪਣੇ ਬਰਾਬਰ ਦਾ ਇਨਸਾਨ ਬਣਾ ਕੇ ਉਨ੍ਹਾਂ ਨੂੰ ਆਦਮੀ ਦੇ ਹਕੂਕ ਦੇਣੇ ਸ਼ੁਰੂ ਕਰ ਦਿੱਤੇ। ਹੁਣ ਹਿੰਦੂਆਂ ਦੇ ਵੀ ਸੱਟ ਵੱਜੀ। ਜ਼ਿੱਦ ਵਧੀ। ਫ਼ਸਾਦ ਵੀ ਹੋਏ। ਖ਼ੈਰ! ਹੌਲ਼ੀ-ਹੌਲ਼ੀ ਸਿੱਖਾਂ ਵਿਚ ਵੀ ਖ਼ਿਆਲ ਪੈਦਾ ਹੋਇਆ ਕਿ ਅਸੀਂ ਨਾ ਪਿੱਛੇ ਰਹਿ ਜਾਈਏ, ਉਨ੍ਹਾਂ ਵੀ ਅੰਮ੍ਰਿਤ ਛਕਾਉਣਾ ਸ਼ੁਰੂ ਕਰ ਦਿੱਤਾ। ਹਿੰਦੂਆਂ ਸਿੱਖਾਂ ਵਿਚ ਅਛੂਤਾਂ ਦੇ ਜਨੇਊ ਲਾਹੁਣ ਜਾਂ ਕੇਸ ਕਟਾਉਣ ਦੇ ਸਵਾਲਾਂ ਤੇ ਝਗੜੇ ਹੋਏ। ਹੁਣ ਤਿੰਨ 'ਕੌਮਾਂ' ਉਨ੍ਹਾਂ ਨੂੰ ਅਪਣੇ-ਅਪਣੇ ਵੱਖ ਖਿੱਚ ਰਹੀਆਂ ਹਨ ਤੇ ਬੜਾ ਸ਼ੋਰ ਸ਼ਰਾਬਾ ਹੈ। ਉਧਰ ਈਸਾਈ ਚੁੱਪ ਚਾਪ ਉਨ੍ਹਾਂ ਦਾ ਰੁਤਬਾ ਵਧਾ ਰਹੇ ਹਨ। ਇਸ ਸਾਰੀ ਹਲਚਲ ਨਾਲ਼ ਹਿੰਦੋਸਤਾਨ ਦੀ ਲਾਅਨਤ ਦੂਰ ਹੋ ਰਹੀ ਹੈ।" ਇਕ ਪਾਸੇ ਅਛੂਤਾਂ ਨਾਲ਼ ਰਾਜਨੀਤਿਕ ਪੈਂਤੜੇ ਤੋਂ ਉੱਤੋਂ-ਉੱਤੋਂ ਨੇੜਤਾ ਦਾ ਪ੍ਰਗਟਾਵਾ ਕਰਕੇ ਉਨ੍ਹਾਂ ਨੂੰ ਵਰਗਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤੇ ਦੂਜੇ ਪਾਸੇ ਬ੍ਰਾਹਮਣਵਾਦੀ ਵਰਣ ਵਿਵਸਥਾ ਨੂੰ ਕੁਦਰਤ ਦੀ ਦੇਣ ਮੰਨ ਕੇ ਉਨ੍ਹਾਂ ਤੇ ਅਣਮਨੁੱਖੀ ਤਸ਼ੱਦਦ ਦਾ ਕਹਿਰ ਢਾਹਿਆ ਜਾ ਰਿਹਾ ਹੈ। ਭਗਤ ਸਿੰਘ ਅਪਣੇ ਇਸ ਲੇਖ ਵਿਚ ਇਸ ਵਿਰੋਧਾਭਾਸ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ: "ਸਾਡੇ ਮੁਲਕ ਜਿੰਨੀ ਭੈੜੀ ਹਾਲਤ ਕਿਸੇ ਹੋਰ ਮੁਲਕ ਦੀ ਨਹੀਂ ਹੋਣੀ। ਇਥੇ ਅਜੀਬ ਤੋਂ ਅਜੀਬ ਸਵਾਲ ਪੈਦਾ ਹੋਏ ਹੁੰਦੇ ਹਨ। ਇਕ ਬੜਾ ਭਾਰੀ ਸਵਾਲ ਅਛੂਤ ਦਾ ਹੈ। ਸਵਾਲ ਇਹ ਕੀਤਾ ਜਾਂਦਾ ਹੈ ਕਿ 30 ਕਰੋੜ ਦੀ ਆਬਾਦੀ ਵਾਲੇ ਮੁਲਕ ਵਿਚ ਜੋ 6 ਕਰੋੜ ਆਦਮੀ ਅਛੂਤ ਕਹਾਉਂਦੇ ਹਨ, ਉਨ੍ਹਾਂ ਨਾਲ਼ ਛੂਹ ਲੈਣ ਨਾਲ਼ ਧਰਮ ਭ੍ਰਿਸ਼ਟ ਤੇ ਨਾ ਹੋਵੇਗਾ? ਕੀ ਉਨ੍ਹਾਂ ਨੂੰ ਮੰਦਰਾਂ ਵਿਚ ਜਾਣ ਦੇਣ ਨਾਲ਼ ਦੇਵਤੇ ਨਾਰਾਜ਼ ਤੇ ਨਾ ਹੋ ਜਾਣਗੇ? ਕੀ ਉਨ੍ਹਾਂ ਦੇ ਖ਼ੂਹ ਤੋਂ ਪਾਣੀ ਕੱਢ ਲੈਣ ਨਾਲ਼ ਖ਼ੂਹ ਪਲੀਤ ਤੇ ਨਾ ਹੋ ਜਾਵੇਗਾ? ਇਹ ਸਵਾਲ ਵੀਹਵੀਂ ਸਦੀ ਵਿਚ ਕੀਤੇ ਜਾ ਰਹੇ ਹਨ ਜਿਨ੍ਹਾਂ ਨੂੰ ਕਿ ਸੁਣਦਿਆਂ ਹੀ ਸ਼ਰਮ ਆਉਂਦੀ ਹੈ। ... ਜ਼ਰਾ ਸੋਚੋ ਤਾਂ ਸਹੀ ਕਿੱਡੀ ਸ਼ਰਮ ਦੀ ਗੱਲ ਹੈ। ਕੁੱਤਾ ਸਾਡੀ ਗੋਦ ਵਿਚ ਬੈਠ ਸਕਦਾ ਹੈ, ਸਾਡੇ ਚੌਂਕੇ ਵਿਚ ਨਿਸ਼ੰਗ ਫਿਰਦਾ ਹੈ; ਪਰ ਇਕ ਆਦਮੀ ਸਾਡੇ ਨਾਲ਼ ਛੂਹ ਜਾਵੇ ਤਾਂ ਬੱਸ ਧਰਮ ਖ਼ਰਾਬ ਹੋ ਜਾਂਦਾ ਹੈ, ਫੇਰ ਤੇ ਪੰਡਿਤ ਮਾਲਵੀਆ ਜੀ ਜੈਸੇ ਬੜੇ ਸਮਾਜ ਸੁਧਾਰਕ, ਅਛੂਤਾਂ ਦੇ ਬੜੇ ਪ੍ਰੇਮੀ ਹੋਰ ਵੀ ਨਾ ਜਾਣੇ ਕੀ-ਕੀ ਪਹਿਲੋਂ ਇਕ ਚੂਹੜੇ ਦੇ ਹੱਥੋਂ ਹਾਰ ਪੁਆ ਲੈਂਦੇ ਹਨ, ਪਿਛੋਂ ਕੱਪੜਿਆਂ ਸਮੇਤ ਇਸ਼ਨਾਨ ਕੀਤਿਆਂ ਬਿਨਾਂ ਅਪਣੇ ਆਪ ਨੂੰ ਅਸ਼ੁੱਧ ਸਮਝਦੇ ਹਨ। ਕਿਆ ਖ਼ੂਬ ਇਹ ਚਾਲ ਹੈ। ਸਭ ਨੂੰ ਪਿਆਰ ਕਰਨ ਵਾਲ਼ਾ ਰੱਬ! ਉਸ ਦੀ ਪੂਜਾ ਕਰਨ ਵਾਸਤੇ ਜੋ ਮੰਦਰ ਬਣਿਆ ਹੈ, ਉਥੇ ਅਗਰ ਉਹ ਗ਼ਰੀਬ ਜਾ ਵੜੇ ਤਾਂ ਮੰਦਰ ਪਲੀਤ ਹੋ ਜਾਂਦਾ ਹੈ, ਰੱਬ ਨਾਰਾਜ਼ ਹੋ ਜਾਂਦਾ ਹੈ। ਘਰ ਦੀ ਇਹ ਹਾਲਤ ਹੋਵੇ ਤੇ ਬਾਹਰ ਅਸੀਂ ਈਕੁਐਲਟੀ ਜਾਂ ਬਰਾਬਰੀ ਦੇ ਨਾਮ 'ਤੇ ਝਗੜਦੇ ਚੰਗੇ ਲਗਦੇ ਹਾਂ? ਫੇਰ ਸਾਡੇ ਇਸ ਰਵੱਈਏ ਵਿਚ ਕ੍ਰਿਤਘਣਤਾ ਦੀ ਵੀ ਹੱਦ ਪਾਈ ਜਾਂਦੀ ਹੈ। ਜੋ ਸਾਡੇ ਵਾਸਤੇ ਨੀਚ ਤੋਂ ਨੀਚ ਕੰਮ ਕਰਕੇ ਸਾਡੇ ਸੁੱਖਾਂ ਵਿਚ ਵਾਧਾ ਕਰਦੇ ਹਨ, ਉਨ੍ਹਾਂ ਨੂੰ ਹੀ ਅਸੀਂ ਪਰ੍ਹੇ ਪਰ੍ਹੇ ਕਰਦੇ ਹਾਂ। ਜਾਨਵਰਾਂ ਦੀ ਪੂਜਾ ਕਰ ਸਕਦੇ ਹਾਂ, ਪਰ ਇਨਸਾਨ ਨੂੰ ਕੋਲ ਵੀ ਨਹੀਂ ਬਿਠਾ ਸਕਦੇ?"

ਜਦੋਂ ਮੁਸਲਿਮ, ਈਸਾਈ ਤੇ ਸਿੱਖ ਧਰਮ ਵੱਲ ਦਲਿਤ ਵਰਗ ਦੇ ਲੋਕ ਧਰਮ ਪਰਿਵਰਤਨ ਲਈ ਰੁਖ਼ ਕਰਦੇ ਹਨ, ਤਾਂ ਇਸ ਗਤੀਵਿਧੀ ਦਾ ਹਿੰਦੂਆਂ ਨੂੰ ਵੀ ਫ਼ਿਕਰ ਪੈਂਦਾ ਹੈ। ਉਨ੍ਹਾਂ ਨੂੰ ਦਲਿਤ ਦੇ ਹਿੰਦੂ ਧਰਮ ਨੂੰ ਛੱਡ ਦੇਣ ਦਾ ਜੋ ਨੁਕਸਾਨ ਲਗਦਾ ਹੈ, ਉਹ ਜ਼ਿਆਦਾ ਤਰ ਰਾਜਨੀਤਿਕ ਪੱਧਰ 'ਤੇ ਹੈ, ਕਿਉਂਕਿ ਜਦੋਂ ਹਿੰਦੂ ਧਰਮ ਵਿਚ ਅੰਕਿਤ ਕੀਤੇ ਜਾਣ ਵਾਲੇ ਦਲਿਤ ਲੋਕ ਅਪਣੇ ਆਪ ਨੂੰ ਹਿੰਦੂ ਧਰਮ ਤੋਂ ਕਿਨਾਰਾ ਕਰਕੇ ਦੂਸਰਿਆਂ ਧਰਮਾਂ ਵਿਚ ਪ੍ਰਵੇਸ਼ ਕਰਨਗੇ, ਤਾਂ ਇਸ ਨਾਲ਼ ਜਿਸ ਧਰਮ ਵਿਚ ਉਹ ਪ੍ਰਵੇਸ਼ ਕਰਦੇ ਹਨ, ਉਹਦੀ ਸੰਖਿਆ ਵਿਚ ਵਾਧਾ ਹੁੰਦਾ ਹੈ ਤੇ ਇਸ ਸਿੱਧਾ ਨੁਕਸਾਨ ਹਿੰਦੂ ਧਰਮ ਵਾਲ਼ਿਆਂ ਦੀ ਗਿਣਤੀ ਦੇ ਘਟਣ ਵਿਚ ਸਾਹਮਣੇ ਆਉਂਦਾ ਹੈ, ਜਿਹਨੂੰ ਉਹ ਪਚਾ ਨਹੀਂ ਸਨ ਸਕਦੇ। ਦਲਿਤਾਂ ਦੇ ਹਿੰਦੂ ਧਰਮ ਨੂੰ ਛੱਡ ਜਾਣ ਦੇ ਮਸਲੇ 'ਤੇ ਵਿਚਾਰ ਕਰਦੇ ਹੋਏ ਭਗਤ ਸਿੰਘ 'ਅਛੂਤ ਦਾ ਸਵਾਲ' ਲੇਖ ਵਿਚ ਲਿਖਦੇ ਹਨ: "ਠੀਕ ਇਸੇ ਗੱਲ ਦਾ ਫ਼ਿਕਰ ਹਿੰਦੂਆਂ ਨੂੰ ਵੀ ਪਿਆ। ਸਨਾਤਨੀ ਪੰਡਿਤ ਵੀ ਕੁਝ ਕੁ ਇਸ ਮਸਲੇ 'ਤੇ ਸੋਚਣ ਲੱਗੇ। ਵਿਚ ਵਿਚ ਬੜੇ ਯੁੱਗ ਪਲਟਾਊ ਕਹਾਉਣ ਵਾਲ਼ੇ ਵੀ ਸ਼ਾਮਲ ਹੋਏ। ਪਟਨਾ ਹਿੰਦੂ ਮਹਾਂਸਭਾ ਹੋਈ। ਲਾਲਾ ਲਾਜਪਤ ਰਾਏ, ਜਿਹੜੇ ਕਿ ਅਛੂਤਾਂ ਦੇ ਬੜੇ ਪੁਰਾਣੇ ਹਾਮੀ ਚਲੇ ਆਉਂਦੇ ਹਨ, ਪ੍ਰਧਾਨ ਸਨ। ਬੜੀ ਬਹਿਸ ਛਿੜੀ, ਗਰਮਾ-ਗਰਮ ਝੜਪਾਂ ਹੋਈਆਂ, ਮਾਮਲਾ ਇਹ ਦਰਪੇਸ਼ ਸੀ, ਕਿ ਕੀ ਅਛੂਤਾਂ ਨੂੰ ਯਗਯੋਪਵੀਤ (ਜਨੇਊ) ਪਾਉਣ ਦਾ ਹੱਕ ਹੈ? ਤੇ ਕੀ ਉਨ੍ਹਾਂ ਨੂੰ ਵੇਦ ਸਾਸ਼ਤਰ ਪੜ੍ਹਨ ਦਾ ਹੱਕ ਹੈ? ਬੜੇ ਬੜੇ ਰੀਫ਼ੌਰਮਰ (ਸਮਾਜ ਸੁਧਾਰਕ) ਗਰਮ ਹੋ ਪਏ, ਪਰ ਲਾਲਾ ਜੀ ਨੇ ਸਭ ਨੂੰ ਸਮਝਾ ਲਿਆ, ਤੇ ਇਹ ਦੋਵੇਂ ਗੱਲਾਂ ਮਨਜ਼ੂਰ ਕਰ ਕੇ ਹਿੰਦੂ ਧਰਮ ਦੀ ਲਾਜ ਰੱਖ ਲਈ।"

## ਅਛੂਤਾਂ ਦੀ ਸਿਆਸਤ ਵਿਚ ਖਿੱਚ-ਧੂਹ

ਰਾਜਨੀਤਿਕ ਪੈਂਤੜੇ ਨੂੰ ਮੁੱਖ ਰੱਖਦੇ ਹੋਏ ਵੱਖ-ਵੱਖ ਸਿਆਸੀ ਧਿਰਾਂ ਦੀ ਦਲਿਤ ਵਸੋਂ ਦੀ ਅਪਣੇ-ਅਪਣੇ ਵੱਲ ਖਿੱਚੋਤਾਣੀ ਨੇ ਦਲਿਤ ਲੋਕਾਂ ਦੇ ਮਨਾਂ ਅੰਦਰ ਵੀ ਉਨ੍ਹਾਂ ਦੀ ਚੋਖੀ ਸੰਖਿਆ ਦੀ ਰਾਜਨੀਤਿਕ ਸ਼ਕਤੀ ਵਜੋਂ ਹੈਸੀਅਤ ਦੀ ਅਹਿਮੀਅਤ ਨੂੰ ਉਜਾਗਰ ਕੀਤਾ। ਭਗਤ ਸਿੰਘ ਦੇ ਸ਼ਬਦਾਂ ਵਿਚ "ਇਧਰ ਜਦੋਂ ਅਛੂਤਾਂ ਦੇਖਿਆ ਕਿ ਸਾਡੀ ਖ਼ਾਤਰ ਇਨ੍ਹਾਂ ਵਿਚ ਫ਼ਸਾਦ ਹੋ ਰਿਹਾ ਹੈ ਤੇ ਸਾਨੂੰ ਹਰ ਕੋਈ ਅਪਣੀ ਅਪਣੀ ਖ਼ੁਰਾਕ ਸਮਝ ਰਿਹਾ ਹੈ, ਤਾਂ ਅਸੀਂ ਜੁਦੇ ਹੀ ਕਿਉਂ ਨਾ ਸੰਗਠਤ ਹੋਈਏ। ਇਸ ਖ਼ਿਆਲ ਨੂੰ ਸ਼ੁਰੂ ਕਰਨ ਵਿਚ ਸਰਕਾਰ ਅੰਗਰੇਜ਼ੀ ਦਾ ਕੋਈ ਹੱਥ ਹੋਵੇ ਜਾਂ ਨਾ ਹੋਵੇ, ਇੰਨਾ ਜ਼ਰੂਰ ਹੈ ਕਿ ਉਸ ਦੇ ਪ੍ਰਚਾਰ ਵਿਚ ਸਰਕਾਰੀ ਆਦਮੀਆਂ ਦਾ ਵੀ ਕਾਫ਼ੀ ਹੱਥ ਹੈ ਸੀ। ਆਦਿ ਧਰਮ ਮੰਡਲ ਆਦਿਕਾ ਉਸੇ ਵਿਚਾਰ ਦੇ ਪ੍ਰਚਾਰ ਦਾ ਨਤੀਜਾ ਹਨ। ਭਗਤ ਸਿੰਘ ਦਾ ਅਪਣੇ ਇਸ ਇਤਿਹਾਸਕ ਲੇਖ ਵਿਚ ਆਦਿ ਧਰਮ ਮੰਡਲ ਦਾ ਜ਼ਿਕਰ ਕਰਨਾ ਉਨ੍ਹਾਂ ਦੀ ਤਤਕਾਲੀਨ ਭਖਵੇਂ ਮੁੱਦਿਆਂ 'ਤੇ ਡੂੰਘੀ ਪਕੜ ਦੀ ਨਿਸ਼ਾਨਦੇਹੀ ਕਰਦਾ ਹੈ। ਆਦਿ ਧਰਮ ਮੰਡਲ ਲਹਿਰ ਉਸ ਵੇਲੇ ਦੇ ਵਿਸ਼ਾਲ ਪੰਜਾਬ ਅੰਦਰ ਮਘ ਰਹੀ ਫ਼ਿਰਕੇਦਾਰਾਨਾ ਸਿਆਸਤ ਤੋਂ ਸਚੇਤ ਤੇ ਦਲਿਤ ਵਰਗ ਦੀ ਵੱਖਰੀ ਪਛਾਣ ਬਣਾ ਕੇ ਸਿਆਸੀ ਪਿੜ ਵਿਚ ਉਤਰੀ ਸੀ। ਇਹ ਲਹਿਰ, ਜਿਵੇਂ ਕਿ ਇਸ ਪੁਸਤਕ ਵਿਚ ਪਹਿਲਾਂ ਵੀ ਲਿਖਿਆ ਗਿਆ ਹੈ ਕਿ ਵੱਖ-ਵੱਖ ਦਲਿਤ ਉਪ-ਜਾਤਾਂ ਨੂੰ ਇੱਕਠਾ ਕਰਕੇ ਤੇ ਵੱਖਰੇ ਧਰਮ ਦੇ ਤੌਰ 'ਤੇ ਸੰਗਠਿਤ ਕਰਕੇ ਉਨ੍ਹਾਂ ਦੀ ਇਸ ਖ਼ਿਤੇ ਵਿਚ ਮੂਲ਼ ਨਿਵਾਸੀਆਂ ਦੇ ਤੌਰ 'ਤੇ ਪਛਾਣ ਬਣਾਉਣ ਨੂੰ ਤਰਜੀਹ ਦਿੰਦੀ ਸੀ। ਇਸ ਲਹਿਰ ਦਾ ਦਲਿਤ ਵਰਗ ਨੂੰ ਵੱਖਰੇ ਧਰਮ ਵਜੋਂ ਉਭਾਰਨਾ ਅੰਗਰੇਜ਼ ਸਰਕਾਰ ਦੀ ਪਹਿਲਾਂ ਤੋਂ ਕਾਰਗਰ 'ਪਾੜੋ ਤੇ ਰਾਜ ਕਰੋ' ਦੀ ਚਾਲ ਨਾਲ਼ ਮੇਲ਼ ਖਾਂਦਾ ਸੀ। ਇਸ ਲਈ ਭਗਤ ਸਿੰਘ ਨੇ ਇਸ ਲਹਿਰ ਦੇ ਕਾਰਕੁੰਨਾਂ ਨੂੰ ਅੰਗਰੇਜ਼ ਦੀ ਇਸ ਕੁਹਜੀ ਚਾਲ ਤੋਂ ਬਚਣ ਲਈ ਅਪਣੀ ਰਾਏ ਪੇਸ਼ ਕੀਤੀ। ਉਹ ਸਹੀ ਮਾਅਨਿਆਂ ਵਿਚ ਦਲਿਤ ਵਰਗ ਦੇ ਹਿਤੈਸ਼ੀ ਸਨ ਤੇ ਉਹ ਚਾਹੁੰਦੇ ਸਨ ਕਿ ਸਦੀਆਂ ਤੋਂ ਲਤਾੜੇ ਹੋਏ ਇਨ੍ਹਾਂ ਦਲਿਤ ਲੋਕਾਂ ਦੀ ਹਾਲਤ ਵਿਚ ਸਾਰਥਿਕ ਤਬਦੀਲੀ ਜ਼ਰੂਰ ਆਵੇ ਤੇ ਉਹ ਕਿਰਤੀਆਂ, ਕੰਮੀ-ਕਮੀਣਾਂ ਤੇ ਕਿਸਾਨਾਂ ਦੇ ਆਰਥਿਕ ਤੇ ਸਮਾਜਿਕ ਮਸਲਿਆਂ ਦਾ ਹੱਲ ਵੀ ਰਾਜਨੀਤਕ ਆਜ਼ਾਦੀ ਦੇ ਵੱਡੇ ਮਸਲੇ ਦੇ ਨਾਲ਼-ਨਾਲ਼ ਹੀ ਚਾਹੁੰਦੇ ਸਨ। ਉਨ੍ਹਾਂ ਦੀ ਇਜੇਹੀ ਸੋਚ ਹੀ ਉਨ੍ਹਾਂ ਨੂੰ ਉਸ ਵੇਲੇ ਦੀ ਕਾਂਗਰਸ ਦੇ ਆਜ਼ਾਦੀ ਅੰਦੋਲਨ ਤੋਂ ਅਲੱਗ ਪੇਸ਼ ਕਰਦੀ ਹੈ। ਉਨ੍ਹਾਂ ਦਾ ਆਜ਼ਾਦੀ ਤੋਂ ਭਾਵ ਗੋਰਿਆਂ ਤੋਂ ਛੁਟਕਾਰਾ ਪਾ ਕੇ ਭੂਰਿਆਂ ਦੇ ਵੱਸ ਪੈਣ ਤੋਂ ਕਤੱਈ ਨਹੀਂ ਸੀ। ਉਹ ਕਾਂਗਰਸ ਵਾਂਗ ਸਿਰਫ਼ ਰਾਜਨੀਤਿਕ ਆਜ਼ਾਦੀ ਦੀ ਗੱਲ ਨਹੀਂ ਸਨ ਕਰਦੇ, ਸਗੋਂ ਆਰਥਿਕ ਤੇ ਸਮਾਜਿਕ ਅਜ਼ਾਦੀ ਤੇ ਵੀ ਪਹਿਰਾ ਦਿੰਦੇ ਸਨ। ਉਹ ਸਮਾਜਿਕ ਆਜ਼ਾਦੀ ਦੇ ਮੈਦਾਨ ਵਿਚ ਕੇਵਲ ਫੋਕੀਆਂ ਦਲੀਲਾਂ ਨਾਲ਼ ਹੀ ਬ੍ਰਾਹਮਣਵਾਦ ਦੇ ਚਤੁਰਵਾਦੀ ਸਿਧਾਂਤ ਨੂੰ ਚਿੱਤ ਕਰਨਾ ਨਹੀਂ ਸਨ ਚਾਹੁੰਦੇ, ਸਗੋਂ ਉਸ ਨਾਲ਼ ਸਿੱਧਾ ਲੋਹਾ ਲੈਣ ਨੂੰ ਵੀ ਤਿਆਰ ਰਹਿੰਦੇ ਸਨ। ਉਨ੍ਹਾਂ ਨੇ ਨੌਜਵਾਨ ਭਾਰਤ ਸਭਾ ਤੇ ਨੌਜਵਾਨ ਕਾਨਫ਼ਰੰਸ ਦੇ ਸੰਘਰਸ਼ ਵਿਚ ਇਸ ਮੁੱਦੇ ਨੂੰ ਵੀ ਸ਼ਾਮਿਲ ਕੀਤਾ ਹੋਇਆ ਸੀ। ਉਹ ਇਸ ਗੱਲ ਨੂੰ ਜ਼ੋਰ ਦੇ ਕੇ ਕਿਹਾ ਕਰਦੇ ਸਨ ਕਿ ਸਾਨੂੰ ਇਨ੍ਹਾਂ ਲੋਕਾਂ ਨੂੰ ਨਾ ਤਾਂ ਅਛੂਤ ਕਹਿਣਾ ਚਾਹੀਦਾ ਤੇ ਨਾ ਹੀ ਸਮਝਣਾ ਚਾਹੀਦਾ ਹੈ। ਉਨ੍ਹਾਂ ਦੇ ਸ਼ਬਦਾਂ ਵਿਚ "ਨੌਜਵਾਨ ਭਾਰਤ ਸਭਾ ਤੇ ਨੌਜਵਾਨ ਕਾਨਫ਼ਰੰਸ ਨੇ ਜੋ ਤਰੀਕਾ ਅਖ਼ਤਿਆਰ ਕੀਤਾ ਹੈ, ਉਹ ਡਾਢਾ ਸੁੰਦਰ ਹੈ। ਜਿਨ੍ਹਾਂ ਭਰਾਵਾਂ ਨੂੰ ਅੱਜ ਤੀਕ ਅਛੂਤ ਅਛੂਤ ਕਿਹਾ ਕਰਦੇ ਸਾਂ, ਉਨ੍ਹਾਂ ਕੋਲ਼ੋਂ ਅਪਣੇ ਇਸ ਪਾਪ ਵਾਸਤੇ ਖਿਮਾ ਮੰਗਣੀ ਤੇ ਉਨ੍ਹਾਂ ਨੂੰ ਅਪਣੇ ਵਰਗਾ ਆਦਮੀ ਸਮਝਣਾ, ਬਿਨਾਂ ਅੰਮ੍ਰਿਤ ਛਕਾਇਆਂ, ਕਲਮਾ ਪੜ੍ਹਾਇਆਂ ਜਾਂ ਸ਼ੁੱਧ ਕੀਤਿਆਂ ਹੀ ਉਹ ਨੂੰ ਅਪਣੇ ਵਿਚ ਰਲ਼ਾ ਲੈਣਾ, ਉਹਦੇ ਹੱਥ ਦਾ ਪਾਣੀ ਪੀਣਾ ਇਹੋ ਠੀਕ ਤਰੀਕਾ ਹੈ ਤੇ ਆਪੋ ਵਿਚ ਖਿੱਚਾਧੂਹੀ ਕਰਨੀ ਤੇ ਅਮਲ ਵਿਚ ਕੋਈ ਵੀ ਹੱਕ ਨਾ ਦੇਣਾ ਕੋਈ ਠੀਕ ਗੱਲ ਨਹੀਂ ਹੈ। ਭਗਤ ਸਿੰਘ ਦੇ ਇਹ ਵਿਚਾਰ ਉਸ ਵੇਲੇ ਦੀਆਂ ਰਾਜਨੀਤਿਕ ਸਰਗਰਮੀਆਂ ਨੂੰ ਮੱਦੇਨਜ਼ਰ ਰੱਖਦਿਆਂ ਜਿਥੇ ਇਕ ਪਾਸੇ ਬਹੁਤ ਇਨਕਲਾਬੀ ਹਨ, ਉਥੇ ਦੂਸਰੇ ਪਾਸੇ ਇਹ ਉਨ੍ਹਾਂ ਦੇ ਦਲਿਤ ਲੋਕਾਂ ਨਾਲ਼ ਡੂੰਘੀ ਹਮਦਰਦੀ ਦਾ ਵੀ ਪ੍ਰਗਟਾਵਾ ਕਰਦੇ ਹਨ। ਭਗਤ ਸਿੰਘ ਦੀ ਅਛੂਤ ਸਵਾਲ ਦੇ ਪ੍ਰਤੀ ਇਨਕਲਾਬੀ ਸੋਚ ਤੇ ਡੂੰਘੀ ਹਮਦਰਦੀ ਉਨ੍ਹਾਂ ਦੀ ਦੂਜੇ ਲਾਹੌਰ ਸਾਜ਼ਸ਼ ਕੇਸ ਅਧੀਨ ਲਾਹੌਰ ਦੀ ਸੈਂਟਰਲ ਜੇਲ ਵਿਚ ਬੋਘੇ ਭੰਗੀ ਨਾਲ਼ ਨੇੜਤਾ ਤੋਂ ਸਾਫ਼ ਜ਼ਾਹਿਰ ਹੁੰਦੀ ਹੈ। ਉਹ ਬੋਘੇ ਨੂੰ ਉਹਦੇ ਦਿਲੋ-ਦਿਮਾਗ਼ 'ਤੇ ਛਾਏ ਨੀਵੀਂ ਜ਼ਾਤ ਦਾ ਹੋਣ ਦੇ ਹੀਣ-ਭਾਵ ਨੂੰ ਤੋੜਨ ਲਈ ਅਕਸਰ ਹੀ ਉਹਨੂੰ 'ਬੇਬੇ' ਕਹਿ ਕੇ ਬੁਲਾਉਂਦੇ ਸਨ। ਇਸ ਘਟਨਾ ਦੀ ਪੇਸ਼ਕਾਰੀ ਦਵਿੰਦਰ ਦਮਨ ਨੇ ਅਪਣੇ ਨਾਟਕ 'ਛਿਪਣ ਤੋਂ ਪਹਿਲਾਂ' ਵਿਚ ਬਹੁਤ ਸੁਹਣੇ ਢੰਗ ਨਾਲ਼ ਕੀਤੀ ਹੈ।

ਜਿਸ ਤਰ੍ਹਾਂ ਕਿ ਉਸ ਸਮੇਂ ਇਹ ਆਮ ਹੀ ਸੀ ਕਿ ਵੱਖ-ਵੱਖ ਧਰਮਾਂ ਦੇ ਠੇਕੇਦਾਰ ਅਪਣੀ-ਅਪਣੀ ਰਹਿਤ ਮਰਿਆਦਾ ਅਨੁਸਾਰ ਅਛੂਤ ਲੋਕਾਂ ਨੂੰ ਅਪਣੇ-ਅਪਣੇ ਘੇਰੇ ਵਿਚ ਜਮ੍ਹਾਂ ਕਰਨ ਉੱਤੇ ਲੱਗੇ ਹੋਏ ਸਨ ਤੇ ਜਿਹਦਾ ਦਲਿਤ ਮੁਕਤੀ ਤੇ ਸ਼ਕਤੀਕਰਨ ਨਾਲ਼ ਕੋਈ ਦੂਰ ਦਾ ਵੀ ਨਾਤਾ ਨਹੀਂ ਸੀ, ਉਸ ਵੇਲੇ ਭਗਤ ਸਿੰਘ ਦਾ ਅਛੂਤ ਲੋਕਾਂ ਨੂੰ ਬਿਨਾਂ ਕਿਸੇ ਸ਼ਰਤ ਦੇ ਮਾਣ-ਇੱਜ਼ਤ ਦੇਣ ਦੀ ਗੱਲ ਕਰਨਾ ਇਨਕਲਾਬੀ ਕਦਮ ਸੀ। ਜਿੱਥੋਂ ਤਕ ਪੰਜਾਬੀ ਸਮਾਜ ਦੀ ਦਰਜਾਬੰਦੀ ਦਾ ਸਵਾਲ ਹੈ, ਭਗਤ ਸਿੰਘ ਸੱਚਾਈ ਬਹੁਤ ਕਰੀਬ ਖਲੋਤੇ ਨਜ਼ਰ ਆਉਂਦੇ ਹਨ। ਪੰਜਾਬ ਦੀ ਸਮਾਜਿਕ ਦਰਜੇਬੰਦੀ ਤੋਂ ਪੂਰੀ ਤਰ੍ਹਾਂ ਜਾਣੂ ਭਗਤ ਸਿੰਘ ਜੱਟ ਭਾਈਚਾਰੇ ਨੂੰ, ਜਿਸ ਨੂੰ ਤਤਕਾਲੀ ਸਰਕਾਰੀ ਮੁਲਾਜ਼ਮ ਇਹ ਕਹਿ ਕੇ ਭੜਕਾ ਰਹੇ ਸਨ ਕਿ ਦੇਖੋ ਇਹ ਚੂਹੜਿਆਂ-ਚੱਪੜਿਆਂ ਨੂੰ ਸਿਰ 'ਤੇ ਚੜ੍ਹਾ ਰਹੇ ਹਨ ਤੇ ਤੁਹਾਡਾ ਕੰਮ ਬੰਦ ਕਰਾਊ ਹਨ, ਮੁਖ਼ਾਤਿਬ ਹੁੰਦੇ ਲਿਖਦੇ ਹਨ: ਉਨ੍ਹਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇਨ੍ਹਾਂ ਦੀ ਹਾਲਤ ਉਨਾ ਚਿਰ ਨਹੀਂ ਸੁਧਰ ਸਕਦੀ, ਜਿੰਨਾ ਚਿਰ ਕਿ ਉਹ ਇਹਨਾਂ ਗ਼ਰੀਬਾਂ ਨੂੰ ਕਮੀਣ ਤੇ ਨੀਚ ਕਹਿ ਕੇ ਅਪਣੇ ਪੈਰਾਂ ਹੇਠ ਦੱਬੀ ਰੱਖਣਾ ਚਾਹੁੰਦੇ ਹਨ। ਭਗਤ ਸਿੰਘ ਕਿਰਤੀਆਂ ਤੇ ਕਿਸਾਨਾਂ ਦੀ ਸਮਾਜਿਕ ਬਰਾਬਰੀ ਵਿਚ ਹੀ ਇਨ੍ਹਾਂ ਦੋਨਾਂ ਧਿਰਾਂ ਦੀ ਉਨਤੀ ਦੀ ਤਸਵੀਰ ਉਸਰਦੀ ਦੇਖਦੇ ਹਨ, ਜਿਹਦੀ ਅੱਜ ਕੱਲ੍ਹ ਦੇ ਪੰਜਾਬੀ ਸਮਾਜ ਵਿਚ ਬਹੁਤ ਲੋੜ ਹੈ। ਅੱਜ ਦੇ ਪੰਜਾਬ ਦੇ ਸਮਾਜਿਕ ਤੇ ਆਰਥਿਕ ਸੰਦਰਭਾਂ ਵਿਚ ਉਨ੍ਹਾਂ ਦੀ ਐਸੀ ਸੋਚ ਜਿਥੇ ਬਹੁਤ ਅਹਿਮ ਜਾਪਦੀ ਹੈ; ਉਥੇ ਉਹ ਦੂਰਦਰਸ਼ੀ ਵੀ ਸਿੱਧ ਹੁੰਦੀ ਹੈ, ਜਿਥੇ ਕਿ ਹਰ ਆਏ ਦਿਨ ਪਿੰਡਾਂ ਵਿਚ ਦਲਿਤਾਂ ਦੇ ਸਮਾਜੀ ਬਾਈਕਾਟ ਦੀ ਘੋਸ਼ਣਾ ਤੇ ਫਿਰ ਉਸ ਕਰਕੇ ਹੋਏ ਸਮਾਜਿਕ ਫ਼ਸਾਦਾਂ ਵਰਗੇ ਕੋਹੜ ਦੇ ਸੰਤਾਪ ਦਾ ਰੁਝਾਨ ਹੀ ਬਣ ਗਿਆ ਹੈ।

ਭਗਤ ਸਿੰਘ ਅਛੂਤ ਲੋਕਾਂ ਦੇ ਪ੍ਰਤੀ ਘ੍ਰਿਣਾ ਦਾ ਖੰਡਨ ਕਰਦੇ ਹੋਏ ਇਸ ਦਲੀਲ ਦਾ ਇਹ ਕਹਿ ਕੇ ਪਰਦਾਫ਼ਾਸ਼ ਕਰਦੇ ਹਨ ਕਿ ਜੇ ਉਹ ਸਾਫ਼ ਨਹੀਂ ਰਹਿੰਦੇ, ਤਾਂ ਇਹਦਾ ਕਾਰਣ ਉਨ੍ਹਾਂ ਦੀ ਗ਼ਰੀਬੀ ਹੈ ਤੇ ਗ਼ਰੀਬੀ ਦਾ ਹੱਲ ਕਰਨਾ ਚਾਹੀਦਾ ਹੈ ਨਾ ਕਿ ਉਨ੍ਹਾਂ ਨੂੰ ਘ੍ਰਿਣਾ ਦੇ ਪਾਤਰ ਗਰਦਾਨਿਆ ਜਾਣਾ ਚਾਹੀਦਾ ਹੈ। ਉਹ ਅਪਣੀ ਦਲੀਲ ਨੂੰ ਤਰਕਸ਼ੀਲ ਢੰਗ ਨਾਲ਼ ਪੇਸ਼ ਕਰਦੇ ਹੋਏ ਅੱਗੇ ਲਿਖਦੇ ਹਨ: "ਉੱਚੀਆਂ-ਉੱਚੀਆਂ ਕੁੱਲਾਂ ਦੇ ਗ਼ਰੀਬ ਲੋਕੀ ਕੋਈ ਘੱਟ ਗੰਦੇ ਨਹੀਂ ਹੁੰਦੇ। ਗੰਦਾ ਕੰਮ ਕਰਨ ਦਾ ਬਹਾਨਾ ਵੀ ਨਹੀਂ ਲੱਗ ਸਕਦਾ। ਮਾਵਾਂ ਬੱਚਿਆਂ ਦਾ ਗੰਦ ਸਾਫ਼ ਕਰਨ ਨਾਲ਼ ਚੂਹੜੀਆਂ ਤੇ ਅਛੂਤ ਨਹੀਂ ਹੋ ਜਾਂਦੀਆਂ।" ਭਗਤ ਸਿੰਘ ਅਨੁਸਾਰ ਦਲਿਤ ਸਵਾਲ ਦਾ ਹੱਲ ਕਿਸੇ ਹੋਰ ਨੇ ਨਹੀਂ ਕਰਨਾ। ਇਸ ਮਸਲੇ ਦਾ ਹੱਲ ਤਾਂ ਦਲਿਤ ਲੋਕਾਂ ਨੇ ਖ਼ੁਦ ਆਪ ਹੀ ਕੱਢਣਾ ਹੈ। ਉਨ੍ਹਾਂ ਦੇ ਸ਼ਬਦਾਂ ਵਿਚ, ਪਰ ਇਹ ਕੰਮ ਓਨਾ ਚਿਰ ਨਹੀਂ ਹੋ ਸਕਦਾ, ਜਿੰਨਾ ਚਿਰ ਕਿ ਅਛੂਤ ਕੌਮਾਂ ਅਪਣੇ ਆਪ ਨੂੰ ਸੰਗਠਿਤ ਨਾ ਕਰ ਲੈਣ। ਅਸੀਂ ਤਾਂ ਸਮਝਦੇ ਹਾਂ ਕਿ ਉਨ੍ਹਾਂ ਦਾ ਅਪਣੇ ਆਪ ਨੂੰ ਵੱਖਰਾ ਜੱਥੇਬੰਦ ਕਰਨਾ ਤੇ ਮੁਸਲਮਾਨਾਂ ਦੇ ਬਰਾਬਰ ਗਿਣਤੀ ਵਿਚ ਹੋਣ ਕਰਕੇ ਉਨ੍ਹਾਂ ਦੇ ਬਰਾਬਰ ਹੱਕ ਮੰਗਣਾ ਬੜੀ ਆਸ਼ਾਜਨਕ ਤਹਿਰੀਕ ਹੈ। ਜਾਂ ਤੇ ਫ਼ਿਰਕਾਦਾਰਾਨਾ ਨਿਆਬ੍ਰਤ ਦਾ ਟੰਟਾ ਹੀ ਮੁਕਾਓ ਨਹੀਂ ਤੇ ਉਨ੍ਹਾਂ ਦੇ ਵੱਖਰੇ ਹਕੂਕ ਉਨ੍ਹਾਂ ਨੂੰ ਦੇਵੋ। ਭਗਤ ਸਿੰਘ ਦੇ ਐਸੇ ਵਿਚਾਰ ਉਨ੍ਹਾਂ ਨੂੰ ਅੰਬੇਡਕਰ ਦੀ ਦਲਿਤ ਮੁਕਤੀ ਦੇ ਸਵਾਲ ਸੰਬੰਧੀ ਹੱਲ ਦੀ ਸੋਚ ਨਾਲ਼ ਮੇਲ ਖਾਂਦੇ ਪੇਸ਼ ਕਰਦੇ ਹਨ। ਦਰਅਸਲ ਭਗਤ ਸਿੰਘ ਨੇ ਇਜੇਹੇ ਵਿਚਾਰ ਅੰਬੇਡਕਰ ਦੀ ਗੋਲਮੇਜ਼ ਕਾਨਫ਼ਰੰਸਾਂ ਵਿਚ ਅਛੂਤਾਂ ਵਾਸਤੇ ਵੱਖਰੇ ਚੋਣ ਖੇਤਰਾਂ ਦੀ ਵਕਾਲਤ ਤੋਂ ਕਾਫ਼ੀ ਸਮਾਂ ਪਹਿਲਾਂ ਹੀ ਪੇਸ਼ ਕਰ ਦਿੱਤੇ ਸਨ, ਜੋ ਕਿ ਉਨ੍ਹਾਂ ਦੀ ਇਸ ਮੁੱਦੇ ਪ੍ਰਤੀ ਇਨਕਲਾਬੀ ਸੋਚ ਦੀ ਤਿੱਖੀ ਨਿਸ਼ਾਨਦੇਹੀ ਕਰਦੇ ਹਨ। ਉਨ੍ਹਾਂ ਅਨੁਸਾਰ ਕੌਂਸਲਾਂ ਤੇ ਅਸੈਂਬਲੀਆਂ ਦਾ ਫ਼ਰਜ਼ ਹੈ ਕਿ ਸਕੂਲ, ਕਾਲਜ, ਖ਼ੂਹ ਤੇ ਸੜਕਾਂ ਦੇ ਇਸਤੇਮਾਲ ਦੀ ਪੂਰੀ ਆਜ਼ਾਦੀ ਇਨ੍ਹਾਂ ਨੂੰ ਦੁਆਉਣ। ਜ਼ਬਾਨੀ ਹੀ ਨਹੀਂ, ਬਲਕਿ ਨਾਲ਼ ਲੈ ਜਾਕੇ ਉਨ੍ਹਾਂ ਨੂੰ ਖ਼ੂਹਾਂ ਤੇ ਚੜ੍ਹਾਉਣ, ਨਾਲ਼ ਲੈ ਜਾ ਕੇ ਉਨ੍ਹਾਂ ਦੇ ਮੁੰਡਿਆਂ ਨੂੰ ਮਦਰਸਿਆਂ ਵਿਚ ਭਰਤੀ ਕਰਾਉਣ। ਪਰ ਜਿਸ ਲੈਜਿਸਲੇਟਿਵ ਵਿਚ ਛੋਟੀ ਉਮਰ ਦੇ ਵਿਆਹ ਦੇ ਵਿਰੁੱਧ ਪੇਸ਼ ਕੀਤੇ ਗਏ ਬਿੱਲ ਤੇ ਮਜ਼੍ਹਬ ਦੇ ਬਹਾਨੇ ਲੈ ਕੇ ਤੋਬਾ ਮਚਾ ਦਿੱਤੀ ਜਾਂਦੀ ਹੈ, ਓਥੇ ਅਛੂਤਾਂ ਨੂੰ ਨਾਲ਼ ਰਲਾਉਣ ਦੀ ਹਿੰਮਤ ਉਹ ਕਿਸ ਤਰ੍ਹਾਂ ਕਰ ਸਕਦੇ ਹਨ।

'ਅਛੂਤ ਦਾ ਸਵਾਲ' ਲੇਖ ਲਿਖਣ ਤੋਂ ਦੋ ਸਾਲ ਬਾਅਦ 5-6 ਅਕਤੂਬਰ 1930 ਨੂੰ ਭਗਤ ਸਿੰਘ ਦਾ ਲਿਖਿਆ ਇਕ ਹੋਰ ਲੇਖ 'ਮੈਂ ਨਾਸਤਕ ਕਿਉਂ ਹਾਂ?' ਅਛੂਤ ਸਮੱਸਿਆ ਤੇ ਉਨ੍ਹਾਂ ਦੀ ਡੂੰਘੀ ਪਕੜ ਨੂੰ ਦਰਸਾਉਂਦਾ ਹੈ। ਉਹ ਇਸ ਲੇਖ ਵਿਚ ਉਹਨੂੰ ਨਾਸਤਕ ਕਹਿਣ ਵਾਲਿਆਂ ਨਾਲ਼ ਸੰਵਾਦ ਦੇ ਰੂਪ ਵਿਚ ਰੱਬ ਦੀ ਅਣਹੋਂਦ ਬਾਰੇ ਤਰਕ ਸੰਗਤ ਅਛੂਤ ਬੰਦੇ ਦੀ ਤਰਾਸਦੀ ਨੂੰ ਬਿਆਨ ਕਰਦੇ ਹੋਏ ਲਿਖਦੇ ਹਨ: ਤੁਹਾਡੀ ਜਾਚੇ ਕਿਸੇ ਚਮਾਰ ਜਾਂ ਭੰਗੀ ਦੇ ਅਨਪੜ੍ਹ ਪਰਿਵਾਰ ਵਿਚ ਜੰਮੇ ਬੰਦੇ ਦੀ ਕੀ ਹੋਣੀ ਹੋਵੇਗੀ? ਉਹ ਗ਼ਰੀਬ ਹੈ। ਇਸ ਲਈ ਉਹ ਪੜ੍ਹਾਈ ਨਹੀਂ ਕਰ ਸਕਦਾ। ਖ਼ੁਦ ਨੂੰ ਚੰਗੇ ਸਮਝਣ ਵਾਲੇ ਦੂਜੇ ਇਨਸਾਨ ਉਸ ਨੂੰ ਨਫ਼ਰਤ ਕਰਦੇ ਹਨ ਤੇ ਧਿਕਾਰਦੇ ਹਨ, ਕਿਉਂਕਿ ਉਹ ਉਚੇਰੀ ਜ਼ਾਤ ਵਿਚ ਪੈਦਾ ਹੋਏ ਸਨ। ਉਹਦੀ ਅਗਿਆਨਤਾ ਉਹਦੀ ਗ਼ਰੀਬੀ ਤੇ ਜਿਹੜਾ ਸਲੂਕ ਉਹਦੇ ਨਾਲ਼ ਹੁੰਦਾ ਹੈ, ਇਨ੍ਹਾਂ ਸਾਰੀਆਂ ਗੱਲਾਂ ਕਾਰਣ ਸਮਾਜ ਤਾਈਂ ਉਹਦਾ ਦਿਲ ਸਖ਼ਤ ਹੋ ਜਾਏਗਾ।

ਫ਼ਰਜ਼ ਕਰੋ ਕਿ ਉਹ ਕੋਈ ਪਾਪ ਕਰਦਾ ਹੈ, ਤਾਂ ਉਹਦਾ ਖ਼ਮਿਆਜ਼ਾ ਕੌਣ ਭੁਗਤੇਗਾ? ਰੱਬ ਜਾਂ ਪਾਪ ਕਰਨਾ ਵਾਲ਼ਾ ਜਾਂ ਸਮਾਜ ਦੇ ਗੁਣੀ ਗਿਆਨੀ ਬੰਦੇ? ਉਨ੍ਹਾਂ ਲੋਕਾਂ ਨੂੰ ਮਿਲ਼ੀਆਂ ਸਜ਼ਾਵਾਂ ਬਾਰੇ ਤੁਸੀਂ ਕੀ ਆਖੋਗੇ, ਜਿਨ੍ਹਾਂ ਨੂੰ ਹਿਰਸੀ ਤੇ ਹੰਕਾਰੀ ਬ੍ਰਾਹਮਣਾਂ ਨੇ ਜਾਣ ਬੁੱਝ ਕੇ ਅਗਿਆਨਤਾ ਦੀਆਂ ਗ਼ਾਰਾਂ ਵਿਚ ਸੁੱਟਿਆ ਸੀ। ਉਨ੍ਹਾਂ ਦਾ ਕਸੂਰ ਕਿ ਉਨ੍ਹਾਂ ਪਾਪੀਆਂ ਨੇ ਤੁਹਾਡੇ ਗਿਆਨ ਦੀਆਂ ਪਵਿੱਤਰ ਪੋਥੀਆਂ ਵੇਦਾਂ ਦੀਆਂ ਕੁਝ ਸਤਰਾਂ ਅਪਣੇ ਕੰਨੀ ਸੁਣ ਲਈਆਂ ਸਨ ਤੇ ਤੁਸੀਂ ਉਨ੍ਹਾਂ ਦੇ ਕੰਨਾਂ ਵਿਚ ਸਿੱਕਾ ਢਾਲ਼ ਕੇ ਪਾ ਦਿੱਤਾ ਸੀ, ਜੇ ਉਨ੍ਹਾਂ ਨੇ ਕੋਈ ਕਸੂਰ ਕੀਤਾ ਸੀ, ਤਾਂ ਇਹਦਾ ਜ਼ਿੰਮੇਵਾਰ ਕੌਣ ਸੀ ਤੇ ਬਿਪਤਾ ਕਿਸ ਦੇ ਸਿਰ ਪੈਣੀ ਸੀ? ਮੇਰੇ ਪਿਆਰੇ ਦੋਸਤੋ: ਇਹ ਸਾਰੇ ਸਿਧਾਂਤ ਖ਼ਾਸ ਅਧਿਕਾਰਾਂ ਦੇ ਮਾਲਕਾਂ ਦੀਆਂ ਕਾਢਾਂ ਹੀ ਹਨ, ਇਨ੍ਹਾਂ ਸਿਧਾਂਤਾਂ ਸਦਕਾ ਉਹ ਅਪਣੀ ਲੁੱਟੀ ਹੋਈ ਤਾਕਤ, ਦੌਲਤ ਤੇ ਉਤਮਤਾ ਨੂੰ ਵਾਜਿਬ ਠਹਿਰਾਉਂਦੇ ਹਨ।

(ਬਾਕੀ ਅਗਲੇ ਸਫੇ 'ਤੇ)

# ਸ਼ਹੀਦ ਭਗਤ ਸਿੰਘ ਤੇ ਅਛੂਤ ਦਾ ਸਵਾਲ

(ਸਫਾ 17 ਦੀ ਬਾਕੀ)

ਭਗਤ ਸਿੰਘ ਅਪਣੀ ਇਨਕਲਾਬੀ ਸੋਚ ਤੇ ਤੀਖਣ ਬੁੱਧੀ ਸਦਕਾ ਇਹ ਭਲੀਭਾਂਤ ਜਾਣ ਚੁੱਕੇ ਸਨ ਕਿ ਅਛੂਤਾਂ ਦੇ ਸੁਧਾਰ ਦੀਆਂ ਵੱਡੀਆਂ-ਵੱਡੀਆਂ ਗੱਲਾਂ ਕਰਨ ਵਾਲ਼ ਅਸਲ ਵਿਚ ਉਨ੍ਹਾਂ ਨੂੰ ਰਾਜਨੀਤਿਕ ਪੱਤੇ ਵਜੋਂ ਹੀ ਵਰਤਣਾ ਚਾਹੁੰਦੇ ਹਨ। ਉਹ ਅਸਲ ਵਿਚ ਉਨ੍ਹਾਂ ਦੇ ਜੀਵਨ ਵਿਚ ਕਿਸੇ ਵੀ ਤਰ੍ਹਾਂ ਦੀ ਤਬਦੀਲੀ ਦੇਖਣੀ ਨਹੀਂ ਚਾਹੁੰਦੇ। ਲੈਜਿਸਲੇਟਿਵ ਅਸੈਂਬਲੀਆਂ ਵਿਚ ਵੀ ਤਕਰੀਰਾਂ ਤਾਂ ਜ਼ਰੂਰ ਹੁੰਦੀਆਂ ਹਨ ਕਿ ਅਛੂਤਾਂ ਦਾ ਸੁਧਾਰ ਹੋਣਾ ਚਾਹੀਦਾ ਹੈ, ਪਰ ਅੰਤ ਨੂੰ ਇਨ੍ਹਾਂ ਅਖੌਤੀ ਅਛੂਤਾਂ ਦੇ ਪੱਲੇ ਕੁਝ ਨਹੀਂ ਪੈਂਦਾ। ਸੁਧਾਰ ਤਾਂ ਇਕ ਪਾਸੇ ਰਿਹਾ, ਸਗੋਂ ਇੰਤਕਾਲੇ ਅਰਾਜ਼ੀ ਐਕਟ ਵਰਗੇ ਕਾਨੂੰਨੀ ਪ੍ਰਬੰਧਾਂ ਰਾਹੀਂ ਇਨ੍ਹਾਂ ਮਜ਼ਲੂਮਾਂ ਤੇ ਸਗੋਂ ਹੋਰ ਜ਼ੁਲਮ ਢਾਹਿਆ ਜਾਂਦਾ ਹੈ। ਭਗਤ ਸਿੰਘ ਇਨ੍ਹਾਂ ਅਛੂਤਾਂ ਨੂੰ ਨੌਕਰਸ਼ਾਹੀ ਤੋਂ ਵੀ ਬਚਣ ਦੀ ਤਾਕੀਦ ਕਰਦਾ ਹੈ। ਉਹ ਸਰਮਾਏਦਾਰੀ ਨਿਜ਼ਾਮ ਤੇ ਨੌਕਰਸ਼ਾਹੀ ਦੇ ਮਿਲ਼ਗੋਭੇ ਨੂੰ ਅਛੂਤਾਂ ਦੀ ਗ਼ੁਲਾਮੀ ਤੇ ਗ਼ਰੀਬੀ ਦਾ ਮੁੱਖ ਕਾਰਣ ਮੰਨਦਾ ਹੈ। ਉਹ ਇਨ੍ਹਾਂ ਨੂੰ ਸਰਮਾਏਦਾਰੀ ਤੇ ਨੌਕਰਸ਼ਾਹੀ ਦੀਆਂ ਕੁਹਜੀਆਂ ਚਾਲਾਂ ਤੋਂ ਬਚਣ ਦੀ ਗੱਲ ਕਰਦਾ ਹੈ ਤੇ ਇਸ ਬਚਾਅ ਵਿਚ ਹੀ ਉਨ੍ਹਾਂ ਦੀ ਮੁਕਤੀ ਦੇਖਦਾ ਹੈ। ਇਨ੍ਹਾਂ ਵਿਚਾਰਾਂ ਦੀ ਮੱਦੇਨਜ਼ਰ ਭਗਤ ਸਿੰਘ ਅਛੂਤ ਲੋਕਾਂ ਦੇ ਅਪਣੇ ਵੱਖਰੇ ਨੂੰਾਇੰਦੇ ਚੁਣੇ ਜਾਣ ਦੀ ਪੁਰਜ਼ੋਰ ਵਕਾਲਤ ਕਰਦੇ ਹਨ। ਉਨ੍ਹਾਂ ਅਨੁਸਾਰ "ਉਹ ਅਪਣੀ ਵੱਖਰੀ ਤਾਦਾਦ ਕਿਉਂ ਨਾ ਮੰਗਣ? ਅਸੀਂ ਤਾਂ ਸਾਫ਼ ਕਹਿੰਦੇ ਹਾਂ ਕਿ ਉੱਠੋ! ਅਛੂਤ ਕਹਾਉਣ ਵਾ਼ਲੇ ਅਸਲੀ ਸੇਵਕੋ ਤੇ ਵੀਰੋ ਉੱਠੋ! ਅਪਣਾ ਇਤਿਹਾਸ ਦੇਖੋ! ਗੁਰੂ ਗੋਬਿੰਦ ਸਿੰਘ ਦੀ ਫ਼ੌਜ ਦੀ ਅਸਲੀ ਤਾਕਤ ਤੁਹਾਡੀ ਸੀ। ਸ਼ਿਵਾ ਜੀ ਤੁਹਾਡੇ ਆਸਰੇ ਹੀ ਇਹ ਸਭ ਕੁਝ ਕਰ ਸਕਿਆ, ਜਿਸ ਨਾ਼ਲ ਕਿ ਉਹਦਾ ਨਾਂ ਜ਼ਿੰਦਾ ਹੈ। ਤੁਹਾਡੀਆਂ ਕੁਰਬਾਨੀਆਂ ਸੋਨੇ ਦੇ ਅੱਖਰਾਂ ਵਿਚ ਲਿਖੀਆਂ ਹੋਈਆਂ ਹਨ। ਤੁਸੀਂ ਜੋ ਨਿਤ ਸੇਵਾ ਕਰਕੇ ਕੌਮ ਦੇ ਸੁੱਖ ਵਿਚ ਵਾਧਾ ਕਰਕੇ ਤੇ ਜ਼ਿੰਦਗੀ ਮੁਮਕਿਨ ਬਣਾ ਕੇ ਬੜਾ ਭਾਰੀ ਅਹਿਸਾਨ ਕਰ ਰਹੇ ਹੋ, ਉਹਨੂੰ ਅਸੀਂ ਲੋਕੀ ਨਹੀਂ ਸਮਝਦੇ।"

### ਅਛੂਤ ਦੀ ਮੁਕਤੀ ਇਕਮੁੱਠ ਹੋਣ ਵਿਚ

ਕਿਸੇ ਵੀ ਗ਼ੈਰ-ਦਲਿਤ ਧਿਰ ਤੋਂ ਆਸ ਦੀ ਅਣਹੋਂਦ ਵਿਚ ਭਗਤ ਸਿੰਘ ਅਛੂਤ ਲੋਕਾਂ ਨੂੰ ਵੰਗਾਰਦਿਆਂ ਲਿਖਦੇ ਹਨ:"ਉਠੋ! ਅਪਣੀ ਤਾਕਤ ਪਛਾਣੋ। ਜੱਥੇਬੰਦ ਹੋ ਜਾਓ। ਅਸਲ ਵਿਚ ਤੇ ਤੁਹਾਡੇ ਅਪਣੇ ਯਤਨ ਕੀਤਿਆਂ ਬਿਨਾਂ ਤੁਹਾਨੂੰ ਕੁਝ ਵੀ ਨਹੀਂ ਮਿ਼ਲ ਸਕੇਗਾ। (Those who would be free must themselves strike the blow) ਆਜ਼ਾਦੀ ਦੀ ਖ਼ਾਤਰ ਆਜ਼ਾਦੀ ਚਾਹੁਣ ਵਾ਼ਲਿਆਂ ਨੂੰ ਯਤਨ ਕਰਨਾ ਚਾਹੀਦਾ ਹੈ। ਮਨੁੱਖ ਦੀ ਹੌ਼ਲੀ-ਹੌ਼ਲੀ ਕੁਝ ਇਹੋ ਜਿਹੀ ਆਦਤ ਹੋ ਗਈ ਹੈ ਕਿ ਅਪਣੇ ਵਾਸਤੇ ਤੇ ਉਹ ਹੱਕ ਮੰਗਣਾ ਚਾਹੁੰਦਾ ਹੈ, ਪਰ ਜਿਨ੍ਹਾਂ 'ਤੇ ਉਹਦਾ ਦਬਦਬਾ ਹੋਵੇ, ਉਨ੍ਹਾਂ ਨੂੰ ਉਹ ਪੈਰਾਂ ਥੱਲੇ ਹੀ ਰੱਖਣਾ ਚਾਹੁੰਦਾ ਹੈ। ਇਸ ਕਰਕੇ ਲੱਤਾਂ ਦੇ ਭੂਤ ਗੱਲਾਂ ਨਾ਼ਲ ਨਹੀਂ ਮੰਨਿਆ ਕਰਦੇ। ਜੱਥੇਬੰਦ ਹੋ ਕੇ ਅਪਣੇ ਪੈਰਾਂ 'ਤੇ ਖਲੋ ਕੇ ਸਾਰੇ ਸਮਾਜ ਨੂੰ ਚੈਲੰਜ ਕਰੋ। ਦੇਖੋ ਤਾਂ ਫੇਰ ਕੌਣ ਤੁਹਾਡੇ ਹੱਕ ਦੇਣ ਤੋਂ ਇਨਕਾਰ ਕਰਨ ਦੀ ਜੁਰਅਤ ਕਰ ਸਕੇਗਾ। ਤੁਸੀਂ ਲੋਕਾਂ ਦੀ ਖ਼ੁਰਾਕ ਨਾ ਬਣੋ। ਦੂਜਿਆਂ ਦੇ ਮੂੰਹ ਵੱਲ ਨਾ ਤੱਕੋ।

ਦਲਿਤ ਮੁਕਤੀ ਤੇ ਸ਼ਕਤੀਕਰਨ ਦੇ ਸਵਾਲ ਤੇ ਭਗਤ ਸਿੰਘ ਤੇ ਅੰਬੇਡਕਰ ਦੀ ਵਿਚਾਰਧਾਰਾ ਵਿਚ ਬਹੁਤ ਸਮਾਨਤਾ ਹੈ। ਜਿੱਥੋਂ ਤਕ ਅੰਬੇਡਕਰ ਦੀ ਵਿਚਾਰਧਾਰਾ ਦਾ ਸੰਬੰਧ ਹੈ, ਉਨ੍ਹਾਂ ਨੇ ਦਲਿਤ ਮੁਕਤੀ ਵਾਸਤੇ ਸਮਾਜਿਕ ਸੁਧਾਰਾਂ, ਖ਼ਾਸ ਕਰਕੇ ਹਿੰਦੂ ਸਮਾਜ ਦੇ ਅੰਦਰ ਸੁਧਾਰਾਂ ਲਈ ਸੰਘਰਸ਼, ਦਾ ਰਸਤਾ 13 ਅਕਤੂਬਰ 1935 ਨੂੰ ਯਿਓਲਾ ਵਿਚ ਕਾਨਫ਼ਰੰਸ ਦੌਰਾਨ ਹਮੇਸ਼ਾ-ਹਮੇਸ਼ਾ ਲਈ ਤਿਆਗ ਦਿੱਤਾ ਸੀ ਤੇ ਜਿਹੜਾ ਨਵਾਂ ਰਸਤਾ ਅਪਣਾਇਆ ਸੀ, ਉਹ ਸੀ ਧਰਮ ਪਰਿਵਰਤਨ ਕਰਕੇ ਦਲਿਤ ਸਮਾਜ ਨੂੰ ਵੱਖਰੀ ਇਕਾਈ ਦੇ ਤੌਰ 'ਤੇ ਸੰਗਠਿਤ ਕਰਕੇ ਲੋਕਤਾਂਤਰਿਕ ਤੇ ਸੰਵਿਧਾਨਕ ਤਰੀਕੇ ਰਾਹੀਂ ਦਲਿਤ ਮੁਕਤੀ ਤੇ ਸ਼ਕਤੀਕਰਨ ਨੂੰ ਪ੍ਰਾਪਤ ਹੋਣਾ। ਪਰ ਭਗਤ ਸਿੰਘ ਦਾ ਤਾਂ ਇਹ ਸ਼ੁਰੂ ਤੋਂ ਹੀ ਮੰਨਣਾ ਸੀ ਕਿ ਅਛੂਤ ਲੋਕਾਂ ਨੂੰ ਖ਼ੁਦ ਅਪਣੇ ਸੰਗਠਨ ਬਣਾ ਕੇ ਅਪਣੀ ਮੁਕਤੀ ਲਈ ਸੰਘਰਸ਼ ਕਰਨਾ ਚਾਹੀਦਾ ਹੈ। ਉਹ ਅਪਣੇ 'ਅਛੂਤ ਦਾ ਸਵਾਲ' ਲੇਖ ਨੂੰ ਸਮੇਟਦੇ ਹੋਏ ਲਿਖਦੇ ਹਨ: "ਤੁਸੀਂ ਅਸਲੀ ਕਿਰਤੀ ਹੋ। ਕਿਰਤੀਓ ਜੱਥੇਬੰਦ ਹੋ ਜਾਓ। ਤੁਹਾਡਾ ਕੁਝ ਨੁਕਸਾਨ ਨਹੀਂ ਹੋਵੇਗਾ ਕੇਵਲ ਗ਼ੁਲਾਮੀ ਦੀਆਂ ਜ਼ੰਜੀਰਾਂ ਕੱਟੀਆਂ ਜਾਣਗੀਆਂ। ਉਠੋ ਮੌਜੂਦਾ ਨਿਜ਼ਾਮ ਦੇ ਵਿਰੁੱਧ ਬਗਾਵਤ ਖੜ੍ਹੀ ਕਰ ਦਿਉ। ਹੌਲੀ-ਹੌਲੀ ਸੁਧਾਰ ਤੇ ਰੀਫ਼ਾਰਮਾਂ ਨਾ਼ਲ ਕੁਝ ਨਹੀਂ ਬਣ ਸਕਦਾ। ਸਮਾਜਿਕ ਐਜੀਟੇਸ਼ਨ ਇਨਕਲਾਬ ਪੈਦਾ ਕਰ ਦਿਓ ਤੇ ਪੋਲੀਟੀਕਲ ਤੇ ਆਰਥਿਕ ਇਨਕਲਾਬ ਵਾਸਤੇ ਕਮਰਕੱਸੇ ਕਰ ਲਵੋ। ਤੁਸੀਂ ਹੀ ਤੇ ਮੁਲਕ ਦੀ ਜੜ੍ਹ ਹੋ, ਅਸਲੀ ਤਾਕਤ ਹੋ। ਉਠੋ! ਸੁੱਤੇ ਹੋਏ ਸ਼ੇਰੋ ਵਿਦਰੋਹੀਓ ਵਿਪੱਲਵ ਜਾਂ ਵਿਦਰੋਹ ਖੜ੍ਹਾ ਕਰ ਦਿਓ।"

ਸ਼ਹੀਦ ਭਗਤ ਸਿੰਘ ਦੇ ਸਮਾਜਿਕ ਇਨਕਲਾਬ ਦੀ ਧਾਰਣਾ ਦੀ ਅਹਿਮੀਅਤ ਦਾ ਦਲਿਤ ਮੁਕਤੀ ਅੰਦੋਲਨ ਵਾਸਤੇ ਮਹੱਤਵ ਹੋਰ ਵੀ ਪ੍ਰਸੰਗਕ ਹੋ ਜਾਂਦਾ ਹੈ, ਜਦੋਂ ਅੰਬੇਡਕਰ ਅਪਣੀ 25 ਨਵੰਬਰ 1949 ਵਾ਼ਲੀ ਸੰਵਿਧਾਨ ਬਾਰੇ ਤਕਰੀਰ ਵਿਚ ਸਮਾਜਿਕ ਲੋਕਤੰਤਰ ਦੀ ਅਹਿਮੀਅਤ ਦੀ ਗੱਲ ਕਰਦਿਆਂ ਰਾਜਨੀਤਕ ਲੋਕਤੰਤਰ ਨੂੰ ਇਸ ਦੀਆਂ ਨੀਹਾਂ 'ਤੇ ਉਸਾਰਨ ਦੀ ਗੱਲ ਕਰਦੇ ਹਨ। ਉਹ ਭਾਰਤ ਵਾਸੀਆਂ ਨੂੰ ਪੁਰਜ਼ੋਰ ਸ਼ਬਦਾਂ ਵਿਚ ਸਚੇਤ ਕਰਦਿਆਂ ਕਹਿੰਦੇ ਹਨ: "26 ਜਨਵਰੀ, 1950 ਨੂੰ ਅਸੀਂ ਰਾਜਸੀ ਤੌਰ 'ਤੇ ਬਰਾਬਰ ਤੇ ਆਰਥਿਕ ਤੌਰ 'ਤੇ ਨਾਬਰਾਬਰ ਹੋਵਾਂਗੇ। ਜਿੰਨੀ ਛੇਤੀ ਹੋ ਸਕੇ ਸਾਨੂੰ ਇਹ ਭਿੰਨ-ਭੇਦ ਤੇ ਵਿਤਕਰਾ ਦੂਰ ਕਰਨਾ ਚਾਹੀਦਾ ਹੈ। ਜੇ ਅਜਿਹਾ ਨਾ ਕੀਤਾ ਗਿਆ, ਤਾਂ ਉਹ ਲੋਕ ਜੋ ਇਸ ਵਿਤਕਰੇ ਦਾ ਸ਼ਿਕਾਰ ਹਨ, ਰਾਜਸੀ ਲੋਕਤੰਤਰ ਦੇ ਢਾਂਚੇ ਨੂੰ ਖੇਰੂੰ-ਖੇਰੂੰ ਕਰ ਦੇਣਗੇ ਜੋ ਇਸ ਸਭਾ ਨੇ ਇੰਨੀ ਮਿਹਨਤ ਨਾ਼ਲ ਬਣਾਇਆ ਹੈ। ਜੋ ਵਿਚਾਰ ਅੰਬੇਡਕਰ ਨਵੰਬਰ 1949 ਦੌਰਾਨ ਪੇਸ਼ ਕਰਦੇ ਹਨ, ਭਗਤ ਸਿੰਘ ਕਈ ਸਾਲ ਪਹਿਲਾਂ ਜੂਨ 1928 ਵਿਚ ਅਛੂਤ ਲੋਕਾਂ ਨੂੰ ਇਕੱਠੇ ਹੋ ਕੇ ਮੌਜੂਦਾ ਨਿਜ਼ਾਮ ਦੇ ਵਿਰੁੱਧ ਸਮਾਜਿਕ ਇਨਕਲਾਬ ਲਿਆਉਣ ਲਈ ਪ੍ਰੇਰਦਾ ਹੈ; ਜਿਹਦੀ ਦਲਿਤ ਪਛਾਣ, ਮੁਕਤੀ ਤੇ ਸ਼ਕਤੀਕਰਨ ਦੇ ਜਟਿਲ ਮੁੱਦਿਆਂ ਨੂੰ ਸਮਝਣ ਤੇ ਹੱਲ ਕਰਨ ਵਿਚ ਹਮੇਸ਼ਾ ਸਾਰਥਿਕ ਭੂਮਿਕਾ ਰਹੇਗੀ।

### ਹਵਾਲੇ ਤੇ ਟਿੱਪਣੀਆਂ


1 ਲਹਿਰਾ, ਰਣਜੀਤ, "ਅਛੂਤ ਦਾ ਸਵਾਲ", ਪੰਜਾਬੀ ਟ੍ਰਿਬਿਊਨ, 20 ਅਕਤੂਬਰ 2007.

2 ਬਿਲਗਾ, ਭਗਤ ਸਿੰਘ, ਗ਼ਦਰ ਲਹਿਰ ਦੇ ਅਣਫੋਲੇ ਵਰਕੇ: ਗ਼ਦਰ ਪਾਰਟੀ ਤੇ ਕਿਰਤੀ ਪਾਰਟੀ (1908 ਤੋਂ 1952), ਜਲੰਧਰ, ਦੇਸ਼ਭਗਤ ਯਾਦਗਾਰ ਕਮੇਟੀ, 1989, ਪੰਨਾ-28; ਸੈਂਸਰਾ, ਗੁਰਚਰਨ ਸਿੰਘ, ਗ਼ਦਰ ਪਾਰਟੀ ਦਾ ਇਤਿਹਾਸ (ਪਹਿਲਾ ਹਿੱਸਾ, 1912-17) ,ਜਲੰਧਰ, ਦੇਸ਼ਭਗਤ ਯਾਦਗਾਰ ਕਮੇਟੀ, 1969, ਪੰਨੇ-96-99.

3 ਬਿਲਗਾ, ਉਹੀ, ਪੰਨਾ-36.

4 ਉਹੀ, ਪੰਨਾ-109.

5 ਲਹਿਰਾ, ਉਹੀ

6 Garewal, PMS, Bhagat Singh: Liberations Blazing Star, New Delhi, Left Word Books, 2007, Pp. 26-27. ਸੰਗੂਧੌਣ, ਕੰਵਰਜੀਤ ਸਿੰਘ, ਸ਼ਹੀਦ ਭਗਤ ਸਿੰਘ: ਜੀਵਨ ਅਤੇ ਸੰਘਰਸ਼, ਬਰਨਾਲਾ, ਤਰਕਭਾਰਤੀ ਪ੍ਰਕਾਸ਼ਨ, 2011, ਪੰਨੇ-9-12.

7 ਸੰਗੂਧੌਣ, ਉਹੀ, ਪੰਨਾ-14.

8 ਸਿੰਘ, ਜਗਮੋਹਨ, (ਸੰਪਾ.), ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੀਆਂ ਲਿਖਤਾਂ, ਲੁਧਿਆਣਾ, ਚੇਤਨਾ ਪ੍ਰਕਾਸ਼ਨ ਪੰਨਾ-18.

9 ਉਹੀ

10 ਉਹੀ

11 ਉਹੀ

12 ਉਹੀ, ਪੰਨਾ-19.

13 ਉਹੀ, ਪੰਨਾ-344.

14 ਉਹੀ, ਪੰਨੇ-19 ਅਤੇ 27.

15 ਹਬੀਬ, ਐੱਸ. ਇਰਫ਼ਾਨ (ਅਨੁ. ਸਤਿਅਮ), ਬਹਰੋਂ ਕੋ ਸੁਨਾਨੇ ਕੇ ਲੀਏ: ਭਗਤ ਸਿੰਘ ਔਰ ਉਨਕੇ ਸਾਥੀਓਂ ਕੀ ਵਿਚਾਰਧਾਰਾ ਔਰ ਕਾਰਯਕ੍ਰਮ, ਲਖਨਾਊ, ਰਾਹੁਲ ਫ਼ਾਊਂਡੇਸ਼ਨ, 2008, ਪੰਨਾ-14.

16 ਸਿੰਘ, ਜਗਮੋਹਨ, ਉਹੀ, ਪੰਨੇ-168, 171 ਅਤੇ 217-221.

17 ਉਹੀ, ਪੰਨਾ-217; ਹਰਮੇਸ਼ ਜੱਸਲ ਨੇ ਇਹ ਤਿੰਨੋਂ ਲੇਖ 56-57 ਸਾਲਾਂ ਬਾਅਦ ਇਕ ਵਾਰ ਫਿਰ 'ਕਿਰਤੀ' ਵਿਚ, ਜਿਹਦੇ ਉਹ 1984-88 ਤਕ ਸੰਪਾਦਕ ਰਹੇ, ਬਿਨਾਂ ਕਿਸੇ ਤਬਦੀਲੀ ਦੇ ਛਾਪੇ ਸਨ। ਜੱਸਲ ਨੇ ਇਹ ਲੇਖ ਜਲੰਧਰ ਦੀ ਦੇਸ਼ ਭਗਤ ਯਾਦਗਾਰ ਤੋਂ ਪ੍ਰਾਪਤ ਕੀਤੀਆਂ 'ਕਿਰਤੀ' ਦੀਆਂ ਪੁਰਾਣੀਆਂ ਫ਼ਾਈਲਾਂ ਚੋਂ ਲੈ ਕੇ ਕ੍ਰਮਵਾਰ ਅਛੂਤ ਦਾ ਸਵਾਲ (30 ਜੁਲਾਈ 1984), ਮਜ਼ਹਬ ਅਤੇ ਸਾਡੀ ਅਜ਼ਾਦੀ ਦੀ ਜੰਗ, (27 ਅਗਸਤ 1984) ਅਤੇ ਧਰਮ-ਵਾਰ ਫ਼ਸਾਦ ਤੇ ਉਨ੍ਹਾਂ ਦੇ ਇਲਾਜ (3 ਸਤੰਬਰ 1984) ਨੂੰ ਦੁਬਾਰਾ ਸ਼ੁਰੂ ਕੀਤੇ 'ਕਿਰਤੀ' ਵਿਚ ਛਾਪੇ ਸਨ।

18 ਉਹੀ, ਪੰਨਾ-169.

19 ਉਹੀ, ਪੰਨਾ-225.

20 ਉਹੀ, ਪੰਨਾ-174.

21 ਉਹੀ, ਪੰਨਾ-219-20.

22 ਉਹੀ, ਪੰਨੇ-217-18.

23 ਉਹੀ, ਪੰਨਾ-218.

24 ਉਹੀ, ਪੰਨਾ-219.

25 ਉਹੀ, ਪੰਨੇ-217 ਅਤੇ 219.

26 ਉਹੀ, ਪੰਨੇ-218-19.

27 ਉਹੀ, ਪੰਨਾ-219.

28 ਉਹੀ, ਪੰਨਾ-220.

29 ਲਹਿਰਾ, ਉਹੀ।

30 ਦਮਨ, ਦਵਿੰਦਰ, ਛਿੱਪਣ ਤੋਂ ਪਹਿਲਾਂ, ਲੁ-ਧਿਆਣਾ, ਚੇਤਨਾ ਪ੍ਰਕਾਸ਼ਨ, 2006.

31 ਉਹੀ

32 ਉਹੀ

33 ਉਹੀ

34 ਉਹੀ, ਪੰਨਾ-221.

35 ਉਹੀ, ਪੰਨਾ-352.

36 ਉਹੀ, ਪੰਨਾ-221.

37 ਉਹੀ

38 ਉਹੀ

39 ਉਹੀ

40 Keer, Dhananjay, Dr. Ambedkar: Life and Mission, Mumbai, Popular Prakashan, 2002, p. 415.


*****

## ਵਿਸ਼ਵਾਸ

ਇਹ ਕੈਸਾ ਸਮਾਂ
ਆਇਆ ਹੈ
ਹਰ ਕੋਈ
ਡਰਿਆ ਹੋਇਆ ਹੈ
ਆਪਣੇ ਹੀ ਘਰ ਅੰਦਰ
ਵੜਿਆ ਹੋਇਆ ਹੈ
ਉਸਦੇ ਸਭ ਵਿਸ਼ਵਾਸ
ਥਿੜਕ ਗਏ ਨੇ

ਉਸਦੇ ਸਭ ਰਿਸ਼ਤੇ
ਤਿੜਕ ਗਏ ਨੇ
ਅੱਜ ਤੱਕ
ਸੁਣਦੇ ਆਏ ਹਾਂ
"ਉਹ" ਸ਼ਕਤੀਆਂ ਵਾਲਾ ਹੈ
"ਉਹ" ਮਿਹਰਾਂ ਵਾਲਾ ਹੈ
ਪਰ ਅੱਜ ਜਦ
"ਉਸਦੀ" ਲੋੜ ਪਈ

ਤਾਂ "ਉਸਦੇ" ਘਰ
ਬੰਦ ਪਏ ਨੇ
ਇੰਜ ਲਗਦਾ ਹੈ
ਸਾਡੇ ਵਾਂਗੂ
"ਉਹ" ਵੀ ਅੰਦਰ
ਵੜਿਆ ਹੋਇਆ ਹੈ

ਇਹ ਵੀ ਤਾਂ
ਸੁਣਦੇ ਆਏ ਹਾਂ
ਬੰਦਾ ਹੀ ਬੰਦੇ ਦਾ ਦਾਰੂ ਹੈ
ਅੱਜ ਜਦ
ਸਹਿਮ ਦੀਆਂ ਘੜੀਆਂ ਵਿਚ
ਇਸਦਾ ਚੇਤਾ ਆਇਆ
ਤਾਂ ਪ੍ਰਤੱਖ ਵੇਖ ਲਿਆ
ਉਹ ਜਾਨ ਦੀ ਬਾਜ਼ੀ ਲਾਉਂਦਾ ਹੈ
ਤੇ ਖ਼ਲਕਤ ਤਾਂਈ
ਬਚਾਉਂਦਾ ਹੈ

ਮੈਂ ਉਸ ਅੱਗੇ
ਸੀਸ ਝੁਕਾਉਂਦਾ ਹਾਂ
ਆਪਣਾ ਵਿਸ਼ਵਾਸ
ਪ੍ਰਗਟਾਉਂਦਾ ਹਾਂ

– ਪ੍ਰੋ. ਪਰਬਿੰਦਰ ਸਿੰਘ



## ਮਜ਼ਦੂਰ ਦਾ ਗੀਤ

### ਗੁਰਦਾਸ ਰਾਮ ਆਲਮ

ਮਾਹੀ ਮੇਰਾ ਕਾਲੇ ਰੰਗ ਦਾ,
ਵਿਹੜੇ ਵੜਦਾ ਤੇ ਚੰਨ ਚੜ੍ਹ ਜਾਂਦਾ ।
ਜੱਗ ਦੀ ਭਲਾਈ ਵਾਸਤੇ
ਬੇਹੀਆਂ ਰੋਟੀਆਂ ਮਿਰਚ ਨਾਲ ਖਾਂਦਾ ।

ਕੱਲਾ ਉਹ ਕਮਾਊ ਘਰ ਚੋਂ
ਚਹੁੰ ਜੀਆਂ ਦੀ ਖਿੱਚੇ ਹਰਨਾੜੀ ।
ਲੂਣ , ਤੇਲ, ਚਾਹ ਨਾ ਚੁੱਕੇ
ਉਹਦੀ ਚਾਰ ਪੰਜ ਦਮੜੇ ਦਿਹਾੜੀ ।
ਜੁਆਕਾਂ ਨੂੰ ਪੜ੍ਹਾਉਣ ਬਦਲੇ
ਘਾਹ ਖੋਤ ਕੇ ਦਿਹਾੜੀ ਜਾਂਦਾ ।

ਕਣਕਾਂ ਦੇ ਭਾਅ ਵਧ ਗਏ
ਉਤੋਂ ਵੱਧ ਵਧ ਗਈ ਮਹਿੰਗਾਈ ।
ਔਖਾ ਹੋਇਆ ਢਿੱਡ ਤੋਰਨਾ
ਦੱਸੋ ਕਿੱਥੋਂ ਮੈਂ ਭਰਾ ਦਿਆਂ ਰਜਾਈ ।
ਉੱਤੇ ਲੈ ਕੇ ਸੌਂਦਾ ਚਾਦਰੀ
ਹੇਠਾਂ ਬੋਰੀਆਂ ਦੇ ਤੱਪੜ ਵਿਛਾਂਦਾ ।

ਮੈਨੂੰ ਕਹਿੰਦਾ ਮੇਰੇ ਹੁੰਦਿਆਂ
ਨੀ ਤੂੰ ਕਿਉਂ ਤਕਲੀਫ ਉਠਾਵੇਂ ।
ਹੱਸ ਹੱਸ ਰੋਜ਼ ਦੱਸਦਾ
ਗੱਲਾਂ ਬੈਠ ਤਾਰਿਆਂ ਦੀ ਛਾਂਵੇਂ ।
ਆ ਜਾਣਾ ਰਾਜ ਆਪਣਾ
ਸਾਨੂੰ 'ਆਲਮ' ਐਲਾਨ ਸੁਣਾਂਦਾ ।



**ਸ਼ਾਇਰ ਬਾਰੇ :**

ਗੁਰਦਾਸ ਰਾਮ ਆਲਮ ਪਿੰਡ ਬੰਡਾਲਾ ਜ਼ਿਲ੍ਹਾ ਜਲੰਧਰ ਦਾ ਰਹਿਣ ਵਾਲਾ ਇਨਕਲਾਬੀ ਕਵੀ ਸੀ । ਉਸ ਦਾ ਜਨਮ 1912 ਵਿਚ ਹੋਇਆ ਤੇ ਮੌਤ 1989 ਵਿਚ ਹੋਈ। ਸਕੂਲੀ ਵਿੱਦਿਆ ਪੱਖੋਂ ਉਹ ਅਣਪੜ੍ਹ ਸੀ । ਪਰ ਉਸ ਨੂੰ ਸਮਾਜਿਕ ਰਾਜਨੀਤਕ ਹਾਲਾਤ ਅਤੇ ਕਾਵਿ ਸ਼ਾਸਤਰੀ ਬਰੀਕੀਆਂ ਦੀ ਡੂੰਘੀ ਸਮਝ ਸੀ । 'ਅੱਲੇ ਫੱਟ', 'ਉਡ-ਦੀਆਂ ਧੂੜਾਂ', 'ਮੈਂ ਮਰ ਗਿਆ', 'ਆਪਣਾ ਆਪ' ਉਸਦੀਆਂ ਕਿਤਾਬਾਂ ਹਨ, ਜਿਨ੍ਹਾ ਨੂੰ ਆਲਮ ਕਾਵਿ ਨਾਂ ਹੇਠ ਇਕੋ ਜਿਲਦ ਵਿਚ ਵੀ ਛਾਪਿਆ ਗਿਆ ਹੈ।

– ਜਸਪਾਲ ਘਈ

## ਬਿਮਾਰੀ ਹੋਰ ਹੈ ਮੈਨੂੰ

### ਗੁਰਦਾਸ ਰਾਮ ਆਲਮ

ਬਿਮਾਰੀ ਹੋਰ ਹੈ ਮੈਨੂੰ, ਸਿਆਣੇ ਹੋਰ ਦੱਸਦੇ ਨੇ,
ਇਹ ਪੰਡਤ ਹੋਰ ਦੱਸਦੇ ਨੇ, ਮੁਲਾਣੇ ਹੋਰ ਦੱਸਦੇ ਨੇ।

ਜਦੋਂ ਪੁੱਛਦਾ ਤਬੀਬਾਂ ਨੂੰ, ਮੈਂ ਮੁੱਲ ਦਿਲ ਦੀ ਦਵਾਈ ਦਾ,
ਨਵੇਂ ਕੁਝ ਹੋਰ ਦੱਸਦੇ ਨੇ, ਪੁਰਾਣੇ ਹੋਰ ਦੱਸਦੇ ਨੇ।

ਅਜੇ ਮੇਰੇ ਮਸੀਹਾ ਨੂੰ, ਮਹੂਰਤ ਦਿਨ ਨਹੀਂ ਲੱਭਦਾ,
ਪੁਆਂਦੀ ਹੋਰ ਦੱਸਦੇ ਨੇ, ਸਰਾਹਣੇ ਹੋਰ ਦੱਸਦੇ ਨੇ।

ਮੇਰੀ ਜ਼ਿੰਦਗੀ ਬਚਾਵਣ ਲਈ, ਕਈਆਂ ਨੇ ਹਾਂ ਜਦੋ' ਕੀਤੀ,
ਉਹ ਟਿਕਦੇ ਹੋਰ ਕਿਧਰੇ ਨੇ, ਟਿਕਾਣੇ ਹੋਰ ਦੱਸਦੇ ਨੇ।

ਮੇਰੀ ਕਿਸਮਤ ਦੀ ਕਿਸ਼ਤੀ ਨੇ, ਖ਼ਬਰ ਨਹੀਂ ਕਿੱਧਰ ਨੂੰ ਜਾਣਾ,
ਇਹ ਸਾਗਰ ਹੋਰ ਦੱਸਦੇ ਨੇ, ਮੁਹਾਣੇ ਹੋਰ ਦੱਸਦੇ ਨੇ।

ਕਰੇ ਇਤਬਾਰ ਕੀ 'ਆਲਮ', ਇਹਨਾਂ ਵਾਅਦੇ ਬਿਆਨਾਂ ਦਾ,
ਕਚਹਿਰੀ ਹੋਰ ਦੱਸਦੇ ਨੇ, ਤੇ ਥਾਣੇ ਹੋਰ ਦੱਸਦੇ ਨੇ।

# ਧਰਤੀ ਲਈ ਇਕ ਘੰਟਾ (ਅਰਥ ਆਵਰ)



ਡਾ. ਗੁਰਿੰਦਰ ਕੌਰ
001-408-493-9776

ਹਰ ਸਾਲ ਮਾਰਚ ਦੇ ਅਖ਼ੀਰਲੇ ਸ਼ਨਿਚਰਵਾਰ ਨੂੰ ਵਾਤਾਵਰਣ ਵਿਚ ਮੌਸਮੀ ਤਬਦੀਲੀਆਂ ਕਾਰਨ ਆ ਰਹੀਆਂ ਕੁਦਰਤੀ ਆਫ਼ਤਾਂ ਅਤੇ ਇਹਨਾਂ ਬਾਰੇ ਲੋਕਾਂ ਨੂੰ ਸੁਚੇਤ ਕਰਨ ਅਤੇ ਇਨ੍ਹਾਂ ਤੋਂ ਬਚਾਉਣ ਲਈ ਲਗਭਗ ਦੁਨੀਆ ਦੇ ਸਾਰੇ ਦੇਸਾਂ ਵਿਚ ਧਰਤੀ ਲਈ ਇਕ ਘੰਟਾ (ਅਰਥ ਆਵਰ) ਮਨਾਇਆ ਜਾਂਦਾ ਹੈ। ਇਸ ਸਾਲ ਅਰਥ ਆਵਰ 27 ਮਾਰਚ ਨੂੰ ਮਨਾਇਆ ਜਾ ਰਿਹਾ ਹੈ। ਅਰਥ ਆਵਰ ਨੂੰ ਮਨਾਉਣ ਲਈ ਕਿਸੇ ਵੀ ਥਾਂ ਉੱਤੇ ਉੱਥੋਂ ਦੇ ਸਥਾਨਕ ਸਮੇਂ ਦੇ ਅਨੁਸਾਰ ਰਾਤ ਦੇ 8.30 ਤੋਂ 9.30 ਵਜੇ ਤੱਕ ਇਕ ਘੰਟੇ ਲਈ ਘਰਾਂ, ਵਪਾਰਿਕ ਅਤੇ ਸਰਕਾਰੀ ਅਦਾਰਿਆਂ ਵਿਚ ਬਿਜਲੀ ਦੀਆਂ ਬਲਦੀਆਂ ਗ਼ੈਰ-ਜ਼ਰੂਰੀ ਬੱਤੀਆਂ ਬੁਝਾ ਕੇ ਮਨਾਇਆ ਜਾਂਦਾ ਹੈ। ਪਹਿਲੀ ਵਾਰ ਅਰਥ ਆਵਰ 2007 ਵਿਚ ਆਸਟਰੇਲੀਆ ਦੇ ਸਿਡਨੀ ਸ਼ਹਿਰ ਵਿਚ 31 ਮਾਰਚ ਨੂੰ ਉੱਥੋਂ ਦੇ ਸ਼ਾਮ ਦੇ 7.30 ਤੋਂ 8.30 ਵਜੇ ਤੱਕ 22 ਲੱਖ ਲੋਕਾਂ ਨੇ ਆਪਣੇ ਘਰਾਂ ਦੀਆਂ ਗ਼ੈਰ-ਜ਼ਰੂਰੀ ਬਿਜਲੀ ਦੀਆਂ ਬੱਤੀਆਂ ਬੁਝਾ ਕੇ ਮਨਾਇਆ ਗਿਆ ਸੀ। ਅਮਰੀਕਾ ਦੇ ਸਨਫ਼ਰਾਂਸਿਸਕੋ ਸ਼ਹਿਰ ਨੇ ਵੀ 2007 ਵਿਚ ਹੀ ਅਕਤੂਬਰ ਵਿਚ ਇਕ ਘੰਟਾ ਗ਼ੈਰ-ਜ਼ਰੂਰੀ ਬਿਜਲੀ ਦੀਆਂ ਬੱਤੀਆਂ ਬੁਝਾ ਕੇ ਇਸ ਮੁਹਿੰਮ ਵਿਚ ਆਪਣੀ ਸ਼ਮੂਲੀਅਤ ਦਰਜ਼ ਕੀਤੀ ਸੀ।

2008 ਤੋਂ ਅਰਥ ਆਵਰ ਅੰਤਰਰਾਸ਼ਟਰੀ ਪੱਧਰ ਉੱਤੇ ਮਨਾਇਆ ਜਾਂਦਾ ਹੈ। ਅਰਥ ਆਵਰ ਮਨਾਉਣ ਦਾ ਵਿਚਾਰ ਸਭ ਤੋਂ ਪਹਿਲਾਂ ਵਰਲਡ ਵਾਇਲਡ ਫੰਡ ਆਫ਼ ਨੇਚਰ ਦੇ ਮੈਂਬਰਾਂ ਨੂੰ ਆਇਆ ਸੀ। 2003 ਵਿਚ ਆਸਟਰੇਲੀਆ ਵਿਚ ਭਿਆਨਕ ਸੋਕਾ ਪਿਆ ਸੀ ਜਿਸ ਦਾ ਕਾਰਨ ਵਿਗਿਆਨੀਆਂ ਨੇ ਵਾਤਵਰਣ ਵਿਚ ਗਰੀਨਹਾਊਸ ਗੈਸਾਂ ਦੀ ਲਗਾਤਾਰ ਵਧਦੀ ਘਣਤਾ ਦੱਸਿਆ ਸੀ। 2004 ਵਿਚ ਆਸਟਰੇਲੀਆ ਦੇ ਵਰਲਡ ਵਾਇਲਡ ਫੰਡ ਆਫ਼ ਨੇਚਰ ਦੇ ਮੈਂਬਰ ਸਿਡਨੀ ਸ਼ਹਿਰ ਦੀ ਇਕ ਇਸ਼ਤਿਹਾਰ ਬਣਾਉਣ ਵਾਲੀ ਕੰਪਨੀ ਦੇ ਨਿਰਦੇਸ਼ਕ ਲੀਓ ਬਰਨਡ ਨੂੰ ਮਿਲੇ। ਉਸ ਨਾਲ ਉਨ੍ਹਾਂ ਨੇ ਗਰੀਨਹਾਊਸ ਗੈਸਾਂ ਦੇ ਵਾਧੇ ਨਾਲ ਵਾਤਾਵਰਣ ਵਿਚ ਆ ਰਹੇ ਵਿਗਾੜਾਂ ਤੋਂ ਧਰਤੀ ਨੂੰ ਬਚਾਉਣ ਲਈ ਸਾਲ ਵਿਚ ਸਿਰਫ਼ ਇਕ ਘੰਟੇ ਲਈ ਗ਼ੈਰ-ਜ਼ਰੂਰੀ ਬਿਜਲੀ ਦੀਆਂ ਬੱਤੀਆਂ ਬੁਝਾਉਣ ਦਾ ਵਿਚਾਰ ਸਾਂਝਾ ਕੀਤਾ ਅਤੇ ਇਸ ਨੂੰ ਅਮਲ ਵਿਚ ਲਿਆਉਣ ਲਈ ਉਸ ਨਾਲ ਵਿਚਾਰ-ਵਟਾਂਦਰਾ ਵੀ ਕੀਤਾ। 2006 ਵਿਚ ਲੀਓ ਬਰਨਡ ਅਤੇ ਵਰਲਡ ਵਾਇਲਡ ਆਫ਼ ਨੇਚਰ ਦੇ ਮੈਂਬਰਾਂ ਨੇ ਸਿਡਨੀ ਦੇ ਮੇਅਰ ਕਲੋਵਰ ਮੂਰ ਨਾਲ ਮਿਲਕੇ ਇਸ ਮੁਹਿੰਮ ਨੂੰ ਅਮਲੀ ਰੂਪ ਦੇਣ ਲਈ ਬਹੁਤ ਮਿਹਨਤ ਕੀਤੀ। ਸ਼ੁਰੂ ਵਿਚ ਇਸ ਮੁਹਿੰਮ ਨੂੰ 'ਦਿ ਬਿਗ ਫਲਿਕ' ਦਾ ਨਾਂ ਦਿੱਤਾ ਗਿਆ ਜੋ ਬਾਅਦ ਵਿਚ ਬਦਲ ਕੇ 'ਅਰਥ ਆਵਰ' ਕਰ ਦਿੱਤਾ ਗਿਆ।

2008 ਤੋਂ ਅਰਥ ਆਵਰ ਵੱਖ ਵੱਖ ਵਿਸ਼ਿਆਂ ਤਹਿਤ ਮਨਾਇਆ ਜਾ ਰਿਹਾ ਹੈ। 2008 ਵਿਚ ਕੈਨੇਡਾ ਦੇ ਸਕੂਲਾਂ ਵਿਚ ਇਸ ਨੂੰ 'ਡਾਰਕ ਸਿਟੀ, ਬਰਾਈਟ ਆਇਡੀਆ' (ਹਨੇਰਾ ਸ਼ਹਿਰ, ਚਮਕਦਾ ਵਿਚਾਰ) ਦਾ ਨਾਂ ਦੇ ਕੇ ਮਨਾਇਆ ਗਿਆ ਸੀ। 2019 ਵਿਚ ਇਹ 'ਕੋਨੈਕਟ ਟੂ ਅਰਥ' (ਧਰਤੀ ਨਾਲ ਜੁੜੋ) ਦੇ ਵਿਸ਼ੇ ਥੱਲੇ ਮਨਾਇਆ ਗਿਆ। 2020 ਵਿਚ ਇਸ ਦਾ ਵਿਸ਼ਾ 'ਕਲਾਈਮੇਂਟ ਅਤੇ ਸਸਟੇਨਏਬਲ ਡਿਵੈੱਲਮੈਂਟ' ਸੀ ਜਿਸ ਵਿਚ ਸਿਰਫ਼ ਇਕ ਵਾਰ ਵਰਤੀਆਂ ਜਾਣ ਵਾਲੀਆਂ ਪਲਾਸਟਿਕ ਦੀਆਂ ਚੀਜ਼ਾਂ ਦੀ ਵਰਤੋਂ ਨੂੰ ਹਮੇਸ਼ਾਂ ਲਈ ਬੰਦ ਕਰਨ ਉੱਤੇ ਜ਼ੋਰ ਦੇਣਾ ਸੀ। ਪਲਾਸਟਿਕ ਦੀਆਂ ਇਹ ਵਸਤੂਆਂ ਇਕ ਵਾਰ ਵਰਤਣ ਤੋਂ ਬਾਅਦ ਕੂੜੇ ਦੇ ਢੇਰਾਂ ਉੱਤੇ ਸੁੱਟ ਦਿੱਤੀਆਂ ਜਾਂਦੀਆਂ ਹਨ ਜਾਂ ਪਾਣੀ ਵਿਚ ਵਹਾ ਦਿੱਤੀਆਂ ਜਾਂਦੀਆਂ ਹਨ ਜਿੱਥੋਂ ਇਨ੍ਹਾਂ ਨੂੰ ਪਸ਼ੂ ਖਾ ਲੈਂਦੇ ਹਨ ਜਿਸ ਨਾਲ ਉਹ ਸਮੇਂ ਤੋਂ ਪਹਿਲਾਂ ਮਰ ਜਾਂਦੇ ਹਨ। ਇਨ੍ਹਾਂ ਵਿਸ਼ਿਆਂ ਦੀ ਤਰ੍ਹਾਂ ਇਸ ਸਾਲ ਦਾ ਵਿਸ਼ਾ 'ਕਲਾਈਮੇਂਟ ਚੇਂਜ ਟੂ ਸੇਵ ਅਰਥ' ਵੀ ਸਮੇਂ ਦੀ ਲੋੜ ਅਨੁਸਾਰ ਅਤੇ ਦੁਨੀਆ ਦੇ ਸਾਰੇ ਦੇਸਾਂ ਨੂੰ ਸਿੱਧੇ ਸ਼ਬਦਾਂ ਵਿਚ ਸੁਨੇਹਾ ਦੇਣ ਵਾਲਾ ਹੈ। ਉਦਯੋਗਿਕ ਇਨਕਲਾਬ ਤੋਂ ਹੁਣ ਤੱਕ ਮਨੁੱਖ ਨੇ ਆਰਥਿਕ ਵਿਕਾਸ ਦੇ ਨਾਮ ਉੱਤੇ ਆਪਣੀਆਂ ਲਾਲਸਾਵਾਂ ਦੀ ਪੂਰਤੀ ਦੀ ਦੌੜ ਵਿਚ ਧਰਤੀ ਦਾ 70 ਫ਼ੀਸਦ ਹਿੱਸਾ ਬਦਲ ਕੇ ਰੱਖ ਦਿੱਤਾ ਹੈ। ਹੁਣ ਸੰਘਣੇ ਜੰਗਲਾਂ ਦੀ ਥਾਂ ਕੰਕਰੀਟ ਦੇ ਜੰਗਲਾਂ ਨੇ ਲੈ ਲਈ ਹੈ। ਜੀਵ-ਜੰਤੂਆਂ ਦੀ ਥਾਂ ਉੱਤੇ ਧਰਤੀ ਉੱਤੇ ਮੋਟਰ-ਕਾਰਾਂ, ਗੱਡੀਆਂ ਆਦਿ ਚੱਲਦੀਆਂ ਹਨ ਅਤੇ ਅਸਮਾਨ ਵਿਚ ਪੰਛੀਆਂ ਦੀ ਥਾਂ ਉੱਤੇ ਹਵਾਈ ਜਹਾਜ ਅਤੇ ਸਪੇਸ ਕਰਾਫ਼ਟ ਉਡਦੇ ਮਿਲਦੇ ਹਨ। ਇਸ ਦੇ ਨਾਲ ਨਾਲ ਮਨੁੱਖ ਆਪਣੀਆਂ ਗਤੀਵਿਧੀਆਂ ਰਾਹੀਂ ਕੁਦਰਤ ਦੇ ਸਾਰੇ ਸਰੋਤਾਂ ਨੂੰ ਅੰਨ੍ਹੇਵਾਹ ਵਰਤਦੇ ਹੋਏ ਰੋਜ਼ਾਨਾ ਮਣਾਂ-ਮੂੰਹੀ ਤਾਪਮਾਨ ਵਿਚ ਵਾਧਾ ਕਰਨ ਵਾਲੀਆਂ ਗੈਸਾਂ ਵਾਤਾਵਰਣ ਵਿਚ ਸੁੱਟ ਰਿਹਾ ਹੈ ਜਿਸ ਨਾਲ ਧਰਤੀ ਦਾ ਔਸਤ ਤਾਪਮਾਨ ਉਦਯੋਗਿਕ ਇਨਕਲਾਬ ਦੇ ਸਮੇਂ ਤੋਂ ਹੁਣ ਤੱਕ 1 ਡਿਗਰੀ ਸੈਲਸੀਅਸ ਤੋਂ ਜ਼ਿਆਦਾ ਵਧ ਚੁੱਕਾ ਹੈ। ਆਈ.ਪੀ.ਸੀ.ਸੀ. ਦੀ 2014 ਵਿਚ ਆਈ ਇਕ ਰਿਪੋਰਟ ਨੇ ਇਹ ਸਾਫ਼ ਤੌਰ ਉੱਤੇ ਖ਼ੁਲਾਸਾ ਕੀਤਾ ਸੀ ਕਿ ਮਨੁੱਖੀ ਗਤੀਵਿਧੀਆਂ ਨਾਲ ਧਰਤੀ ਦੇ ਔਸਤ ਤਾਪਮਾਨ ਵਿਚ ਤੇਜ਼ੀ ਨਾਲ ਵਾਧਾ ਹੋਣ ਨਾਲ ਕੁਦਰਤੀ ਆਫ਼ਤਾਂ ਦੀ ਆਮਦ ਦੀ ਗਿਣਤੀ ਅਤੇ ਉਨ੍ਹਾਂ ਮਾਰ ਦੀ ਗਹਿਰਾਈ ਵਿਚ ਵੀ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ ਅਤੇ ਜੇਕਰ ਤਾਪਮਾਨ ਵਿਚ ਵਾਧਾ ਕਰਨ ਵਾਲੀਆਂ ਗੈਸਾਂ ਦੀ ਨਿਕਾਸੀ ਵਿਚ ਤੇਜ਼ੀ ਨਾਲ ਕਟਾਉਤੀ ਨਾ ਕੀਤੀ ਗਈ ਤਾਂ ਆਉਣ ਵਾਲੇ ਸਮੇਂ ਵਿਚ ਦੁਨੀਆ ਦਾ ਕੋਈ ਵੀ ਦੇਸ ਇਨ੍ਹਾਂ ਕੁਦਰਤੀ ਆਫ਼ਤਾਂ ਦੀ ਮਾਰ ਤੋਂ ਬਚ ਨਹੀਂ ਸਕੇਗਾ। ਇਸ ਰਿਪੋਰਟ ਦੀ ਚੇਤਾਵਨੀ ਤੋਂ ਡਰਦੇ ਦੁਨੀਆ ਦੇ ਸਾਰੇ ਦੇਸਾਂ ਨੇ 2015 ਵਿਚ ਹੀ ਮੌਸਮੀ ਤਬਦੀਲੀਆਂ ਦੀ ਮਾਰ ਤੋਂ ਬਚਾਅ ਕਰਨ ਲਈ ਫਰਾਂਸ ਦੇ ਪੈਰਿਸ ਸ਼ਹਿਰ ਵਿਚ ਹੋਈ 'ਪੈਰਿਸ ਮੌਸਮੀ ਸੰਧੀ' ਵਿਚ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਕਟਾਉਤੀ ਕਰਨ ਦੀ ਰੂਪ-ਰੇਖਾ ਉਲੀਕੀ ਲਈ ਸੀ। ਉਸ ਤੋਂ 5 ਸਾਲ ਬਾਅਦ ਤੱਕ ਵੀ ਦੁਨੀਆ ਦੇ ਬਹੁਤੇ ਦੇਸਾਂ ਨੇ ਖ਼ਾਸ ਕਰਕੇ ਵਾਤਾਵਰਣ ਵਿਚ ਗਰੀਨਹਾਊਸ ਗੈਸਾਂ ਦੀ ਵੱਧ ਨਿਕਾਸੀ ਕਰਨ ਵਾਲੇ ਦੇਸਾਂ (ਅਮਰੀਕਾ ਅਤੇ ਚੀਨ) ਨੇ ਇਸ ਵੱਲ ਤਵੱਜੋ ਹੀ ਨਹੀਂ ਦਿੱਤੀ।



2020 ਵਿਚ ਆਈ ਕਰੋਨਾ ਮਹਾਮਾਰੀ ਕੁਦਰਤ ਦੀ ਦੁਨੀਆ ਦੇ ਸਾਰੇ ਦੇਸਾਂ ਲਈ ਇਕ ਸੰਕੇਤਕ ਚੇਤਾਵਨੀ ਹੈ ਕਿ ਹਾਲੇ ਵੀ ਸਮਾਂ ਹੈ ਸੰਭਲ ਜਾਵੋ ਨਹੀਂ ਤਾਂ ਕੁਦਰਤੀ ਵਾਤਾਵਰਣਿਕ ਪ੍ਰਬੰਧਨ ਇਸ ਨੂੰ ਆਪਣੇ ਤਰੀਕੇ ਨਾਲ ਸੰਤੁਲਨ ਵਿਚ ਲੈ ਆਵੇਗਾ। ਇਸ ਸਾਲ ਦਾ ਅਰਥ ਆਵਰ ਦਾ ਵਿਸ਼ਾ ਧਰਤੀ ਨੂੰ ਬਚਾਉਣ ਲਈ ਮੌਸਮੀ ਤਬਦੀਲੀ ਹੈ। ਹੁਣ ਤੱਕ ਮਨੁੱਖਾਂ ਨੇ ਆਰਥਿਕ ਵਿਕਾਸ ਦੇ ਨਾਮ ਉੱਤੇ ਮੌਸਮ ਵਿਚ ਨਕਾਰਾਤਮਕ ਤਬਦੀਲੀਆਂ ਲਿਆਂਦੀਆਂ ਅਤੇ ਉਸ ਨਾਲ ਧਰਤੀ, ਕੁਦਰਤੀ ਸਰੋਤਾਂ ਅਤੇ ਵਾਤਾਵਰਣਿਕ ਪ੍ਰਬੰਧਨ ਦਾ ਸੰਤੁਲਨ ਵਿਗਾੜ ਦਿੱਤਾ। ਧਰਤੀ ਉੱਤੇ ਵਧਦਾ ਤਾਪਮਾਨ, ਕੁਦਰਤੀ ਆਫ਼ਤਾਂ ਦੀ ਵਧਦੀ ਗਿਣਤੀ, ਜੀਵ-ਜੰਤੂਆਂ ਦੀ ਘਟਦੀ ਗਿਣਤੀ ਆਦਿ ਵਰਗੀਆਂ ਘਟਨਾਵਾਂ ਮਨੁੱਖ ਨੂੰ ਦੁਹਾਈ ਦੇਕੇ ਕਹਿ ਰਹੀਆਂ ਹਨ ਕਿ ਮਨੁੱਖ ਆਪਣੀਆਂ ਆਪਹੁਦਰੀਆਂ ਗਤੀਵਿਧੀਆਂ ਉੱਤੇ ਰੋਕ ਲਗਾਵੇ ਅਤੇ ਕੁਦਰਤ-ਪੱਖੀ ਗਤੀਵਿਧੀਆਂ ਅਪਣਾਕੇ ਮੌਸਮ ਵਿਚ ਆਈਆਂ ਤਬਦੀਲੀਆਂ ਨੂੰ ਪਹਿਲਾਂ ਵਾਲੇ ਰੂਪ ਵਿਚ ਲਿਆਉਣ ਅਤੇ ਧਰਤੀ ਨੂੰ ਬਚਾਉਣ ਦੇ ਉਪਰਾਲੇ ਕਰੇ। ਇਸ ਸਾਲ ਦਾ ਅਰਥ ਆਵਰ ਦਾ ਵਿਸ਼ਾ ਦੁਨੀਆ ਭਰ ਦੀਆਂ ਸਰਕਾਰਾਂ ਲਈ ਸੇਧ ਦੇਣ ਵਾਲਾ ਸਾਬਤ ਹੋ ਸਕਦਾ ਹੈ ਕਿਉਂਕਿ ਇਸ ਸਾਲ 1 ਤੋਂ 12 ਨਵੰਬਰ ਤੱਕ ਯੂਨਾਈਟਡ ਕਿੰਗਡਮ ਅਤੇ ਇਟਲੀ ਦੀ ਸਾਂਝੀਦਾਰੀ ਨਾਲ ਗਲਾਸਗੋ ਵਿਚ 'ਪੈਰਿਸ ਮੌਸਮੀ ਸੰਧੀ' ਨੂੰ ਚਾਲੂ ਰੱਖਣ ਲਈ ਵਿਉਂਤਬੰਦੀ ਕੀਤੀ ਜਾਣੀ ਹੈ। ਇਸ ਕਾਨਫ਼ਰੰਸ ਵਿਚ ਜੋ ਫ਼ੈਸਲੇ ਲਏ ਜਾਣਗੇ ਉਹ ਸਾਡੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਭੱਵਿਖ ਨੂੰ ਪ੍ਰਭਾਵਿਤ ਕਰਨਗੇ। ਇਸ ਕਾਨਫ਼ਰੰਸ ਵਿਚ ਜੀਵ-ਜੰਤੂਆਂ ਅਤੇ ਕੁਦਰਤੀ ਵਾਤਾਵਰਣ ਨੂੰ ਪਹਿਲੇ ਰੂਪ ਵਿਚ ਲਿਆਉਣ ਦੀ ਵਿਉਂਤਬੰਦੀ ਕੀਤੀ ਜਾਣੀ ਚਾਹੀਦੀ ਹੈ ਤਾਂ ਕਿ ਅਸੀਂ ਧਰਤੀ ਦੇ ਨਾਲ ਨਾਲ ਆਪਣੇ ਆਪ ਨੂੰ ਵੀ ਮੌਸਮੀ ਤਬਦੀਲੀਆਂ ਦੀ ਮਾਰ ਤੋਂ ਬਚਾ ਸਕੀਏ।

ਅਰਥ ਆਵਰ ਮਨਾਉਣ ਦਾ ਮੁੱਖ ਉਦੇਸ਼ ਤਾਂ ਭਾਵੇਂ ਸਾਲ ਵਿਚ ਸਿਰਫ਼ ਇਕ ਘੰਟਾ ਬਿਜਲੀ ਦੀਆਂ ਗ਼ੈਰ-ਜ਼ਰੂਰੀ ਬੱਤੀਆਂ ਬੁਝਾਕੇ ਵਾਤਾਵਰਣ ਨੂੰ ਗਰੀਨਹਾਊਸ ਗੈਸਾਂ ਦੀ ਵਧਦੀ ਮਾਤਰਾ ਅਤੇ ਉਨ੍ਹਾਂ ਤੋਂ ਹੋਣ ਵਾਲੇ ਨੁਕਸਾਨਾਂ ਤੋਂ ਬਚਾਉਣ ਦਾ ਇਕ ਛੋਟਾ ਜਿਹਾ ਉਪਰਾਲਾ ਹੀ ਪ੍ਰਤੀਤ ਹੁੰਦਾ ਹੈ, ਪਰ ਜੇਕਰ ਡੂੰਘਾਈ ਨਾਲ ਸੋਚਿਆ ਜਾਵੇ ਤਾਂ ਇਹ ਬਿਜਲੀ ਦੀਆਂ ਗ਼ੈਰ-ਜ਼ਰੂਰੀ ਬੱਤੀਆਂ ਦੀ ਵਰਤੋਂ ਨੂੰ ਬੰਦ ਕਰਨਾ ਮਨੁੱਖਾਂ ਅਤੇ ਹੋਰ ਜੈਵਿਕਾਂ ਨੂੰ ਤਰ੍ਹਾਂ ਤਰ੍ਹਾਂ ਦੇ ਨੁਕਸਾਨਾਂ ਤੋਂ ਬਚਾਉਣ ਲਈ ਇਕ ਵੱਡੀ ਸਿੱਖਿਆ ਹੈ। ਜ਼ਿਆਦਾ ਬਿਜਲੀ ਦੀਆਂ ਬੱਤੀਆਂ ਬਾਲਣ ਨਾਲ ਇਕ ਤਾਂ ਊਰਜਾ ਦੇ ਸਰੋਤਾ ਦੀ ਜ਼ਿਆਦਾ ਵਰਤੋਂ ਹੁੰਦੀ ਹੈ; ਦੂਜਾ ਇਸ ਪ੍ਰਕਿਰਿਆ ਨਾਲ ਗਰੀਨਹਾਊਸ ਗੈਸਾਂ ਦੀ ਨਿਕਾਸੀ ਨਾਲ ਤਾਪਮਾਨ ਵਿਚ ਵਾਧਾ ਹੁੰਦਾ ਹੈ ਅਤੇ ਤੀਜਾ ਰਾਤ ਨੂੰ ਬਲਦੀਆਂ ਬੱਤੀਆਂ ਨਾਲ ਅਸੀਂ ਰਾਤ ਦੇ ਕੁਦਰਤੀ ਨਜ਼ਾਰੇ ਲੈਣ ਤੋਂ ਵਾਂਝੇ ਰਹਿ ਜਾਂਦੇ ਹਨ। ਦੁਨੀਆ ਦੇ 80 ਫ਼ੀਸਦ, ਅਮਰੀਕਾ ਅਤੇ ਯੂਰਪੀਅਨ ਦੇਸਾਂ ਦੀ 99 ਫ਼ੀਸਦ ਲੋਕ ਬੱਤੀਆਂ ਦੀ ਰੋਸ਼ਨੀ ਕਾਰਨ ਰਾਤ ਦੇ ਕੁਦਰਤੀ ਨਜ਼ਾਰੇ ਨਹੀਂ ਦੇਖ ਸਕਦੇ ਹਨ।

ਬਿਜਲੀ ਦੀਆਂ ਬੱਤੀਆਂ ਤੋਂ ਮਿਲਦੀ ਇਹ ਨਕਲੀ ਰੋਸ਼ਨੀ ਮਨੁੱਖਾਂ ਸਮੇਤ ਹਰ ਤਰ੍ਹਾਂ ਦੇ ਜੈਵਿਕਾਂ ਲਈ ਵੀ ਨੁਕਸਾਨਦੇਹ ਸਾਬਤ ਹੋ ਰਹੀ ਹੈ। ਜ਼ਿਆਦਾ ਰੋਸ਼ਨੀ ਕਾਰਨ ਕਈ ਲੋਕ ਤੇਜ਼ ਸਿਰਦਰਦ, ਨੀਂਦ ਨਾ-ਆਉਣ ਜਾਂ ਘੱਟ ਨੀਂਦ ਆਉਣ, ਨਿਗਾਹ ਕੰਮਜ਼ੋਰ ਹੋਣ, ਚਮੜੀ ਦੇ ਰੋਗਾਂ ਵਰਗੀਆਂ ਬਿਮਾਰੀਆਂ ਤੋਂ ਪੀੜਤ ਹੋ ਜਾਂਦੇ ਹਨ। ਬਿਜਲੀ ਦੀਆਂ ਬੱਤੀਆਂ ਨਾਲ ਹਰ ਰੋਜ਼ ਲੱਖਾਂ ਕੀੜੇ-ਮਕੌੜੇ ਮਰ ਜਾਂਦੇ ਹਨ। ਬਰਲਿਨ ਦੇ ਜੀਵ ਵਿਗਿਆਨੀ ਜਰਹਡ ਈਸਨਬਰ ਦੀ ਇਕ ਖੋਜ ਅਨੁਸਾਰ ਜਰਮਨੀ ਵਿਚ ਹਰ ਸਾਲ 150 ਅਰਬ ਕੀੜੇ-ਮਕੌੜੇ ਇਮਾਰਤਾਂ ਅਤੇ ਸਟਰੀਟ ਲਾਈਟਾਂ ਦੀ ਤੇਜ਼ ਰੋਸ਼ਨੀ ਕਾਰਨ ਮਰ ਜਾਂਦੇ ਹਨ। ਵੱਡੀਆਂ ਗਿਣਤੀ ਵਿਚ ਇਹ ਕੀੜੇ-ਮਕੌੜਿਆਂ, ਪੰਛੀਆਂ ਅਤੇ ਕਈ ਜਾਨਵਰਾਂ ਲਈ ਖਾਧ-ਖੁਰਾਕ ਦਾ ਹਿੱਸਾ ਹੁੰਦੇ ਹਨ, ਪਰ ਇਸ ਤਰ੍ਹਾਂ ਰੋਸ਼ਨੀ ਅਤੇ ਗਰਮੀ ਨਾਲ ਕੀੜੇ-ਮਕੌੜਿਆਂ ਦੇ ਇਕਦਮ ਮਰਨ ਨਾਲ ਕਈ ਪੰਛੀ ਅਤੇ ਜਾਨਵਰ ਭੋਜਨ ਸਮੱਗਰੀ ਤੋਂ ਵਾਂਝੇ ਰਹਿ ਜਾਂਦੇ ਹਨ।

ਬਹੁਤ ਸਾਰੇ ਪੰਛੀ ਸਰਦੀਆਂ ਦੀ ਰੁੱਤ ਵਿਚ ਉੱਤਰੀ ਖੇਤਰਾਂ ਤੋਂ ਦੱਖਣੀ ਖੇਤਰਾਂ ਵੱਲ ਪਰਵਾਸ ਕਰਦੇ ਹਨ। ਜਿਹੜੇ ਪਰਵਾਸੀ ਪੰਛੀ ਰਾਤ ਸਮੇਂ ਇਕ ਥਾਂ ਤੋਂ ਦੂਜੀ ਥਾਂ ਪਰਵਾਸ ਕਰਦੇ ਹਨ ਮਨੁੱਖਾਂ ਵੱਲੋਂ ਲਗਾਈਆਂ ਬਿਜਲੀ ਦੀਆਂ ਤੇਜ਼ ਬੱਤੀਆਂ ਉਨ੍ਹਾਂ ਨੂੰ ਰਾਹ ਤੋਂ ਭਟਕਾ ਦਿੰਦੀਆਂ ਹਨ। ਉੱਤਰੀ ਅਮਰੀਕਾ ਵਿਚ ਹਰ ਸਾਲ ਇਕ ਅਰਬ ਪੰਛੀ ਇਸ ਨਕਲੀ ਰੋਸ਼ਨੀ ਦੇ ਭੁਲੇਖੇ ਵਿਚ ਇਮਾਰਤਾਂ ਆਦਿ ਨਾਲ ਟੱਕਰਾਕੇ ਆਪਣੀ ਜਾਨ ਤੋਂ ਹੱਥ ਧੋ ਬਹਿੰਦੇ ਹਨ।

ਕੁਝ ਜਾਨਵਰਾਂ ਦੀ ਪ੍ਰਜਨਲ ਕਿਰਿਆ ਉੱਤੇ ਵੀ ਹਨੇਰੇ ਨੂੰ ਰੋਸ਼ਨਾਉਣ ਵਾਲੀਆਂ ਬਿਜਲੀ ਦੀਆਂ ਬੱਤੀਆਂ ਦਾ ਨਕਾਰਤਮਕ ਪ੍ਰਭਾਵ ਪੈਂਦਾ ਹੈ। ਸਮੁੰਦਰ ਦੇ ਪਾਣੀ ਵਿਚ ਰਹਿਣ ਵਾਲੇ ਜਾਨਵਰਾਂ ਉੱਤੇ ਨਕਲੀ ਰੋਸ਼ਨੀ ਦਾ ਪ੍ਰਭਾਵ ਪੈਂਦਾ ਹੈ। ਕੁਝ ਸਮੁੰਦਰੀ ਜਾਨਵਰਾਂ ਨੇ ਸਮੁੰਦਰ ਦੇ ਤੱਟਾਂ ਉੱਤੇ ਰੋਸ਼ਨੀਆਂ ਵਾਲੀਆਂ ਥਾਵਾਂ ਨੇੜੇ ਰੈਣ-ਬਸੇਰੇ ਬਣਾਏ ਹੋਏ ਹਨ ਜਿਸ ਤੋਂ ਪਤਾ ਲੱਗਦਾ ਹੈ ਕਿ ਨਕਲੀ ਰੋਸ਼ਨੀ ਨੇ ਸਮੁੰਦਰ ਦੇ ਵਾਤਾਵਰਣ ਪ੍ਰਬੰਧਨ ਨੂੰ ਕਾਫ਼ੀ ਪ੍ਰਭਾਵਿਤ ਕੀਤਾ ਹੋਇਆ ਹੈ।

ਸਾਰੀ ਤਰ੍ਹਾਂ ਦੀ ਬਨਸਪਤੀ ਬਿਜਲੀ ਦੀਆਂ ਬੱਤੀਆਂ ਨਾਲ ਪ੍ਰਭਾਵਿਤ ਹੁੰਦੀ ਹੈ। ਬੱਤੀਆਂ ਨੇੜੇ ਲੱਗੀ ਬਨਸਪਤੀ ਲਈ ਦਿਨ ਅਤੇ ਰਾਤ ਦਾ ਅੰਤਰ ਖ਼ਤਮ ਹੋ ਜਾਂਦਾ ਹੈ। ਇਕ ਤਾਂ ਉਹ ਸਾਰਾ ਵਕਤ ਰੋਸ਼ਨੀ ਵਿਚ ਰਹਿੰਦੇ ਹਨ ਅਤੇ ਦੂਜਾ ਉਨ੍ਹਾਂ ਨੂੰ ਹਰ ਵੇਲੇ ਵੱਧ ਤਾਪਮਾਨ ਦਾ ਸੰਤਾਪ ਝੱਲਣਾ ਪੈਂਦਾ ਹੈ ਜਿਸ ਨਾਲ ਉਨ੍ਹਾਂ ਉੱਤੇ ਸਮੇਂ ਤੋਂ ਪਹਿਲਾਂ ਫੁੱਲ ਲੱਗਣੇ ਸ਼ੁਰੂ ਹੋ ਜਾਂਦੇ ਹਨ। ਫੁੱਲਾਂ ਅਤੇ ਫ਼ਲਾਂ ਨੂੰ ਵਧਣ-ਫੁਲਣ ਲਈ ਪੂਰਾ ਸਮਾਂ ਅਤੇ ਉਚਿੱਤ ਤਾਪਮਾਨ ਨਾ-ਮਿਲਣ ਕਾਰਨ ਉਨ੍ਹਾਂ ਦਾ ਆਕਾਰ ਛੋਟਾ ਰਹਿ ਜਾਂਦਾ ਹੈ। ਕੁਝ ਤਰ੍ਹਾਂ ਦੇ ਪੌਦੇ ਤਾਂ ਵੱਧ ਤਾਪਮਾਨ ਅਤੇ ਰੋਸ਼ਨੀ ਦੀ ਮਾਰ ਨਾ ਝੱਲਦੇ ਹੋਏ ਸਮੇਂ ਤੋਂ ਪਹਿਲਾਂ ਸੁੱਕ ਜਾਂਦੇ ਹਨ।

ਅਰਥ ਆਵਰ ਭਾਵੇਂ ਗਰੀਨਹਾਊਸ ਗੈਸਾਂ ਦੀ ਵਧਦੀ ਨਿਕਾਸੀ ਅਤੇ ਉਨ੍ਹਾਂ ਦੇ ਮਾਰੂ ਪ੍ਰਭਾਵਾਂ ਤੋਂ ਧਰਤੀ ਨੂੰ ਬਚਾਉਣ ਦਾ ਇਕ ਛੋਟਾ ਜਿਹਾ ਉਪਰਲਾ ਹੈ, ਪਰ ਅਸਲ ਵਿਚ ਇਹ ਇਕ ਬਹੁਤ ਵੱਡੀ ਸਿੱਖਿਆ ਅਤੇ ਸੇਧ ਦੇ ਰਿਹਾ ਹੈ। ਲੰਬੇ ਸਮੇਂ ਲਈ ਅਸੀਂ ਗ਼ੈਰ-ਜ਼ਰੂਰੀ ਬਿਜਲੀ ਦੀਆਂ ਬੱਤੀਆਂ ਬੁਝਾ ਕੇ ਇਕੱਲੇ ਧਰਤੀ ਉੱਤਲੇ ਵਾਤਾਵਰਣ ਨੂੰ ਹੀ ਨਹੀਂ ਬਚਾ ਰਹੇ ਹੋਵਾਂਗੇ, ਸਗੋਂ ਇਸ ਨਾਲ ਧਰਤੀ ਉੱਤੇ ਵਿਚਰਨ ਵਾਲੇ ਹਰ ਤਰ੍ਹਾਂ ਦੇ ਜੈਵਿਕਾਂ ਦੀ ਜ਼ਿੰਦਗੀ ਵਿਚ ਆ ਰਹੇ ਵਿਗਾੜਾਂ ਤੋਂ ਵੀ ਉਨ੍ਹਾਂ ਨੂੰ ਬਚਾ ਸਕਦੇ ਹਾਂ। ਅਸੀਂ ਅਰਬਾਂ ਪੰਛੀਆਂ ਅਤੇ ਕੀੜੇ-ਮਕੌੜਿਆਂ ਦੀ ਜ਼ਿੰਦਗੀ ਬਚਾਕੇ ਵਾਤਾਵਰਣ ਦੇ ਡਾਵਾਂਡੋਲ ਹੋਏ ਪ੍ਰਬੰਧਨ ਵਿਚ ਸੁਧਾਰ ਲਿਆ ਸਕਦੇ ਹਾਂ।

ਕੁਝ ਵੱਡੇ ਸ਼ਹਿਰਾਂ ਨੇ ਇਸ ਮੁਹਿੰਮ ਤੋਂ ਸੇਧ ਲੈਂਦੇ ਹੋਏ ਸ਼ਹਿਰ ਦੀਆਂ ਮੁੱਖ ਥਾਵਾਂ ਤੋਂ ਹਰ ਰੋਜ਼ ਗ਼ੈਰ-ਜ਼ਰੂਰੀ ਬਿਜਲੀ ਦੀਆਂ ਬੱਤੀਆਂ ਬੁਝਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਅਮਰੀਕਾ ਦੇ ਦੱਖਣੀ ਡੇਕੋਟਾ ਰਾਜ ਦਾ ਮਾਊਂਟ ਰਸਮੂਰ ਸ਼ਹਿਰ ਹਰ ਰੋਜ਼ ਰਾਤ ਨੂੰ 9 ਤੋਂ 11 ਵਜੇ ਤੱਕ ਬਿਜਲੀ ਦੀਆਂ ਬੱਤੀਆਂ ਬੁਝਾਉਣ ਦਾ ਨੇਕ ਉਪਰਾਲਾ ਕਰ ਰਿਹਾ ਹੈ।

ਪ੍ਰਸ਼ਾਤ ਮਹਾਸਾਗਰ ਦੇ ਇਕ ਟਾਪੂ ਉੱਤੇ ਵੱਸਿਆ ਨਿਊ ਨਾਮ ਦਾ ਦੇਸ ਹਰ ਰੋਜ਼ ਸਾਰੇ ਦੇਸ ਵਿਚ ਰਾਤ ਨੂੰ ਬਿਜਲੀ ਦੀਆਂ ਬਾਹਰਲੀਆਂ ਬੱਤੀਆਂ ਨਾ ਬਾਲਕੇ ਦੁਨੀਆ ਦਾ ਪਹਿਲਾ 'ਡਾਰਕ ਸਕਾਈ ਪਲੇਸ' (ਹਨੇਰਾ ਅਕਾਸ਼ ਥਾਂ) ਬਣ ਗਿਆ ਹੈ। ਇਸ ਤਰ੍ਹਾਂ ਕਰਨ ਕਰਕੇ ਇਸ ਦੇਸ ਨੇ ਰਾਤ ਦੀ ਖ਼ੂਬਸੂਰਤੀ ਨੂੰ ਬਰਕਰਾਰ ਰੱਖਦਿਆ ਹੋਇਆ ਜੀਵ-ਜੰਤੂਆਂ ਅਤੇ ਬਨਸਪਤੀ ਨੂੰ ਰੋਸ਼ਨੀ ਦੇ ਪ੍ਰਦੂਸ਼ਣ ਤੋਂ ਬਚਾਉਂਦਿਆਂ ਹੋਇਆਂ ਅਰਥ ਆਵਰ ਦੀ ਮੌਸਮੀ ਤਬਦੀਲੀਆਂ ਨਾਲ ਨਜਿੱਠਣ ਲਈ ਵਿੱਢੀ ਹੋਈ ਮੁਹਿੰਮ ਵਿਚ ਸ਼ਾਨਦਾਰ ਯੋਗਦਾਨ ਪਾਉਣ ਦਾ ਇਕ ਵੱਡਾ ਉਪਰਾਲਾ ਕੀਤਾ ਹੈ। ਨਿਊ ਦੇਸ ਤੋਂ ਸਬਕ ਲੈਂਦੇ ਹੋਏ ਦੁਨੀਆ ਦੇ ਸਾਰੇ ਦੇਸਾਂ ਨੂੰ ਵਾਤਾਵਰਣ ਨੂੰ ਪ੍ਰਦੂਸ਼ਣ ਤੋਂ ਬਚਾਉਣ ਲਈ ਇਸ ਮੁਹਿੰਮ ਵਿਚ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ।

# ਬਲ੍ਹਾੜੀਕਲਾਂ ਦੀ ਪੁਸਤਕ 'ਲੰਘਣ ਖੁਸ਼ੀਆਂ ਵਿਚ ਦਿਹਾੜੇ' ਬਲਜਿੰਦਰ ਮਾਨ ਵਲੋਂ ਜਾਰੀ

**ਮਾਹਿਲਪੁਰ (ਬਿਊਰੋ)–** ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਅਤੇ ਸੁਰ ਸੰਗਮ ਵਿੱਦਿਅਕ ਟਰੱਸਟ ਮਾਹਿਲਪੁਰ ਵਲੋਂ ਪ੍ਰਿੰ.ਮਨਜੀਤ ਕੌਰ ਦੀ ਅਗਵਾਈ ਹੇਠ ਇਕ ਪੁਸਤਕ ਰਿਲੀਜ਼ ਸਮਾਰੋਹ ਦਾ ਆਯੋਜਨ ਕਰੂੰਬਲਾਂ ਭਵਨ ਵਿਚ ਕੀਤਾ ਗਿਆ।ਇਸ ਮੌਕੇ ਨਿੱਕੀਆਂ ਕਰੂੰਬਲਾਂ ਪੁਰਸਕਾਰ ਜੇਤੂ ਸਾਹਿਤਕਾਰ ਸੁਰਜੀਤ ਸਿੰਘ ਬਲ੍ਹਾੜੀ ਕਲਾਂ ਦੀ ਬਾਲ ਪੁਸਤਕ 'ਲੰਘਣ ਖੁਸ਼ੀਆਂ ਵਿਚ ਦਿਹਾੜੇ' ਨੂੰ ਸ਼੍ਰੋਮਣੀ ਸਾਹਿਤਕਾਰ ਬਲਜਿੰਦਰ ਮਾਨ, ਡਾ.ਧਰਮਪਾਲ ਸਾਹਿਲ ਅਤੇ ਅਲੋਚਕ ਪ੍ਰੋ. ਜੰਗ ਬਹਾਦਰ ਸੇਖੋਂ ਵਲੋਂ ਜਾਰੀ ਕੀਤਾ ਗਿਆ। ਉਹਨਾਂ ਆਪਣੇ ਸੰਬੋਧਨ ਵਿਚ ਕਿਹਾ ਕਿ ਕਵੀ ਨੇ ਬਾਲ ਮਨ ਦੇ ਹਾਣ ਦੀਆਂ ਕਵਿਤਾਵਾਂ ਦੀ ਸਿਰਜਣਾ ਕਰਕੇ ਆਪਣੇ ਸਾਹਿਤਕ ਕਦ ਨੂੰ ਹੋਰ ਬੁਲੰਦ ਕਰ ਲਿਆ ਹੈ।ਉਸ ਵਲੋਂ ਬਾਲ ਸਾਹਿਤਕਾਰੀ ਦੇ ਖੇਤਰ ਵਿਚ ਪਾਈਆਂ ਪੈੜਾਂ



ਤੇ ਨਵੀਂ ਪਨੀਰੀ ਚੱਲਣ ਲਈ ਯਤਨਸ਼ੀਲ ਹੈ।ਪ੍ਰਧਾਨਗੀ ਮੰਡਲ ਵਿਚ ਸ਼ਾਮਿਲ ਬੱਗਾ ਸਿੰਘ ਆਰਟਿਸਟ, ਚੈਂਚਲ ਸਿੰਘ ਬੈਂਸ ਅਤੇ ਅਮਰੀਕ ਸਿੰਘ ਦਿਆਲ ਨੇ ਕਿਹਾ ਕਿ ਇਸ ਪੁਸਤਕ ਰਾਹੀਂ ਪਾਠਕਾਂ ਨੂੰ ਆਪਣੀ ਅਮੀਰ ਵਿਰਾਸਤ ਨਾਲ ਜੁੜਨ ਦਾ ਭਰਪੂਰ ਮੌਕਾ ਪ੍ਰਦਾਨ ਕੀਤਾ ਗਿਆ ਹੈ।ਇਸ ਵਿਚ ਸ਼ਾਮਲ ਰਚਨਾਵਾਂ ਸੁਰਮਈ ਹੋਣ ਕਰਕੇ ਪਾਠਕ ਖੁਦ ਬ ਖੁਦ ਗਾਉਣ ਲੱਗ ਪੈਂਦੇ ਹਨ। ਇਸ ਮੌਕੇ ਲੋਕ ਕਵੀ ਪੰਮੀ ਖੁਸ਼ਹਾਲਪੁਰੀ, ਸੁਖਮਨ ਸਿੰਘ, ਮਨਜਿੰਦਰ ਸਿੰਘ ਨੇ ਆਪਣੀਆਂ ਕਲਾਤਮਿਕ ਵੰਨਗੀਆਂ ਨਾਲ ਖ਼ੂਬ ਰੌਣਕਾਂ ਲਾਈਆਂ। ਇਸ ਸਮਾਰੋਹ ਵਿਚ ਹਰਵੀਰ ਮਾਨ, ਪਵਨ ਸਕਰੂਲੀ, ਨਿਧੀ ਅਮਨ ਸਹੋਤਾ, ਰਵਨੀਤ ਕੌਰ, ਹਰਮਨਪ੍ਰੀਤ ਕੌਰ ਸਮੇਤ ਇਲਾਕੇ ਦੇ ਸਾਹਿਤਕਾਰ ਅਤੇ ਸਾਹਿਤ ਪ੍ਰੇਮੀ ਸ਼ਾਮਲ ਹੋਏ। ਸਭ ਦਾ ਧੰਨਵਾਦ ਕਰਦਿਆਂ ਕੁਲਦੀਪ ਕੌਰ ਬੈਂਸ ਨੇ ਕਿਹਾ ਕਿ ਸਾਨੂੰ ਰੌਚਕ ਅਤੇ ਮਿਆਰੀ ਪੁਸਤਕਾਂ ਸੰਗੀ ਸਾਥੀਆਂ ਨੂੰ ਵਿਸ਼ੇਸ਼ ਮੌਕਿਆਂ ਤੇ ਤੋਹਫੇ ਵਜ਼ੋਂ ਦੇਣੀਆਂ ਚਾਹੀਦੀਆਂ ਹਨ।

# ਖਰਾਦੀਏ ਤੋਂ ਬਣਿਆ ਤਰਲੋਚਨ ਸਿੰਘ ਸਫਲ ਅਧਿਆਪਕ



ਮੇਜ਼ਰ ਸਿੰਘ ਨਾਭਾ
91-94635-53962

ਵਿੱਦਿਆ ਮਨੁੱਖ ਦਾ ਤੀਜਾ ਨੇਤਰ ਹੁੰਦਾ ਹੈ। ਇਸ ਲਈ ਵਿੱਦਿਆ ਦੇਣ ਦਾ ਕੰਮ ਅਧਿਆਪਕ ਦੇ ਜ਼ਿੰਮੇ ਹੈ। ਇਸ ਜ਼ਿੰਮੇਵਾਰੀ ਨੂੰ ਬਾਖ਼ੂਬੀ ਨਿਭਾਉਂਦੇ ਹੋਏ ਸ਼੍ਰ. ਤਰਲੋਚਨ ਸਿੰਘ ਅ/ਕ ਟੀਚਰ (ਡਰਾਇੰਗ ਮਾਸਟਰ) ਸਰਕਾਰੀ ਮਿਡਲ ਸਕੂਲ ਲਲੌਡਾ ਕੰਪਲੈਕਸ ਸ.ਸ.ਸ.ਸ. ਸੌਜਾ ਜਿਲ੍ਹਾ ਪਟਿਆਲਾ ਤੋਂ 31 ਮਾਰਚ 2021 ਨੂੰ ਰਿਟਾਇਰ ਹੋ ਰਹੇ ਹਨ। ਇਹਨਾਂ ਦਾ ਜਨਮ ਪਿੰਡ ਬਨੇਰਾ ਜਿਲ੍ਹਾ ਪਟਿਆਲਾ ਵਿਖੇ 15 ਮਾਰਚ 1963 ਨੂੰ ਮਾਤਾ ਸਵ: ਸ੍ਰੀਮਤੀ ਸੁਰਜੀਤ ਕੌਰ ਦੀ ਕੁੱਖੋਂ ਸ਼੍ਰ.ਰਣਜੀਤ ਸਿੰਘ ਟੇਲਰ ਮਾਸਟਰ ਦੇ ਘਰ ਹੋਇਆ। ਉਸ ਦੇ ਪਿਤਾ ਇੱਕ ਕਿਰਤੀ ਇਨਸਾਨ ਹਨ ਜੋ ਹੁਣ ਅੱਸੀਆਂ ਤੋਂ ਟੱਪੇ ਹੋਏ ਵੀ ਸਿਲਾਈ ਦਾ ਕੰਮ ਕਰਦੇ ਹਨ।ਤਰਲੋਚਨ ਸਿੰਘ ਨੇ ਆਪਣੀ ਮੁੱਢਲੀ ਸਿੱਖਿਆ ਮਾਡਲ ਟਾਊਨ ਪਟਿਆਲਾ ਦੇ ਸਰਕਾਰੀ ਸਕੂਲ ਤੋਂ ਪ੍ਰਾਪਤ ਕੀਤੀ ਅਤੇ ਸ.ਸ.ਸ. ਮਲਟੀਪਰਪਜ ਸਕੂਲ ਪਟਿਆਲਾ ਤੋਂ 1981 ਵਿੱਚ ਮੈਟ੍ਰਿਕ ਦੀ ਪ੍ਰੀਖਿਆ ਪਾਸ ਕਰ ਲਈ। ਇਸ ਦੌਰਾਨ ਉਸ ਨੇ ਅਧਿਆਪਕ ਬਣਨ ਦਾ ਸੁਪਨਾ ਲਿਆ ਅਤੇ 1981 ਵਿੱਚ ਸਰਕਾਰੀ ਆਰਟ ਐਂਡ ਕਰਾਫਟ ਟੀਚਰਜ਼ ਟ੍ਰੇਨਿੰਗ ਸੰਸ਼ਥਾ ਨਾਭਾ ਵਿਖੇ ਦਾਖਲਾ ਲੈ ਕੇ ਦੋ ਸਾਲ ਦੀ ਟੀਚਰਜ਼ ਟ੍ਰੇਨਿੰਗ 1983'ਚ ਲੈ ਲਈ ਪਰ ਘਰ ਦੀ ਆਰਥਿਕ ਮਜਬੂਰੀ ਕਾਰਣ ਟ੍ਰੇਨਿੰਗ ਦੌਰਾਨ ਉਸ ਨੇ ਆਪਣੇ ਭਰਾਵਾਂ ਨਾਲ ਘਰ 'ਚ ਲਾਈ ਇੰਡਸਟਰੀ 'ਚ ਹੱਥ ਵਟਾਉਣਾ ਸੁਰੂ ਕਰ ਦਿੱਤਾ ਜਿਸ 'ਚ ਮਧਾਨੀ, ਪੱਖੇ, ਮਿਕਸੀ ਦੀਆਂ ਸਾਫਟਾਂ ਬਣਾਉਣ ਲਈ 1983 ਤੋਂ 1997 ਤੱਕ ਖਰਾਦ ਦਾ ਕੰਮ ਕੀਤਾ।ਸੰਨ 1990 ਵਿੱਚ ਉਨ੍ਹਾ ਦਾ ਵਿਆਹ ਮਾਨਸਾ ਵਿਖੇ ਸੁਖਵਿੰਦਰ ਕੌਰ ਨਾਲ ਹੋ ਗਿਆ।



ਤਰਲੋਚਨ ਸਿੰਘ ਨੂੰ ਲੰਬੇ ਸੰਘਰਸ਼ ਬਾਅਦ ਸ਼ਰਕਾਰੀ ਅਧਿਆਪਕ ਬਣਨ ਦਾ ਸ਼ੁਭਾਗ ਪ੍ਰਾਪਤ ਹੋ ਹੀ ਗਿਆ ਉਸ ਨੇ ਨਿਯੁਕਤੀ ਹੋਣ ਉਪਰੰਤ 06 ਮਈ 1997 ਨੂੰ ਸਰਕਾਰੀ ਮਿਡਲ ਸਕੂਲ ਦੇਧਨਾ ਕੰਪ: ਸ.ਸ.ਸ.ਸ. ਘੱਗਾ (ਪਟਿਆਲਾ) ਵਿਖੇ ਹਾਜ਼ਰੀ ਦੇ ਕੇ ਸੇਵਾ ਆਰੰਭ ਕੀਤੀ ਅਤੇ 12 ਜੂਨ 1997 ਨੂੰ ਸ.ਸ.ਸ.ਸ. ਬੀਬੀਪੁਰ ਘਰ ਤੋਂ ਜਿਆਦਾ ਦੂਰ ਹੋਣ ਕਾਰਣ ਉਸ ਨੂੰ ਆਉਣਾ-ਜਾਣਾ ਮੁਸ਼ਕਲ ਸੀ। ਇਸ ਲਈ ਉਸ ਨੇ ਸਾਖਰਤਾ ਮੁਹਿੰਮ ਅਧੀਨ ਬੀ.ਡੀ.ਪੀ.ਓ. ਦਫਤਰ ਨਾਭਾ ਵਿਖੇ 29 ਸਤੰਬਰ 1998 ਤੋਂ 21 ਸਤੰਬਰ 1999 ਤੱਕ ਆਨ-ਡਿਊਟੀ ਕੰਮ ਕੀਤਾ।ਉਹ ਬਦਲੀ ਕਰਵਾ ਕੇ 04 ਜੁਲਾਈ 2000 ਨੂੰ ਸ.ਸ.ਸ.ਸ. ਕਕਰਾਲਾ (ਨਾਭਾ) ਵਿਖੇ ਆ ਗਿਆ। ਫਿਰ ਉਸ ਨੇ ਸਰਕਾਰੀ ਮਿਡਲ ਸਕੂਲ ਲਲੌਡਾ (ਪਟਿਆਲਾ) ਵਿਖੇ 09 ਜੁਲਾਈ 2007 ਨੂੰ ਬਦਲੀ ਕਰਵਾ ਲਈ। ਇਥੇ ਉਸ ਨੇ ਬੱਚਿਆਂ ਨੂੰ ਪੜ੍ਹਾਉਣ ਦੇ ਨਾਲ ਮਿਡ-ਡੇ-ਮੀਲ ਦੇ ਕੰਮ ਨੂੰ ਜ਼ਿੰਮੇਵਾਰੀ ਨਾਲ ਨਿਭਾਇਆ।

ਸਕੂਲ ਮਨੇਜਮੈਂਟ ਕਮੇਟੀ ਦੇ ਇੰਚਾਰਜ਼ ਹੋਣ ਕਰਕੇ ਸਕੂਲ ਗ੍ਰਾਂਟਾਂ ਨੂੰ ਸਕੂਲ ਦੇ ਵਿਕਾਸ ਲਈ ਇਮਾਨਦਾਰੀ ਨਾਲ ਖਰਚਦੇ ਰਹੇ।ਸਕੂਲ ਦੀ ਕਿਸੇ ਵੀ ਵਾਧੂ ਡਿਊਟੀ ਨੂੰ ਹਮੇਸ਼ਾ ਖੁਸੀ ਨਾਲ ਨਿਭਾਉਂਦੇ ਰਹੇ ।ਉਨ੍ਹਾਂ ਸਕੂਲ ਸਮੇਂ ਤੋਂ ਬਾਅਦ ਸਕੂਲ ਦੇ ਕੰਮ ਕਰਕੇ ਬੱਚਿਆਂ ਦੀ ਪੜ੍ਹਾਈ ਦਾ ਹਮੇਸ਼ਾ ਖਿਆਲ ਰੱਖਿਆ। ਇਥੇ ਉਨ੍ਹਾਂ ਨੇ ਤਕਰੀਬਨ ਤੇਰਾਂ ਸਾਲ ਤੋਂ ਉੱਪਰ ਈਮਾਨਦਾਰੀ ਨਾਲ ਬੇਦਾਗ਼ ਸੇਵਾ ਨਿਭਾਈ ਅਤੇ ਇਥੋਂ ਹੀ ਸੇਵਾ ਮੁਕਤੀ ਪ੍ਰਾਪਤ ਕੀਤੀ। ਉਹ ਮਿੱਠਬੋਲੜੇ ਅਤੇ ਮਿਲਣਸਾਰ ਸੁਭਾਅ ਵਾਲੇ ਇਨਸਾਨ ਹਨ।

ਉਨ੍ਹਾਂ ਦੇ ਬੇਟੇ ਸਤਵੀਰ ਸਿੰਘ ਨੇ ਡਿਪਲੋਮਾ ਇਲੈਕਟ੍ਰੋਨਿਕਸ ਐਂਡ ਟੈਲੀਕਿਊਮੀਨੀਕੇਸ਼ਨ, ਬੀ.ਏ., ਈ.ਟੀ.ਟੀ. ਕੀਤੀ ਹੋਈ ਹੈ । ਉਹ ਈ.ਟੀ.ਟੀ. ਅਧਿਆਪਕ ਦੀ ਨਿਯੁਕਤੀ ਹੋਣ ਉਪਰੰਤ ਆਪਣੀਆਂ ਸੇਵਾਵਾਂ ਸ੍ਰ.ਪ੍ਰ.ਸ.ਸਹੌਲੀ (ਭਾਦਸੋਂ) ਵਿਖੇ ਨਿਭਾ ਰਿਹਾ ਹੈ। ਉਹ ਆਪਣੀ ਕਾਬਲੀਅਤ ਸਦਕਾ ਬਲਾਕ ਅਤ ਜਿਲ੍ਹਾ ਰਿਸੋਰਸ ਪਰਸਨ ਦੀਆਂ ਸੇਵਾਵਾਂ ਵੀ ਸਫਲਤਾਪੂਰਵਕ ਨਾਲੋ ਨਾਲ ਨਿਭਾ ਰਿਹਾ , ਉੱਚ ਅਧਿਕਾਰੀਆਂ ਤੋਂ ਕਈ ਵਾਰੀ ਸਨਮਾਨ ਪ੍ਰਾਪਤ ਕਰ ਚੁੱਕਾ ਹੈ।ਇਸ ਤਰ੍ਹਾਂ ਉਸਦੇ ਅਧਿਆਪਕ ਪਿਤਾ ਦੀ ਹੱਲਸ਼ੇਰੀ ਸਦਕਾ ਹੋਰ ਵੀ ਆਸਾਂ ਹਨ। ਬੇਟੀ ਲਕਸ਼ਦੀਪ ਕੌਰ ਗਰੇਜੁਏਸ਼ਨ ਕਰਨ ਬਾਅਦ ਮਾਸਟਰ ਆਫ ਹਿਸਟਰੀ ਕਰ ਰਹੀ ਹੈ।ਨੂੰਹ ਪਰਨੀਤ ਕੌਰ ਈ.ਟੀ.ਟੀ., ਐਮ.ਏ. (ਹਿਸਟਰੀ) ਪ੍ਰਾਈਵੇਟ ਅਧਿਆਪਕਾ ਆਪਣੀ ਬੇਟੀ ਮੇਹਰੀਨ ਕੌਰ ਨਾਲ ਪਰਿਵਾਰਕ ਖੁਸ਼ੀਆਂ ਮਾਣ ਰਹੀ ਹੈ। ਉਹ ਨਾਭਾ ਵਿਖੇ ਲੰਬੇ ਸਮੇਂ ਤੋਂ ਆਪਣੇ ਪਰਿਵਾਰ ਨਾਲ ਰਹਿ ਰਹੇ ਹਨ।ਪ੍ਰਮਾਤਮਾ ਕਰੇ ਉਹ ਹਮੇਸ਼ਾਂ ਚੜ੍ਹਦੀਕਲਾ'ਚ ਅਤੇ ਸਿਹਤਯਾਬ ਰਹਿਣ।

# ਸਮਾਜ ਸੇਧਕ ਪੰਜਾਬੀ ਲੋਕ ਗਾਇਕ ਨਿਰਮਲ ਮੌਜੀਆ



ਗੁਰਬਾਜ ਗਿੱਲ
91-98723-62507

ਆਧੁਨਿਕ ਗਾਇਕੀ ਹਥਿਆਰਾਂ, ਨਸ਼ੇ, ਫੁਕਰਾਬਜੀਆਂ, ਆਸ਼ਕੀ ਅਤੇ ਵੈਲ-ਪੁਣੇ ਦੇ ਚੱਕਰਵਿਊ ਵਿੱਚੋਂ ਨਿਕਲਣ ਲਈ ਤਰਲੋ-ਮੱਛੀ ਹੋ ਰਹੀ ਹੈ ਪ੍ਰੰਤੂ ਨਿੱਤ ਵੱਧ ਰਹੇ ਗਾਇਕਾਂ ਦੀ ਭੀੜ ਵਿੱਚੋਂ ਕੋਈ ਨਾ ਕੋਈ ਰੰਗ-ਬਰੰਗਾ ਜਾਂ ਗਾਇਕ ਮੁੜ ਗਾਇਕੀ ਨੂੰ ਖਿੱਚ ਕੇ ਹੋਰ ਵੀ ਗੁੰਝਲਦਾਰ ਘੇਰੇ ਵਿੱਚ ਵਾੜ ਦਿੰਦਾ ਹੈ, ਇਸ



ਦੇ ਉਲਟ ਜੋ ਪੰਜਾਬੀ ਸਭਿਆਚਾਰ ਦੇ ਦਾਇਰੇ ਵਿੱਚ ਰਹਿ ਕੇ ਆਪਣੀ ਗਾਇਕੀ ਨਾਲ ਸੰਗੀਤਕ ਖੇਤਰ ਵਿੱਚ ਪ੍ਰਵੇਸ਼ ਕਰਦੇ ਨੇ ਉਹੀ ਆਪਣੀਆਂ ਅਮਿੱਟ ਪੈੜਾਂ ਪਾਉਂਦੇ ਨੇ, ਹਾਂ ਕਾਮਯਾਬੀ ਜਰੂਰ ਉਹਨਾਂ ਨੂੰ ਘੱਟ ਮਿਲਦੀ ਐ, ਪਰ ਉਹ ਆਪਣੀ ਲੋਕ ਮਨਾਂ ਤੇ ਛਾਪ ਜਰੂਰ ਛੱਡਦੇ ਹਨ, ਅਜਿਹਾ ਹੀ ਹੈ, ਤੜਕ-ਭੜਕ ਵਾਲੀ ਗਾਇਕੀ ਤੋਂ ਕੋਹਾਂ ਦੂਰ ਸਮਾਜ-ਸੇਧਕ ਪੰਜਾਬੀ ਲੋਕ ਗਾਇਕ ਨਿਰਮਲ ਮੌਜੀਆ।

ਨਿਰਮਲ ਦਾ ਜਨਮ ਮਾਨਸਾ ਜ਼ਿਲ੍ਹੇ ਦੇ ਪਿੰਡ ਮੌਜੀਆ ਵਿੱਚ ਸਾਧਾਰਨ ਕਿਸਾਨ ਗੁਰਜੰਟ ਸਿੰਘ ਦੇ ਘਰ ਮਾਤਾ ਗੁਲਾਬ ਕੌਰ ਦੀ ਕੁੱਖੋਂ 1978 ਵਿੱਚ ਹੋਇਆ। ਨਿਰਮਲ ਦਾ ਪਿੰਡ ਮੌਜੀਆ ਹੋਣ ਕਰਕੇ ਮੌਜੀਆ ਤਖੱਲਸ ਨਿਰਮਲ ਦੇ ਨਾਂ ਨਾਲ ਪੱਕੇ ਤੌਰ ਤੇ ਜੁੜ ਗਿਆ। ਨਿਰਮਲ ਜਦੋਂ ਆਪਣੀ ਮਿੱਠੀ ਆਵਾਜ਼ ਵਿੱਚ ਗੀਤ ਗਾਉਂਦਾ ਕਹਿੰਦਾ ਹੈ:-

ਜੰਗਲ ਬੇਲੇ ਮੁੱਕ ਰਹੇ ਨੇ,
ਜਲ ਦੇ ਸੋਮੇ ਸੁੱਕ ਰਹੇ ਨੇ,
ਵਿੱਚ ਹਵਾਵਾਂ ਜ਼ਹਿਰ ਭਰੀ, ਨਾ ਤੈਨੂੰ ਕੋਈ ਪਰਵਾਹ...
ਦੱਸ ਨੀ ਕੋਇਲੇ ਕਿਹੜੀ ਖੁਸ਼ੀ ਵਿੱਚ, ਗੀਤ ਰਹੀ ਤੂੰ ਗਾ...
ਦੁੱਧ ਪੀ ਲੋਕਾਂ ਛੱਡੀਆਂ ਗਾਵਾਂ,
ਰੁਲਦੇ ਪਏ ਨੇ ਪਿਓ ਤੇ ਮਾਵਾਂ,
ਆਰੇ ਫੜੀ ਜਲਾਦ ਨੇ ਫਿਰਦੇ, ਦੇਣੇ ਮੋਛੇ ਪਾ...
ਦੱਸ ਨੀ ਕੋਇਲੇ ਕਿਹੜੀ ਖੁਸ਼ੀ ਵਿੱਚ, ਗੀਤ ਰਹੀ ਤੂੰ ਗਾ...

ਤਾਂ ਕੋਇਲ ਨੂੰ ਵੀ ਵਾਤਾਵਰਨ ਪ੍ਰਤੀ ਸੋਚਣ ਲਈ ਮਜਬੂਰ ਕਰ ਦਿੰਦਾ ਹੈ। ਉਹ ਦੱਸਦਾ ਹੈ ਕਿ ਮੈ ਦੀਦਾਰ ਮਾਨ ਭੈਣੀ ਬਾਘਾ ਦੇ ਲਿਖੇ ਕਾਫੀ ਸਮਾਜਿਕ ਅਤੇ ਕਿਸਾਨੀ ਸਬੰਧੀ ਗੀਤ ਗਾਏ ਹਨ, ਜੋ ਲੋਕਾਂ ਵੱਲੋਂ ਕਾਫੀ ਪਸੰਦ ਕੀਤੇ ਗਏ ਹਨ। ਨਿਰਮਲ ਗਾਇਕੀ ਦੇ ਨਾਲ ਨਾਲ ਖੇਤੀ ਵੀ ਖ਼ੁਦ ਕਰਦਾ ਹੈ। ਜਦ ਉਹ ਖੇਤਾਂ ਦੀਆਂ ਵੱਟਾਂ ਤੇ ਮੋਢੇ ਤੇ ਕਹੀ ਰੱਖ ਕੇ ਆਰਥਿਕ ਤੌਰ ਤੇ ਟੁੱਟ ਚੁੱਕੀ ਕਿਸਾਨੀ ਦੀ ਅਸਲ ਤਸਵੀਰ ਪੇਸ਼ ਕਰਦਾ ਲੋਟੂ ਸਰਕਾਰਾਂ ਨੂੰ ਮੁਖ਼ਾਤਿਬ ਹੋ ਕੇ ਕਹਿੰਦਾ ਹੈ:-

ਸਾਡੇ ਪੈਰ ਬਿਆਈਆਂ ਪਾਟੀਆਂ,
ਗਲ ਪਾਟੇ ਲੀੜੇ,
ਫਸਲ ਸਾਡੀ ਨੂੰ ਖਾ ਗਏ,
ਆਹ ਚਿੱਟੇ ਕੀੜੇ,
ਧਰਨੇ ਲਾ-ਲਾ ਸੜਕਾਂ ਤੇ,
ਸਾਨੂੰ ਮਿਲਦੇ ਹੱਕ ਨੇ...
ਦਿੱਲੀਏ ਤੇਰੇ ਬਾਰਡਰਾਂ ਤੇ
ਆ ਬੈਠੇ ਜੱਟ ਨੇ..
ਅਸੀਂ ਭਰ ਦੇ ਢਿੱਡ ਸੀ ਲੋਕਾਂ ਦਾ,
ਅੱਜ ਭੁੱਖੇ ਮਰ ਗਏ,
ਆਹ ਵੱਡੀਆਂ ਗੋਗੜਾਂ ਵਾਲੇ,
ਜੱਟਾਂ ਨਾਲ ਧੋਖਾ ਕਰ ਗਏ,
ਜੋ ਸੀਨੇ ਸਾਡੇ ਖੁੱਲ੍ਹ ਗਏ,
ਨਾ ਭਰਨੇ ਫੱਟ ਨੇ...
ਦਿੱਲੀਏ ਤੇਰੇ ਬਾਰਡਰਾਂ ਤੇ
ਆ ਬੈਠੇ ਜੱਟ ਨੇ...

ਨਿਰਮਲ ਵਾਤਾਵਰਨ ਪ੍ਰਤੀ ਕਾਫ਼ੀ ਸੰਜੀਦਾ ਹੈ। ਮਾਲਵੇ ਦੇ ਹਰ ਘਰ ਵਿੱਚ ਪੁੰਗਰ ਰਹੀ ਕੈਂਸਰ ਦੀ ਬੀਮਾਰੀ ਤੋਂ ਨਿਰਮਲ ਕਾਫੀ ਚਿੰਤਤ ਹੈ। ਨਿਰਮਲ ਸਮਾਜ ਸੇਵਾ ਨਾਲ ਜੁੜਿਆ ਹੋਇਆ ਹੈ, ਓਹ ਕਈ ਸਮਾਜ ਭਲਾਈ ਦੇ ਕੈਂਪ ਲਗਾ ਚੁੱਕਾ ਹੈ ਅਤੇ ਬਹੁਤ ਵਾਰ ਖ਼ੁਦ ਵੀ ਖ਼ੂਨਦਾਨ ਕਰ ਚੁੱਕਾ ਹੈ। ਨਿਰਮਲ ਦੀਆਂ ਇਨ੍ਹਾਂ ਪ੍ਰਾਪਤੀਆਂ ਨੂੰ ਦੇਖਦੇ ਹੋਏ ਪੰਜਾਬ ਸਰਕਾਰ ਨੇ ਉਸਨੂੰ ਸਟੇਟ ਪੱਧਰ ਦਾ ਅਵਾਰਡ 'ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ' ਦੇ ਕੇ ਸਨਮਾਨਿਤ ਕੀਤਾ ਹੈ। ਨਿਰਮਲ ਮੌਜੀਆ ਦੀ ਅੱਠ ਗੀਤਾਂ ਦੀ ਟੇਪ 'ਬੁਲੰਦ ਹੌਸਲੇ' ਪਹਿਲਾਂ ਹੀ ਮਾਰਕੀਟ ਵਿਚ ਆ ਚੁੱਕੀ ਹੈ ਅਤੇ ਅੱਜ-ਕੱਲ੍ਹ ਨਿਰਮਲ ਮੌਜੀਆ ਦਾ ਸਿੰਗਲ ਟਰੈਕ 'ਸਾਡੇ ਹੱਕ ਦਿੱਲੀਏ' ਖ਼ੂਬ ਚਰਚਾ ਵਿਚ ਹੈ। ਨਿਰਮਲ ਭਰੇ ਮਨ ਨਾਲ ਕਹਿੰਦਾ ਹੈ ਕਿ ਅੱਜ ਸਮਾਜ ਨੂੰ ਜਾਗਰੂਕ ਕਰਨ ਵਾਲੇ ਵਿਸ਼ਿਆਂ ਦੀ ਗਾਇਕੀ ਦੇ ਸਰੋਤੇ ਘੱਟ ਹਨ ਅਤੇ ਭੜਕੀਲੀ ਗਾਇਕੀ ਸੁਣਨ ਵਾਲੇ ਸਰੋਤੇ ਜ਼ਿਆਦਾ।

ਹਮੇਸ਼ਾ ਮਾਲਕ ਦੀ ਮੌਜ਼ ਵਿੱਚ ਰਹਿਣ ਵਾਲਾ, ਤੜਕ-ਭੜਕ ਵਾਲੀ ਗਾਇਕੀ ਤੋਂ ਕੋਹਾਂ ਦੂਰ ਸਮਾਜ-ਸੇਧਕ ਪੰਜਾਬੀ ਲੋਕ ਗਾਇਕ ਨਿਰਮਲ ਮੌਜੀਆ ਦਾ ਸਭਿਆਚਾਰਕ ਗਾਇਕੀ ਦੇ ਵਿਹੜੇ ਵਿੱਚ ਪੁੱਟਿਆ ਇੱਕ ਇੱਕ ਕਦਮ ਬੁਲੰਦੀਆਂ ਨੂੰ ਛੂਹੇ, ਉਹ ਹੋਰ ਢੇਰ ਸਾਰੀਆਂ ਤਰੱਕੀਆਂ ਕਰੇ ਅਤੇ ਹਰ ਦਿਲ ਤੇ ਰਾਜ ਕਰੇ।


# Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call :
Dharminder Singh
Cell : 530-870-6600
Fax : (530) 870-1429
532, Houston St.
West Sacramento, CA 95691




Email: myfuturetruck@gmail.com


# ਸਿਆਟਲ ਦੇ ਸਨੇਹੀਆਂ ਵੱਲੋਂ ਹਰਵਿੰਦਰ ਸਿੰਘ ਰਿਆੜ ਦੀ ਅਚਨਚੇਤ ਮੌਤ 'ਤੇ ਗਹਿਰਾ ਦੁੱਖ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)-** ਜੱਸ ਟੀ. ਵੀ. ਤੇ 13 ਸਾਲ 'ਮੁੱਦਾ' ਤੇ ਕੰਮ ਕਰਨ ਵਾਲਾ ਅਤੇ ਬਾਜ ਟੀ. ਵੀ. ਤੇ ਰਾਈਟਰ ਵੀਕਲੀ ਦੇ ਮੁੱਖ ਸੰਪਾਦਕ ਹਰਵਿੰਦਰ ਰਿਆੜ ਦੀ ਅਚਨਚੇਤ ਬੇਵਕਤੀ ਮੌਤ ਤੇ ਦੇਸ਼-ਵਿਦੇਸ਼ ਦੇ ਸਾਹਿਤ ਪ੍ਰੇਮੀਆਂ, ਦੋਸਤਾਂ-ਮਿੱਤਰਾਂ ਅਤੇ ਸਨੇਹੀਆਂ ਨੇ ਗਹਿਰਾ ਦੁੱਖ ਪ੍ਰਗਟ ਕੀਤਾ। ਹਰਵਿੰਦਰ ਰਿਹਾੜ ਬਹੁਤ ਮਿਲਾਪੜਾ, ਚੰਗਾ ਦੋਸਤ, ਸਟੇਜ ਸੰਚਾਲਨ ਦਾ ਬਾਦਸ਼ਾਹ ਅਤੇ ਨਾਮਵਰ ਪੱਤਰਕਾਰ ਸੀ, ਜਿਸ ਦੇ ਤੁਰ ਜਾਣ ਨਾਲ ਹਰੇਕ ਨੇ ਦੱਖ ਮਹਿਸੂਸ ਕੀਤਾ। ਸੋਸ਼ਲ ਮੀਡੀਆ ਰਾਹੀਂ ਹਰੇਕ ਨੇ ਆਪਣੇ-ਆਪਣੇ ਪਿਆਰ-ਮੁਹੱਬਤ ਅਤੇ ਬਿਤਾਏ ਸਮੇਂ ਦਾ ਜ਼ਿਕਰ ਕਰਕੇ ਵਿਛੋੜੇ 'ਤੇ ਉਹਨਾਂ ਦੀ ਘਾਟ ਪ੍ਰਗਟ ਕੀਤੀ। ਸਿਆਟਲ ਦੇ ਪੰਜਾਬੀ ਭਾਈਚਾਰੇ, ਬੁੱਧੀਜੀਵੀਆਂ, ਲਿਖਾਰੀਆਂ, ਖੇਡ ਸੰਸਥਾਵਾਂ ਦੇ ਮੈਂਬਰਾਂ ਨੇ ਪਰਿਵਾਰ ਨਾਲ ਗਹਿਰਾ ਦੁੱਖ ਪ੍ਰਗਟ ਕੀਤਾ ਅਤੇ ਸਦਾ ਲਈ ਵਿਛੜ ਚੁੱਕੇ ਰਿਆੜ ਦੀ ਘਾਟ ਮਹਿਸੂਸ ਕੀਤੀ।



# “ਸ਼ਹੀਦ ਭਗਤ ਸਿੰਘ ਦਾ ਸਿਧਾਂਤਕ ਇਨਕਲਾਬ”



ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਨੇ ਹਥਿਆਰਬੰਦ ਇਨਕਲਾਬ ਰਾਹੀਂ ਹਿੰਦੁਸਤਾਨ ਨੂੰ ਆਜ਼ਾਦ ਕਰਵਾਉਣ ਅਤੇ ਜਨਤਾ ਦੀ ਜਾਗਰਿਤ ਲਹਿਰ ਰਾਹੀਂ ਹਿੰਦੁਸਤਾਨੀ ਸਮਾਜ ਨੂੰ ਬਦਲਣਾ ਸੀ। ਭਗਤ ਸਿੰਘ ਨੇ ਹੀ ਇਨਕਲਾਬੀਆਂ ਨੂੰ ’ਇਨਕਲਾਬ ਜਿੰਦਾਬਾਦ’ ਦਾ ਨਾਅਰਾ ਦਿੱਤਾ ਅਤੇ ਇਸਨੂੰ ਕੌਮੀ ਜੈਕਾਰੇ ’ਬੰਦੇ ਮਾਤਰਮ’ ਦਾ ਪੂਰਕ ਬਣਾਇਆ। ਮਾਡਰਨ ਰਿਵਿਊ ਦੇ ਸੰਪਾਦਕ ਨੂੰ ਲਿਖੇ ਇਕ ਖਤ ਵਿਚ ਭਗਤ ਸਿੰਘ ਤੇ ਬੀ. ਕੇ. ਦੱਤ ਨੇ ’ਇਨਕਲਾਬ ਜਿੰਦਾਬਾਦ’ ਦੇ ਨਾਅਰੇ ਦੀ ਵਿਆਖਿਆ ਕੀਤੀ। ਉਹਨਾਂ ਇਸ ਦੋਸ਼ ਨੂੰ ਗਲਤ ਸਾਬਤ ਕੀਤਾ ਕਿ ਇਹ ਨਾਅਰਾ ਅਰਾਜਕਤਾ ਦਾ ਪ੍ਰਤੀਕ ਹੈ। ਉਹਨਾਂ ਮੰਨਿਆ ਕਿ ਇਹ ਨਾਅਰਾ ਰੂਸੀ ਇਨਕਲਾਬੀਆਂ ਨੇ ਦਿੱਤਾ ਸੀ। ਆਪਟਨ ਸਿੰਕਲੇਅਰ ਦੇ ਨਾਵਲਾਂ ਬੋਸਟਿਨ ਅਤੇ ਆਇਨ ਦੇ ਅਰਾਜਕਤਾਵਾਦੀ ਪਾਤਰਾਂ ਨੇ ਵੀ ਇਹ ਨਾਅਰਾ ਉਠਾਇਆ ਸੀ। ਭਗਤ ਸਿੰਘ ਅਤੇ ਉਸਦੇ ਸਾਥੀਆਂ ਵਾਸਤੇ ਇਨਕਲਾਬ ਅਰਾਜਕਤਾ ਨਹੀਂ। ਸਗੋਂ ਤਰੱਕੀ ਅਤੇ ਤਬਦੀਲੀ ਦੀ ਡੂੰਘੀ ਖਾਹਿਸ਼ ਦਾ ਪ੍ਰਗਟਾਵਾ ਸੀ। ਉਹ ਇਸਨੂੰ ਮਨੁੱਖਤਾ ਦਾ ਅਨਿੱਖੜਵਾਂ ਅਧਿਕਾਰ ਸਮਝਦੇ ਸਨ। ਜੂਨ 16, 1929 ਨੂੰ ਭਗਤ ਸਿੰਘ ਅਤੇ ਬੀ. ਕੇ. ਦੱਤ ਨੇ ਆਪਣੇ ਸਾਂਝੇ ਬਿਆਨ ਵਿਚ ਜ਼ੋਰ ਦਿੱਤਾ ਕਿ ਅੱਤਿਆਚਰੀ ਕਾਰਵਾਈਆਂ ਅਤੇ ਬੇਰਹਿਮ ਦਮਨ ਨਾਲ ਮਨੁੱਖਤਾ ਦੀ ਤਬਦੀਲੀ ਅਤੇ ਇਨਕਲਾਬ ਦੀ ਖਾਹਿਸ਼ ਦਾ ਗ.ਲਾ ਨਹੀਂ ਘੁੱਟਿਆ ਜਾ ਸਕਦਾ। ਬੋਸਟਾਇਨ ਫਰਾਂਸੀਸੀ ਇਨਕਲਾਬ ਨੂੰ ਨਹੀਂ ਕੁਚਲ ਸਕਿਆ। ਸਾਇਬੇਰੀਆ ਦੀਆਂ ਖਾਣਾਂ ਰੂਸੀ ਇਨਕਲਾਬ ਨੂੰ ਨਹੀਂ ਰੋਕ ਸਕੀਆਂ ਅਤੇ ਖੂਨੀ ਐਤਵਾਰ ਆਇਰਲੈਂਡ ਦੇ ਸੁਤੰਤਰਤਾ ਸੰਗਰਾਮ ਨੂੰ ਨਹੀਂ ਰੋਕ ਸਕੇ। ਤਾਂ ਮਨੁੱਖੀ ਮਨ ਵਿਚ ਲਟ-ਲਟ ਬਲਦੀ ਸੁਤੰਰਤਾ ਦੀ ਲਾਟ ਨੂੰ ਇਹ ਅਤਿਆਚਾਰੀ ਕਾਰਵਾਈਆਂ ਕਿਵੇਂ ਬੁਝਾ ਸਕਦੀਆਂ ਹਨ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਵਪਾਰਕ ਝਗੜਿਆਂ ਦੇ ਬਿਲ ਅਤੇ ਜਨਤਕ ਸੁਰੱਖਿਆ ਦੇ ਬਿਲ ਬਰਤਾਨਵੀ ਹਕੂਮਤ ਦੇ ਦਮਨਕਾਰੀ ਕਦਮ ਇਨਕਲਾਬੀ ਵਿਚਾਰਾਂ ਅਤੇ ਆਜ਼ਾਦੀ ਦੀ ਖਾਹਿਸ਼ ਨੂੰ ਨਹੀਂ ਦਬਾਅ ਸਕੇ।

ਭਗਤ ਸਿੰਘ ਨੇ ਇਨਕਲਾਬੀ ਜੱਦੋ-ਜਹਿਦ ਦਾ ਖਾਸਾ ਵੀ ਦੱਸਿਆ ਕਿ ਇਨਕਲਾਬ ਨਿਸਚੈ ਹੀ ਕਤਲ ਅਤੇ ਸਾੜ-ਫੂਕ ਦੀ ਵਿਚਾਰ-ਹੀਣ, ਵਹਿਸ਼ੀ ਮੁਹਿੰਮ ਨਹੀਂ। ਇਸਦਾ ਮਤਲਬ ਕੁਝ ਬੰਬ ਅਤੇ ਗੋਲੀਆਂ ਚਲਾ ਦੇਣਾ ਨਹੀਂ। ਨਾ ਹੀ ਇਹ ਰਹਿੰਦੀ ਮਨੁੱਖਤਾ ਨੂੰ ਤਬਾਹ ਕਰਨ ਅਤੇ ਚਿਰਕਾਲ ਤੋਂ ਕਾਇਮ ਹੋਏ ਅਸੂਲਾਂ ਦੀਆਂ ਧੱਜੀਆਂ ਉਡਾ ਦੇਣ ਵਾਲੀ ਲਹਿਰ ਹੈ। ਇਨਕਲਾਬ ਨਿਰਾਸ਼ਾ ਦਾ ਫਲਸਫਾ ਜਾਂ ਸਿਰਲੱਥਾ ਦਾ ਮੱਤ ਨਹੀਂ। ਇਹ ਇਕ ਸੰਜੀਵ ਵਾਸਤਵਿਕ ਸ਼ਕਤੀ ਹੈ, ਜਿਹੜੀ ਪੁਰਾਣੇ ਅਤੇ ਨਵੇਂ ਵਿਚਕਾਰ ਜੀਵਨ ਅਤੇ ਨਿਖਿੱਧ ਜੀਵਨ ਵਿਚ ਕਾਰ ਰੌਸ਼ਲੀ ਅਤੇ ਹਨੇਰ ਵਿਚਕਾਰ ਸਦੀਵੀ ਟੱਕਰ ਦੀ ਸੂਚਕ ਹੈ। ਇਲਕਲਾਬ ਤੋਂ ਬਿਨਾਂ ਕੋਈ ਇਕਸੁਰਤਾ ਨਹੀਂ। ਕੋਈ ਸੁਮੇਲ ਨਹੀਂ। ਕੋਈ ਲੈਅ ਨਹੀਂ। ਜਿਸ ’ਬ੍ਰਹਿਮੰਡੀ ਨਾਦ’ ਬਾਰੇ ਕਵੀਆਂ ਨੇ ਗਾਹਿਆ ਹੈ। ਉਹ ਇਕ ਅਵਾਸਵਿਕਤਾ ਰਹੇਗਾ, ਜੇ ਖਲਾਅ ਵਿਚੋਂ ਨਿਰੰਤਰ ਇਨਕਲਾਬ ਨੂੰ ਖਤਮ ਕਰ ਦਿੱਤਾ ਜਾਵੇ। ਇਨਕਲਾਬ ਵਿਵਸਥਾ ਹੈ, ਇਨਕਲਾਬ ਸੱਚ ਹੈ।

ਇਨਕਲਾਬ ਆਪਣੀ ਮੌਲਿਕ ਪਰਿਵਰਤਨ ਕਰਨ ਵਾਲੇ ਕਦਮ ਦੀ ਧਾਰਨਾ ਵਜੋਂ ਸਾਰਥਕਤਾ ਅਤੇ ਉਪਯੋਗਤਾ ਗੁਆ ਚੁੱਕੇ ਪੁਰਾਣੇ ਸਮ-ਾਜਿਕ ਪ੍ਰਬੰਧ ਲਈ ਇਕ ਵੰਗਾਰ ਹੈ।

ਆਮ ਤੌਰ ਤੇ ਇਨਕਲਾਬ ਨੂੰ ਹਿੰਸਾ, ਬੰਬ ਅਤ ਪਿਸਤੌਲ ਦੀ ਪੂਜਾ ਨਾਲ ਸੰਬੋਧਿਤ ਕੀਤਾ ਜਾਂਦਾ ਹੈ ਅਤੇ ਇਨਕਲਾਬੀਆਂ ਨੂੰ ਦਹਿਸ਼ਤਪਸੰਦ ਜਾਂ ਅਰਾਜਕਤਾਵਾਦੀ ਕਿਹਾ ਜਾਂਦਾ ਹੈ। ਵੱਖ-ਵੱਖ ਦਸਤਾਵੇਜ਼ਾਂ, ਖਤਾਂ ਅਤੇ ਨਿੱਜੀ ਯਾਦਾਂ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਦਾ ਹੈ ਕਿ ਇਨਕਲਾਬੀ ਦਹਿਸ਼ਤਪਸੰਦ ਨਹੀਂ ਹਨ। ਭਗਤ ਸਿੰਘ ਦੀ ਸਿਧਾਂਤਕ ਵਜੋਂ ਦਲੀਲ ਸੀ ਕਿ ਦਹਿਸ਼ਤਪਸੰਦੀ ਕਦੇ ਵੀ ਇਨਕਲਾਬੀਆਂ ਦਾ ਨਿਸ਼ਾਨਾ ਨਹੀਂ, ਨਾ ਹੀ ਉਹਨਾਂ ਦਾ ਵਿਸ਼ਵਾਸ ਹੈ ਕਿ ਇਕੱਲੀ ਦਹਿਸ਼ਤਪਸੰਦੀ ਹੀ ਇਨਕਲਾਬ ਲਿਆ ਸਕਦੀ ਹੈ। ਹੋਰਨਾਂ ਮੈਂਬਰਾਂ ਨੇ ਵੀ ਇਸ ਗੱਲੋਂ ਇਨਕਾਰ ਕੀਤਾ ਕਿ ਇਨਕਲਾਬ ਸਿਰਫ ਬੰਬ ਅਤੇ ਪਿਸਤੌਲ ਦੀ ਪੂਜਾ ਹੈ। ਲੈਨਿਨ ਦੇ ਸ਼ਬਦਾਂ ਵਿਚ ਅਸਲ ਵਿਚ ਇਨਕਲਾਬ ਦ ਾ
ਨਿਸ਼ਾਨਾ ਸਾਰੀ ਹਿੰਸਾ ਦਾ ਵਿਰੋਧ ਕਰਨਾ ਹੈ। ਇਸਦਾ ਨਿਸ਼ਾਨਾ ਸਮਾਜ ਵਿਚੋਂ ਅਨਿਆ, ਦਮਨ, ਹਿੰਸਾ ਅਤੇ ਖੂਨ-ਖਰਾਬੇ ਨੂੰ ਖਤਮ ਕਰਨਾ ਹੈ। ਹਿੰਸਾ ਅਨਿਆ ਕਰਨ ਲਈ ਵਰਤੀ ਜਾਂਦੀ ਭੌਤਿਕ ਸ਼ਕਤੀ ਹੈ। ਇਨਕਲਾਬ ਯਕੀਨਨ ਇਸਦੇ ਹੱਕ ਵਿਚ ਨਹੀਂ ਸਨ।

ਭਗਤ ਸਿੰਘ ਅਤੇ ਸਾਥੀਆਂ ਦਾ ਵਿਸ਼ਵਾਸ ਸੀ ਕਿ ਵਿਦੇਸ਼ੀ ਰਾਜ ਦਾ ਆਧਾਰ ਹਿੰਸਾ ਹੈ। ਉਹ ਇਸ ਉਪਰ ਸ਼ਕਤੀਸ਼ਾਲੀ ਧਾਵਾ ਬੋਲ ਕੇ ਇਸਨੂੰ ਖਤਮ ਕਰਨਾ ਚਾਹੁੰਦੇ ਸਨ। ਭਾਵੇਂ ਕਤਲ ਕਰਨ ਜਾਂ ਬੰਬ ਸੁੱਟਣ ਦੀ ਸ਼ਕਲ ਵਿਚ ਉਹਨਾਂ ਨੇ ਹਿੰਸਾ ਕੀਤੀ, ਪ੍ਰੰਤੂ ਉਹ ਇਸਨੂੰ ਆਪਣਾ ਨਿਸ਼ਾਨਾ ਕਦੇ ਵੀ ਨਹੀਂ ਸਮਝਦੇ ਸਨ। ਉਹਨਾਂ ਦੇ ਵਿਚਾਰ ਅਨੁਸਾਰ ਇਨਕਲਾਬੀ ਹਿੰਸਾ ਦਾ ਮਨੋਰਥ ਨੌਜਵਾਨਾਂ, ਮਜ਼ਦੂਰਾਂ ਅਤੇ ਕਿਸਾਨਾਂ ਦੇ ਮਨਾਂ ਵਿਚੋਂ ਅੱਤਿਆਚਾਰ, ਲੁੱਟ ਅਤੇ ਭਰਮਾਂ ਦੇ ਭੈਅ ਨੂੰ ਖਤਮ ਕਰਨਾ ਸੀ, ਕਿਉਂਕਿ ਨੌਜਵਾਨ ਅਤੇ ਕਿਸਾਨ ਇਨਕਲਾਬ ਦੇ ਸੰਭਾਵੀ ਸਮਰਥਕ ਸਨ।

ਭਗਤ ਸਿੰਘ ਯਸ਼ਪਾਲ ਅਤੇ ਬਾਕੀ ਸਾਥੀ ਦਹਿਸ਼ਤਪਸੰਦ ਅਤੇ ਇਨਕਲਾਬੀ ਵਿਚਕਾਰ ਫਰਕ ਸਮਝਦੇ ਸਨ। ਪ੍ਰੰਤੂ ਭਗਤ ਸਿੰਘ ਨੇ ਮੰਨਿਆ ਕਿ ਉਹ ਦਹਿਸ਼ਤਪਸੰਦ ਹੁੰਦੇ ਸਨ। ਬਾਅਦ ਵਿਚ ਜਦੋਂ ਭਗਤ ਸਿੰਘ ਦੇ ਰਾਸ਼ਟਰੀ ਪੱਧਰ ਤੇ ਵਿਚਾਰ ਪ੍ਰੌੜ੍ਹ ਹੋਏ ਤਾਂ ਉਹਨਾਂ ਬੰਬਾਂ ਤੇ ਪਿਸਤੌਲਾਂ ਉਤੇ ਪੂਰੀ ਨਿਰਭਰਤਾ ਨੂੰ ਨਾਮਨਜ਼ੂਰ ਕਰ ਦਿੱਤਾ। ਉਹਨਾਂ ਦਾ ਵਿਸ਼ਵਾਸ ਸੀ ਕਿ ਬੰਬ ਤੇ ਪਿਸਤੌਲ ਇਨਕਲਾਬ ਲਈ ਫਾਇਦੇਮੰਦ ਨਹੀਂ ਹੋਣਗੇ, ਸਗੋਂ ਨੁਕਸਾਨਦਾਇਕ ਹੋ ਸਕਦੇ ਹਨ। ਬੰਬਾਂ ਦੀ ਲੋੜ ਵਿਸ਼ੇਸ਼ ਪ੍ਰਸਥਿਤੀਆਂ ਵਿਚ ਹੀ ਹੋ ਸਕਦੀ ਹੈ। ਇਸ ਲਈ 8 ਅਪ੍ਰੈਲ 1020 ਨੂੰ ਉਹਨਾਂ ਵੱਲੋਂ ਅਸੈਂਬਲੀ ਬੰਬ ਇਕ ਲੋੜ ਅਤੇ ਸੋਚੀ ਵਿਚਾਰੀ ਵਿਉਂਤ ਸੀ। ਬੰਬ ਸੁੱਟਣ ਦੇ ਮਨੋਰਥ ਬਾਰੇ ਭਗਤ ਸਿੰਘ ਅਤੇ ਬੀ. ਕੇ. ਦੱਤ ਦਾ ਸਾਂਝਾ ਬਿਆਨ ਹੈ:-

ਅਸੀਂ ਅਸੈਂਬਲੀ ਦੇ ਫਰਸ਼ ਉਤੇ ਬੰਬ ਉਹਨਾਂ ਵੱਲੋਂ ਵਿਰੋਧ ਪ੍ਰਗਟ ਕਰਨ ਲਈ ਸੁੱਟੇ ਸਨ। ਜਿਨ੍ਹਾਂ ਕੋਲ ਆਪਦੇ ਦਿਲ-ਚੀਰਵੇਂ ਦਰਦ ਨੂੰ ਪ੍ਰਗਟ ਕਰਨ ਲਈ ਹੋਰ ਕੋਈ ਚਾਰਾ ਨਹੀਂ ਸੀ। ਸਾਡਾ ਇਕੋ ਇਕ ਮਨੋਰਥ ਬੋਲਿਆਂ ਨੂੰ ਸੁਣਾਉਣਾ ਅਤੇ ਲਾਪਰਵਾਹਾਂ ਨੂੰ ਵੇਲੇ ਸਿਰ ਚਿਤਾਵਨੀ ਦੇਣਾ ਸੀ।

ਦਹਿਸ਼ਤਪਸੰਦੀ ਭਗਤ ਸਿੰਘ ਅਤੇ ਇਨਕਲਾਬੀਆਂ ਦੇ ਸਿਧਾਂਤ ਦਾ ਇਕ ਹਿੱਸਾ ਸੀ। ਜੋ ਉਹਨਾਂ ਵਿਦੇਸ਼ੀ ਹਾਕਮਾਂ ਦੇ ਖਿਲਾਫ ਵਰਤੇ ਜਾਣ ਲਈ ਸੀ। ਜਿਨ੍ਹਾਂ ਉਤੇ ਦਲੀਲਾਂ ਅਪੀਲਾਂ ਅਤੇ ਸੰਵਿਧਾਨਕ ਅੰਦੋਲਨਾਂ ਦਾ ਕੋਈ ਅਸਰ ਨਹੀਂ ਹੁੰਦਾ ਸੀ। ਉਹ ਸਿਰਫ ਤਾਕਤ ਦੀ ਵਰਤੋਂ ਦੀ ਬੋਲੀ ਨੂੰ ਹੀ ਸਮਝਦੇ ਸਨ। ਲਾਲ ਰਾਮਸਰਨ ਦਾਸ ਦੀ ਕਾਵਿ-ਪੁਸਤਕ ’ਡਰੀਮਲੈਂਡ’ ਦੀ ਭੂਮਿਕਾ ਵਿਚ ਭਗਤ ਸਿੰਘ ਨੇ ਹਿੰਦੁਸਤਾਨ ਵਿਚ ਸਮਾਜਵਾਦੀ ਸਮਾਜ ਬਣਾਉਣ ਲਈ ਹਿੰਸਾ ਅਤੇ ਅਹਿੰਸਾ ਦੀ ਵਰਤੋਂ ਦੀ ਲੋੜ ਦੀ ਵਿਆਖਿਆ ਕੀਤੀ ਹੈ। ਇਨਕਲਾਬੀਆਂ ਦਾ ਹਮਲਾ ਕਦੇ ਵੀ ਕਿਸੇ ਵਿਅਕਤੀ ਦੇ ਖਿਲਾਫ ਨਹੀਂ ਸੀ, ਸਗੋਂ ਸੰਸਥਾ ਦੇ ਖਿਲਾਫ ਸੀ। ਭਗਤ ਸਿੰਘ ਤੇ ਬੀ. ਕੇ. ਦੰਤ ਨੇ ਅਸੈਂਬਲੀ ਬੰਬ ਕੇਸ ਵਿਚ ਸਾਂਝੇ ਬਿਆਨ ਰਾਹੀਂ ਸ਼ਖਸੀ ਦਹਿਸ਼ਤਪਸੰਦੀ ਬਾਰੇ ਆਪਣੀ ਨਾਪਸੰਦਗੀ ਜ਼ਾਹਿਰ ਕੀਤੀ ਹੈ।

ਮਨੁੱਖਤਾ ਨੂੰ ਪਿਆਰ ਕਰਨ ਵਿਚ ਅਸੀਂ ਕਿਸੇ ਤੋਂ ਘੱਟ ਨਹੀਂ। ਕਿਸੇ ਵਿਅਕਤੀ ਦੇ ਖਿਲਾਫ ਦੁਰਭਾਵਨਾ ਰੱਖਣਾ ਤਾਂ ਦੂਰ ਦੀ ਗੱਲ ਹੈ। ਅਸੀਂ ਜੀਵਨ ਨੂੰ ਇੰਨਾ ਪਵਿੱਤਰ ਸਮਝਦੇ ਹਾਂ, ਜਿਸਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਅਸੀਂ ਸ਼ਰਮਨਾਕ ਪੱਧਰ ਤੇ ਡਿੱਗੇ ਹੋਏ ਕੁਕਰਮੀ ਨਹੀਂ, ਨਾ ਹੀ ਅਸੀਂ ਦੇਸ਼ ਲਈ ਕਲੰਕ ਹਾਂ। ਜਿਵੇਂ ਨਕਲੀ ਚਮਨ ਲਾਲ ਸਮਾਜਵਾਦੀ ਨੇ ਸਾਡੇ ਬਾਰੇ ਕਿਹਾ ਹੈ, ਨਾ ਹੀ ਅਸੀਂ ਪਾਗਲ ਹਾਂ, ਜਿਵੇਂ ਲਾਹੌਰ ਦੇ ਟ੍ਰਿਬਿਊਨ ਅਤੇ ਹੋਰਾਂ ਦਾ ਵਿਸ਼ਵਾਸ ਹੈ।

ਇਸੇ ਤਰ੍ਹਾਂ ਅਸੈਂਬਲੀ ਹਾਲ ਵਿਚ ਸੁੱਟੇ ਗੁਲਾਬੀ ਪਰਚਿਆਂ ਵਿਚ ਖੂਨ-ਖਰਾਬੇ ਬਾਰੇ ਘਿਰਣਾ ਪ੍ਰਗਟ ਹੋਈ ਮਿਲਦੀ ਹੈ। ਇਹ ਇਕਬਾਲ ਕਰਦਿਆਂ ਸਾਨੂੰ ਬਹੁਤ ਅਫਸੋਸ ਹੋ ਰਿਹਾ ਹੈ ਕਿ ਸਾਨੂੰ ਮਨੁੱਖੀ ਲਹੂ ਵਹਾਉਣ ਲਈ ਮਜਬੂਰ ਹੋਣਾ ਪਿਆ ਹੈ। ਅਸੀਂ ਉਹ ਹਾਂ ਜੋ ਮਨੁੱਖੀ ਜੀਵਨ ਨੂੰ ਬਹੁਤ ਜ਼ਿਆਦਾ ਪਵਿੱਤਰ ਸਮਝਦੇ ਹਾਂ। ਜਿਹੜੇ ਇਕ ਅਜਿਹੇ ਸ਼ਾਨਦਾਰ ਭਵਿੱਖ ਦਾ ਸੁਪਨਾ ਲੈਂਦੇ ਹਾਂ। ਜਦੋਂ ਮਨੁੱਖ ਪੂਰੀ ਸ਼ਾਂਤੀ ਅਤੇ ਮੁਕੰਮਲ ਆਜ਼ਾਦੀ ਦਾ ਆਨੰਦ ਮਾਣੇਗਾ। ਪ੍ਰਭੂ ਮਹਾਨ ਇਨਕਲਾਬ ਦੀ ਵੇਦੀ ਤੇ ਵਿਅਕਤੀਆਂ ਦਾ ਬਲੀਦਾਨ ਲਾਜ਼ਮੀ ਹੈ। ਜਿਸਨੇ ਸਭ ਲਈ ਆਜ਼ਾਦੀ ਲਿਆਉਣੀ ਹੈ। ਮਨੁੱਖ ਦੁਆਰਾ ਮਨੁੱਖ ਦੀ ਲੁੱਟ ਨੂੰ ਅਸੰਭਵ ਬਣਾ ਦੇਣਾ ਹੈ।

’’ਇਨਕਲਾਬ ਜਿੰਦਾਬਾਦ’’

ਇਸ ਨਾਅਰੇ ਦਾ ਮਤਲਬ ਖੂਨ ਖਰਾਬਾ ਸਦਾ ਲਈ ਨਹੀਂ, ਸਗੋਂ ਪ੍ਰਚਾਰ ਸਮਾਜਿਕ ਅਤੇ ਸਿਆਸੀ ਤਰੱਕੀ ਲਈ ਇਨਕਲਾਬ ਲਿਆਉਣਾ ਹੈ। ਭਗਤ ਸਿੰਘ ਲਈ ਇਹ ਗੱਲ ਵਧੇਰੇ ਬੀਰਤਾ ਭਰੀ ਸੀ ਅਤੇ ਨੌਜਵਾਨਾਂ ਲਈ ਇਕ ਰੋਮਾਂਚਿਕ ਕਾਰਜ।

ਇਸ ਤਰ੍ਹਾਂ ਜੁਝਾਰ ਰਾਸ਼ਟਰਵਾਦੀ ਮਨੁੱਖੀ ਕਤਲ ਨੂੰ ਵਡਿਆਉਂਦੇ ਨਹੀਂ ਸਨ, ਸਗੋਂ ਇਨਕਲਾਬ ਦੀ ਚਾਲ ਨੂੰ ਤਿੱਖਾ ਕਰਨ ਅਤੇ ਨਵੇਂ ਯੁੱਗ ਦੀ ਪ੍ਰਭਾਤ ਦਾ ਐਲਾਨ ਕਰਨ ਲਈ ਉਹਨਾਂ ਨੂੰ ਅਜਿਹੇ ਕਰਨ ਲਈ ਮਜਬੂਰ ਹੋਣਾ ਪਿਆ ਸੀ।

# ਮੈਥੋਂ ਪਹਿਲਾਂ ਜਾਤ ਜਾ ਪਹੁੰਚੀ

ਜਦੋਂ ਤੋ ਮੈ ਹੈ ਸ਼ੁਰਤ ਸੰਭਾਲੀ, ਜਦੋਂ ਤੋਂ ਮੈਨੂੰ ਹੈ ਸੋਝੀ ਆਈ।
ਮੇਰੇ ਨਾਲ ਮੇਰੀ ਜਾਤ ਵੀ ਜੰਮੀ, ਨਾਲੋ ਨਾਲ ਔਕਾਤ ਵੀ ਜੰਮੀ।
ਫਲਾਣਾ ਫਲਾਣੀ ਜਾਤ ਦਾ ਬੰਦਾ, ਐਨੀ ਕੁ ਔਕਤਾ ਦਾ ਬੰਦਾ।
ਜਿਹੜੇ ਸ਼ਹਿਰ ਗਰਾਂ ਗਿਆ ਮੈਂ, ਜਿਹੜੇ ਦਫ਼ਤਰ ਸਰਾਂ ਗਿਆ ਮੈਂ,

ਮੈਥੋਂ ਪਹਿੱਲਾਂ ਜਾਤ ਜਾ ਪਹੁੰਚੀ। ਉਸਦੇ ਨਾਲ ਔਕਾਤ ਜਾ ਪਹੁੰਚੀ।
ਧਰਮ ਵੀ ਬਦਲੇ, ਕਰਮ ਵੀ ਬਦਲੇ, ਸ਼ਹਿਰ ਵੀ ਬਦਲੇ, ਦੇਸ਼ ਵੀ ਬਦਲੇ।
ਔਕਾਤ ਵੀ ਬਦਲੀ, ਕੁੱਲੀ ਕੋਠੀ ਕਾਰ ਤੇ ਕਪੜੇ, ਕਈ ਵਾਰੀ ਭੇਸ਼ ਵੀ ਬਦਲੇ।
ਜਿੱਥੇ ਜਾਂਦੇ, ਨਾਲ ਸਭ ਨਾਲਜਾਂਦਾ, ਬ੍ਰਾਹਮਣਵਾਦ ਦਾ ਜਹਿਰ ਫੈਲਾਇਆ।

ਜਿਹੜੇ ਸ਼ਹਿਰ ਗਰਾਂ ਗਿਆ ਮੈਂ, ਜਿਹੜੇ ਦਫ਼ਤਰ ਸਰਾਂ ਗਿਆ ਮੈਂ,
ਮੈਥੋਂ ਪਹਿੱਲਾਂ ਜਾਤ ਜਾ ਪਹੁੰਚੀ। ਉਸਦੇ ਨਾਲ ਔਕਾਤ ਜਾ ਪਹੁੰਚੀ।
ਕਿੰਨੇ ਤੇਜ ਸੰਚਾਰ ਦੇ ਸਾਧਨ, ਕਿੰਨੇ ਜਾਤੀਵਾਦ ਦੇ ਟਾਵਰ।
ਹਰ ਗ.ਲੀ, ਹਰ ਮੋੜ ਤੇ ਲੱਗੇ, ਸੱਥ ਚੌਰਾਹੇ ਸਿਗਨਲ ਜੱਗੇ,

ਕੰਨੋ ਕੰਨੀ ਖਬਰ ਪਹੁੰਚਾਉਦੇ, ਗਲੀ ਮੁਹੱਲੇ ਵਿੱਚ ਫੈਲਾਉਂਦੇ।
ਜਿਹੜੇ ਸ਼ਹਿਰ ਗਰਾਂ ਗਿਆ ਮੈਂ, ਜਿਹੜੇ ਦਫ਼ਤਰ ਸਰਾਂ ਗਿਆ ਮੈਂ,

ਮੈਥੋਂ ਪਹਿੱਲਾਂ ਜਾਤ ਜਾ ਪਹੁੰਚੀ। ਉਸਦੇ ਨਾਲ ਔਕਾਤ ਜਾ ਪਹੁੰਚੀ।
ਬਹੁਤ ਜਲੀਲ ਰਿਹਾ ਸੀ ਹੁੰਦਾ, ਦਿਲ ਵਿੱਚ ਦਰਦ ਲਕੋ ਨੀ ਹੁੰਦਾ।

ਇਤਿਹਾਸ ਦਾ ਜਾਣਕਾਰ ਨਹੀਂ ਸੀ, ਸਕੂਲਾਂ ਦੇ ਵਿੱਚ ਪਾਠ ਨਹੀਂ ਸੀ।
ਜੋ,ਸੱਚ ਸੁਣਾਉਂਦਾ, ਸੱਚ ਪੜਾਉਂਦਾ, ਐਥੋਂ ਤਕ ਕਿਉਂ ਬਾਤ ਜਾ ਪਹੁੰਚੀ
ਜਿਹੜੇ ਸ਼ਹਿਰ ਗਰਾਂ ਗਿਆ ਮੈਂ, ਜਿਹੜੇ ਦਫ਼ਤਰ ਸਰਾਂ ਗਿਆ ਮੈਂ,
ਮੈਥੋਂ ਪਹਿੱਲਾਂ ਜਾਤ ਜਾ ਪਹੁੰਚੀ। ਉਸਦੇ ਨਾਲ ਔਕਾਤ ਜਾ ਪਹੁੰਚੀ।

ਉੱਚੇ ਵੱਡੇ ਮਹਿਲ ਚੌਬਾਰੇ ਬਣ ਗਏ, ਕਾਰਾਂ ਅਤੇ ਕਾਰੋਬਾਰ ਵੀ ਬਣਗਏ,
ਸੰਤਰੀ, ਮੰਤਰੀ,ਜੱਜ, ਅਫਸਰ ਬਣਗਏ, ਧਰਮੀ ਕਰਮੀ ਸ਼ਹੀਦ ਵੀ ਬਣਗਏ।
ਜਾਤ ਅਤੇ ਔਕਾਤ ਨਾਂ ਟੁੱਟੀ, ਇਮਾਨਦਾਰੀ ਦੀ ਮਿਸ਼ਾਲ ਜੇ ਬਣਗਏ।
ਜਿਹੜੇ ਸ਼ਹਿਰ ਗਰਾਂ ਗਿਆ ਮੈਂ, ਜਿਹੜੇ ਦਫ਼ਤਰ ਸਰਾਂ ਗਿਆ ਮੈਂ,

ਮੈਥੋਂ ਪਹਿੱਲਾਂ ਜਾਤ ਜਾ ਪਹੁੰਚੀ। ਉਸਦੇ ਨਾਲ ਔਕਾਤ ਜਾ ਪਹੁੰਚੀ।
ਜਾਤ ਦੇ ਤੰਤਰ, ਲੁੱਟ ਦਾ ਤੰਤਰ, ਰਾਜ ਕਰਨ ਦੇ ਢੰਗ ਦਾ ਤੰਤਰ।
ਜਾਤ ਨੂੰ ਪਾੜੋ ਜਮਾਤ ਨੂੰ ਪਾੜੋ, ਝੂੱਠ ਫਰੇਬ ਨਾਲ ਜਿੱਤ ਦਾ ਤੰਤਰ।
ਧਰਮ ਤੋਂ ਲੁੱਟ ਤਕ ਦਾ ਤੰਤਰ, ਲੁੱਟ ਕਰਨ ਲਈ ਧਰਮ ਦਾ ਤੰਤਰ।

ਜਿਹੜੇ ਸ਼ਹਿਰ ਗਰਾਂ ਗਿਆ ਮੈਂ, ਜਿਹੜੇ ਦਫ਼ਤਰ ਸਰਾਂ ਗਿਆ ਮੈਂ,
ਮੈਥੋਂ ਪਹਿੱਲਾਂ ਜਾਤ ਜਾ ਪਹੁੰਚੀ। ਉਸਦੇ ਨਾਲ ਔਕਾਤ ਜਾ ਪਹੁੰਚੀ।
ਵਿਦੇਸ਼ੀ ਆਰੀਆ ਭਾਰਤ ਆਕੇ, ਭਾਰਤੀ ਨੀਚ ਅਛੂੱਤ ਬਣਾਏ।
ਧਨ ਧਰਤੀ ਜਲ ਜੰਗ.ਲ ਲੁੱਟੇ,ਤਰੱਕੀਆਂ ਅਤੇ ਸੰਸਾਧਨ ਰੋਕੇ।

ਗੋਰਿਆ ਸਾਨੂੰ ਸਕੂਲ ਦਿਖਾਇਆ, ਸੱਚ ਪੜ੍ਹਾਇਆ, ਸੱਚ ਸੁਣਾਇਆ।
ਜਿਹੜੇ ਸ਼ਹਿਰ ਗਰਾਂ ਗਿਆ ਮੈਂ, ਜਿਹੜੇ ਦਫ਼ਤਰ ਸਰਾਂ ਗਿਆ ਮੈਂ,
ਮੈਥੋਂ ਪਹਿੱਲਾਂ ਜਾਤ ਜਾ ਪਹੁੰਚੀ। ਉਸਦੇ ਨਾਲ ਔਕਾਤ ਜਾ ਪਹੁੰਚੀ।
ਬਾਬਾ ਸਾਹਿਬ ਪੜ੍ਹਦਾਂ ਤੇ ਕਹਿਨਾਂ, ਸੰਵਿਧਾਨ ਸਾਡਾ ਸਮਾਧਾਨ ਕਰਾਉਂਦੈ।

ਭਾਰਤੀ ਸਾਰੇ ਇੱਕ ਬਰਾਬਰ, ਕਮਜੋਰਾਂ ਲਈ ਖਾਸ ਪ੍ਰਬੰਧ ਕਰਾਂਉਂਦੈ।
ਕਾਨੂੰਨ ਪਾਲਣਾ ਸਭ ਲਈ ਇਕੋ, ਬੇਇਮਾਨ ਜੇ ਸਰਕਾਰ ਚਲਾਉਂਦਾ।
ਜਿਹੜੇ ਸ਼ਹਿਰ ਗਰਾਂ ਗਿਆ ਮੈਂ, ਜਿਹੜੇ ਦਫ਼ਤਰ ਸਰਾਂ ਗਿਆ ਮੈਂ,
ਮੈਥੋਂ ਪਹਿੱਲਾਂ ਜਾਤ ਜਾ ਪਹੁੰਚੀ। ਉਸਦੇ ਨਾਲ ਔਕਾਤ ਜਾ ਪਹੁੰਚੀ।

**ਇੰਜੀ, ਹਰਦੀਪ ਸਿੰਘ ਚੁੰਬਰ**

# ਕਹਿੰਦਾ, ਉੱਚੀ ਜਾਤ ਵਿੱਚ ਮੌਜ ਬੜੀ ਹੈ, ਬਿਨ ਮਤਲਵ ਦੇ ਰੋਅਬ ਬੜਾ ਹੈ

ਮੈਂ ਪਿੰਡੋਂ ਜਦ ਸ਼ਹਿਰ ਚ ਆਇਆ, ਖੁੱਲਾ ਅਜਾਦ ਜਿਹਾ ਮਹੌਲ ਮੈਂ ਪਾਇਆ।
ਪਿੰਡ ਸਾਡੇ ਸੀ ਅਸੀਂ ਵਿਹੜੇ ਵਾਲੇ, ਕਈ ਵਿਹੜੇ ਸਨ,ਦਸ ਕਿਹੜੇ ਵਾਲੇ।
ਮੈਥੋਂ ਵੀ ਸੀ ਕਈ ਪਹਿਲਾਂ ਆਏ, ਜਾਤ ਲੁਕਾਈ ਅਤੇ ਰੰਗ ਵਟਾਏ,
ਸੋਹਣੇ ਬਸਤਰ ਸੋਹਣਾ ਰਹਿਣਾ, ਜਾਤ ਲੁਕਾ ਕਹਿੰਦਾਸੋਹਬ ਬੜਾ ਹੈ।
**ਕਹਿੰਦਾ, ਉੱਚੀ ਜਾਤ ਵਿੱਚ ਮੌਜ ਬੜੀ ਹੈ,**
**ਬਿਨ ਮਤਲਵ ਦੇ ਰੋਅਬ ਬੜਾ ਹੈ।**

ਜਿਸ ਦੇ ਨਾਲ ਗੱਲਬਾਤ ਸੀ ਕਰਦੇ, ਹਰ ਕੋਈ ਬਰਾਬਰ ਸਮਝੇ,
ਜਿਸ ਦੇ ਜਾਕੇ ਕੋਲ ਸੀ ਬਹਿੰਦੇ, ਸਰੀਆਂ ਗੱਲਾਂ ਸੁਣਦੇ,ਕਹਿੰਦੇ।
ਜਰਾ ਜੀ ਜਾਤ ਦੀ ਭਿਣਕ ਜੇ ਲੱਗੇ, ਝੱਟਪਟ ਉਹ ਟੋਂਨ ਬਦਲਦੇ।
ਦਿਲ ਨੂੰ ਓਦੋਂ ਖੋ ਜਹੀ ਪੈਂਦੀ, ਜਿਉਂ ਲਗਾ ਇਹਨੂੰ ਚੋਭ ਬੜਾ ਹੈ।
**ਕਹਿੰਦਾ, ਉੱਚੀ ਜਾਤ ਵਿੱਚ ਮੌਜ ਬੜੀ ਹੈ,**
**ਬਿਨ ਮਤਲਵ ਦੇ ਰੋਅਬ ਬੜਾ ਹੈ।**

ਕਈ ਕੁਆਰੇ ਕਈ ਵਿਆਹੇ ਹੋਏ, ਬੱਚੇ ਬੱਚੀਆਂ ਵੱਡੇ ਹੋਏ।
ਉਹਨਾ ਨੂੰ ਕਦੀ ਜਾਤ ਨਹੀਂ ਦਸੀ, ਰਿਵਾਜ ਅਤੇ ਰੀਤ ਨੀ ਦਸੀ।
ਘਰ ਆਕੇ ਜਦੋ ਬੱਚੇ ਪੁੱਛਣ, ਮਾਂ,ਪਾਪਾ ਆਹ ਚਮਾਰ ਕੀ ਹੁੰਦਾ,
ਮਾਪਿਆਂ ਦਾ ਦਿਲ ਫਿਰ ਧੱਕ ਧੱਕ ਕਰਦਾ, ਸਕੂਲੇ ਗੰਦਾ ਮਹੌਲ ਬੜਾ ਹੈ।
**ਕਹਿੰਦਾ, ਉੱਚੀ ਜਾਤ ਵਿੱਚ ਮੌਜ ਬੜੀ ਹੈ,**
**ਬਿਨ ਮਤਲਵ ਦੇ ਰੋਅਬ ਬੜਾ ਹੈ।**

ਜਾਤ ਲੁਕਾਲੈ ਔਕਾਤ ਲੁਕਾਲੈ, ਬ੍ਰਾਹਮਣਵਾਦ ਤਾਂ ਨੰਗਾ ਕਰਦੂ।
ਕਿੱਥੇ ਲੁਕੇਂਗਾ ਖੱਡ ਚ ਜਾਕੇ, ਕਮਜੋਰ ਨੂੰ ਹੋਰ ਕਮਜੋਰ ਹੀ ਕਰਦੂ।
ਚੁੰਗਾ ਸੱਚ ਜੇ ਸਾਹਮਣੇ ਰਖਦੇਂ, ਤਕੜਾ ਹੋਕੇ ਅੱਗੇ ਖੜਜੇਂ,
ਭਾਈਚਾਰੇ ਨਾਲ ਸਾਂਝ ਬਣਾਕੇ, ਮਾਣ ਮਿਲੂ ਤੈਨੂੰ ਹੋਰ ਬੜਾ ਹੈ।
**ਕਹਿੰਦਾ, ਉੱਚੀ ਜਾਤ ਵਿੱਚ ਮੌਜ ਬੜੀ ਹੈ,**
**ਬਿਨ ਮਤਲਵ ਦੇ ਰੋਅਬ ਬੜਾ ਹੈ।**

ਝੂੱਠ ਫਰੇਬ ਦੀ ਜਿੰਦਗੀ ਨਾਲੋ, ਸੱਚ ਚੰਗਾ ਹੈ ਪੱਲੇ ਬੰਨ ਲੈ।
ਮੂਲ ਤੋਂ ਟੁੱਟਕੇ ਭਟਕ ਜਾਵੇਂਗਾ, ਧੋਖਾ ਦੇ ਧੋਖਾ ਹੀ ਖਾਵੇਂਗਾ।
ਆਪਣੇ ਤਾਂ ਆਪਣੇ ਹੀ ਨੇ ਹੁੰਦੇ, ਬੇਗਾਨੇ ਕਦੀ ਨੀ ਆਪਣੇ ਹੁੰਦੇ।
ਸ਼ੇਰਾਂ ਦੀ ਤਰਾਂ ਸ਼ੇਰ ਤੂੰ ਬਣ ਜਾ, ਜਿਦਾਂ ਕਾਂਸ਼ੀਰਾਮ ਸ਼ੇਰ ਖੜਾ ਹੈ।
**ਕਹਿੰਦਾ, ਉੱਚੀ ਜਾਤ ਵਿੱਚ ਮੌਜ ਬੜੀ ਹੈ,**
**ਬਿਨ ਮਤਲਵ ਦੇ ਰੋਅਬ ਬੜਾ ਹੈ।**

ਇੰਜੀ, ਹਰਦੀਪ ਸਿੰਘ ਚੁੰਬਰ
91-94636-01616



# ਆਸਟਰੇਲਿਆਈ ਸਿੱਖ ਖੇਡਾਂ 2021- ਪੰਜਾਬੀਆਂ ਦੇ ਖੇਡ ਇਤਿਹਾਸ ਦਾ ਇਕ ਨਿਵੇਕਲਾ ਪੰਨਾ

## 33ਵੀਆਂ ਆਸਟ੍ਰੇਲੀਆਈ ਸਿੱਖ ਖੇਡਾਂ ਪਰਥ ਵਿਖੇ 2-3-4 ਅਪ੍ਰੈਲ ਨੂੰ

ਖੇਡ ਮੈਦਾਨ ਬੋਲਦਾ ਹੈ



ਜਗਰੂਪ ਸਿੰਘ ਜਰਖੜ
98143-00722

ਆਸਟ੍ਰੇਲੀਅਨ ਸਿੱਖ ਖੇਡਾਂ ਦੀ ਸ਼ੁਰੂਅਤ 1988 ਤੋਂ ਹਾਕੀ ਮੁਕਾਬਲਿਆਂ ਨਾਲ ਹੋਈ ਸੀ ਪਿਛਲੇ 33 ਸਾਲ ਦੇ ਆਪਣੇ ਖੇਡ ਇਤਿਹਾਸ ਵਿੱਚ ਇਨ੍ਹਾਂ ਖੇਡਾਂ ਨੇ ਇਕ ਨਿਵੇਕਲਾ ਇਤਿਹਾਸ ਜੜ੍ਹਿਆ ਹੈ ਅਤੇ ਪੰਜਾਬੀਆਂ ਦੀ ਪਹਿਚਾਣ ਨੂੰ ਪੂਰੀ ਦੁਨੀਆਂ ਦੇ ਵਿੱਚ ਬਿਖੇਰਿਆ ਹੈ। ਆਸਟ੍ਰੇਲੀਅਨ ਸਿੱਖ ਖੇਡਾਂ ਜਿੱਥੇ ਆਪਣੇ ਸਿੱਖ ਭਾਈਚਾਰੇ ਨੂੰ ਇੱਕ ਮੰਚ ਉੱਤੇ ਇਕੱਠਾ ਕਰਦੀਆਂ ਹਨ ਉਥੇ ਨੌਜਵਾਨ ਪੀੜ੍ਹੀ ਨੂੰ ਖੇਡਾਂ ਪ੍ਰਤੀ ਉਤਸ਼ਾਹਤ ਕਰਦੀਆਂ ਹਨ ਇਨ੍ਹਾਂ ਖੇਡਾਂ ਦੇ ਆਯੋਜਨ ਨਾਲ ਪੰਜਾਬੀ ਭਾਈਚਾਰੇ ਦੀਆਂ ਆਸਟ੍ਰੇਲੀਆਈ ਸਰਕਾਰਾਂ ਨਾਲ ਜੁੜੀਆਂ ਕਈ ਸਮੱਸਿਆਵਾਂ ਵੀ ਹੱਲ ਹੁੰਦੀਆਂ ਹਨ ਸਿੱਖ ਕੌਮ ਇਸ ਲਈ ਵੀ ਵਧਾਈ ਦੀ ਪਾਤਰ ਹੈ ਕਿ ਵਿਸ਼ਵ ਪੱਧਰੀ ਓਲੰਪਿਕ ਖੇਡਾਂ ਦੇ ਮੁਕਾਬਲਿਆਂ ਤੋਂ ਬਾਅਦ ਕਿਸੇ ਕੌਮ ਨੇ ਓਲੰਪਿਕ ਖੇਡਾਂ ਦੀ ਤਰਜ਼ ਤੇ ਉੱਤੇ ਆਪਸੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਲਈ ਜੇਕਰ ਕੋਈ ਕਦਮ ਚੁੱਕਿਆ ਹੈ ਉਸਦਾ ਵੱਡਾ ਸਿਹਰਾ ਆਸਟ੍ਰੇਲੀਆ ਵਸਦੇ ਸਿੱਖ ਦੇ ਉੱਤੇ ਹੀ ਹੁੰਦੀਆਂ ਹਨ ਇਨ੍ਹਾਂ ਖੇਡਾਂ ਨੂੰ ਸਫਲ ਬਣਾਉਣ ਲਈ ਆਸਟ੍ਰੇਲੀਆ ਨੈਸ਼ਨਲ ਸਿੱਖ ਸਪੋਰਟਸ ਐਂਡ ਕਲਚਰਲ ਕੌਂਸਲ ਆਪਣਾ ਤਨ ਮਨ ਧਨ ਖੇਡਾਂ ਦੇ ਨੇਪਰੇ ਲਾ ਰਹੀ ਹੈ।ਕੌਂਸਲ ਦੇ ਪ੍ਰਧਾਨ ਗੁਰਦਰਸ਼ਨ ਸਿੰਘ ਕੈਲੇ ਸਕੱਤਰ ਅਮਰਜੀਤ ਸਿੰਘ ਪਾਬਲਾ ਮੀਡੀਆ ਅਤੇ ਸੱਭਿਆਚਰਕ ਕੋਆਰਡੀਨੇਟਰ ਮਨਜੀਤ ਸਿੰਘ ਬੋਪਾਰਾਏ ਅਤੇ ਉਨ੍ਹਾਂ ਦੀ ਪੂਰੀ ਖੇਡਾਂ ਦੀ ਕਾਮਯਾਬੀ ਲਈ ਦਿਨ ਰਾਤ ਇਕ ਕਰਕੇ ਕੰਮ ਕਰ ਰਹੀ ਹੈ। ਇਸ ਵਾਰ ਦੇ ਖੇਡ ਮੁਕਾਬਲਿਆਂ ਵਿੱਚ ਕਬੱਡੀ ਹਾਕੀ ਬਾਸਕਟਬਾਲ ਬੈਡਮਿੰਟਨ ਕ੍ਰਿਕਟ ਕੁਸ਼ਤੀਆਂ ਨੈੱਟਬਾਲ ਆਦਿ ਖੇਡਾਂ ਦੇ ਮੁਕਾਬਲੇ ਖੇਡਾਂ ਦਾ ਮੁੱਖ ਆਕਰਸ਼ਣ ਹੋਣਗੇ।

ਇਸ ਵਾਰ ਕੋਰੋਨਾ ਮਾਂਹਾਂਮਾਰੀ ਕਾਰਨ ਵਿਦੇਸ਼ੀ ਖਿਡਾਰੀਆਂ ਅਤੇ ਵਿਦੇਸ਼ੀ ਮਹਿਮਾਨਾਂ ਦੀ ਆਮਦ ਕਾਫੀ ਘਟੇਗੀ ਇਸ ਤੋਂ ਇਲਾਵਾ ਕੋਵਿਡ 2019 ਦੇ ਕਾਰਨ ਆਸਟ੍ਰੇਲੀਆ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਪਰਥ ਸਿੱਖ ਖੇਡਾਂ ਦੇ ਸੂਬਿਆਂ ਅਤੇ ਮੁਲਕਾਂ ਤੋਂ ਬੜੀ ਵੱਡੀ ਗਿਣਤੀ ਵਿੱਚ ਪੰਜਾਬੀ ਭਾਈਚਾਰਾ ਇਨ੍ਹਾਂ ਖੇਡਾਂ ਨੂੰ ਵੇਖਣ ਆਇਆ ਹੋਇਆ ਸੀ ਭਾਵੇਂ ਖੇਡ ਮੁਕਾਬਲੇ ਵੱਡੇ ਪੱਧਰ ਦੇ ਨਹੀਂ ਸਨ ਪਰ ਆਪਸੀ ਭਾਈਚਾਰਕ ਸਾਂਝ ਪਿਆਰ ਦੇ ਪੱਧਰ ਦੀ ਤਾਰੀਫ ਤਾਂ ਉੱਥੇ ਵੇਖਿਆਂ ਹੀ ਬਣਦੀ ਸੀ ਲੋਕ ਇਕ ਇਕ ਸਾਲ ਪਹਿਲਾਂ ਖੇਡਾਂ ਵੇਖਣ ਲਈ ਉਥੇ ਆਪਣੇ ਕਮਰੇ ਬੁੱਕ ਕਰਵਾਉਂਦੇ ਹਨ ਅਤੇ ਫਿਰ ਹਜ਼ਾਰਾਂ ਕਿਲੋਮੀਟਰ ਦਾ ਸਫ਼ਰ ਤੈਅ ਕਰਕੇ ਵੱਡੀ ਗਿਣਤੀ ਵਿਚ ਪਰਵਾਰਾਂ ਸਮੇਤ ਖੇਡਾਂ ਵੇਖਣ ਲਈ ਆਉਂਦੇ ਹਨ ਇਸ ਤੋਂ ਪਹਿਲਾਂ ਮੈਨੂੰ ਸਿਡਨੀ ਓਲੰਪਿਕ ਖੇਡਾਂ 2000 ਦੀ ਕਵਰੇਜ ਮੌਕੇ ਵੀ ਆਸਟਰੇਲਿਆਈ ਸਿੱਖ ਖੇਡਾਂ ਦੀ ਕਵਰੇਜ ਕਰਨ ਦਾ ਮੌਕਾ ਨਹੀਂ ਮਿਲਿਆ ਪਰ ਲੰਬੇ ਅਰਸੇ ਤੋਂ ਮੇਰੇ ਜ਼ਿਹਨ ਵਿੱਚ ਜ਼ਰੂਰ ਸੀ ਕਿ ਇੱਕ ਵਾਰ ਸਿੱਖ ਖੇਡਾਂ ਨੂੰ ਕਵਰ ਜ਼ਰੂਰ ਕਰਨਾ ਹੈ ਪਰ ਇਸ ਵਾਰ ਕਰੋਨਾ ਕਾਰਨ ਫਿਰ ਸਬੱਬ ਨਹੀਂ ਬਣਿਆ। ਆਸਟਰੇਲਿਆਈ ਸਿੱਖ ਖੇਡਾਂ ਦੀ ਤਰਜ਼ ਉੱਤੇ ਨਿਊਜ਼ੀਲੈਂਡ ਮੁਲਕਾਂ ਵਿੱਚ ਵਸਦੇ ਆ ਰਹੇ ਹਨ ਜੇਕਰ ਸਾਰੇ ਮੁਲਕ ਜਿੱਥੇ ਜਿੱਥੇ ਸਿੱਖ ਭਾਈਚਾਰਾ ਅਤੇ ਪੰਜਾਬੀ ਲੋਕ ਵੱਸਦੇ ਹਨ ਉਹ ਵਿਸ਼ਵ ਪੱਧਰ ਤੇ ਸਿੱਖ ਖੇਡ ਮੁਕਾਬਲਿਆਂ ਦੀ ਸ਼ੁਰੂਆਤ ਕਰਨ ਦੀ ਪਹਿਲਕਦਮੀ ਕਰਨ ਉਸ ਨਾਲ ਜਿੱਥੇ ਸਿੱਖਾਂ ਦੀ ਖੇਡ ਭਾਵਨਾ ਦੀ ਲਹਿਰ ਪੂਰੀ ਦੁਨੀਆਂ ਵਿੱਚ ਫੈਲੇਗੀ ਉਥੇ ਸਿੱਖਾਂ ਦੀ








ਭਾਈਚਾਰੇ ਨੂੰ ਜਾਂਦਾ ਹੈ 33 ਸਾਲ ਦਾ ਪੈਂਡਾ ਬਹੁਤ ਲੰਬਾ ਹੁੰਦਾ ਹੈ ਉਸ ਦਾ ਸਿਹਰਾ ਆਸਟ੍ਰੇਲੀਅਨ ਸਿੱਖ ਭਾਈਚਾਰੇ ਨੂੰ ਜਾਂਦਾ ਹੈ ਪਰ ਨਿਰਵਿਘਨ ਆਸਟ੍ਰੇਲੀਅਨ ਸਿੱਖ ਖੇਡਾਂ ਹਰ ਸਾਲ ਹੋ ਰਹੀਆਂ ਹਨ ਭਾਵੇਂ ਪਿਛਲੇ ਸਾਲ ਕੋਰੋਨਾ ਮਹਾਂਮਾਰੀ ਕਾਰਨ ਆਸਟ੍ਰੇਲੀਅਨ ਸਿੱਖ ਖੇਡਾਂ ਨਹੀਂ ਹੋ ਸਕੀਆਂ ਪਰ ਇਸ ਵਾਰ 33ਵੀਆਂ ਆਸਟ੍ਰੇਲੀਆ ਖੇਡਾਂ 2-3-4 ਅਪ੍ਰੈਲ 2021 ਨੂੰ ਆਸਟ੍ਰੇਲੀਆ ਦੇ ਸ਼ਹਿਰ ਪਰਥ ਦੇ ਕਾਰਟਨ ਖੇਡ ਸਟੇਡੀਅਮ ਵਿਖੇ ਹੋ ਰਹੀਆਂ ਹਨ ਇਹ ਖੇਡਾਂ ਹਰ ਸਾਲ ਈਸਟਰ ਵੀਕਐਂਡ ਸਹਿਯੋਗ ਵਜੋਂ ਬਾਕੀ ਸਟੇਟਾ ਆਪੋ ਆਪਣੇ ਸਹਿਰਾਂ ਦੇ ਵਿੱਚ ਸਿੱਖ ਖੇਡਾਂ ਕਰਵਾਉਣ ਗਏ ਜਿਸ ਤਰਾਂ ਨਿਊਸ ਸਾਊਥ ਵੇਲਜ ਦੀਆਂ ਸਿੱਖ ਖੇਡਾਂ 3 ਅਤੇ 4 ਅਪ੍ਰੈਲ ਨੂੰ ਸਿਡਨੀ ਕਿਊਨਜ਼ਲੈਂਡ ਦੀਆਂ ਸਿੱਖ ਖੇਡਾਂ 2 ਅਤੇ 3 ਅਪ੍ਰੈਲ ਨੂੰ ਇਸੇਤਰਾਂ ਦੂਜੇ ਸੂਬੇ ਵੀ ਇੰਨਾ ਤਰੀਕਾ ਵਿੱਚ ਹੀ ਪਰਥ ਸਿੱਖ ਖੇਡਾਂ ਨੂੰ ਸਮਰਪਿਤ ਹੋਕੇ ਪ੍ਰਬੰਧਕ ਆਪੋ ਆਪਣੇ ਸਹਿਰਾ ਵਿੱਚ ਖੇਡਾਂ ਕਰਵਾਉਣਗੇ।

ਮੈਨੂੰ 2019 ਵਿੱਚ ਜੂਨ ਮਹੀਨੇ ਗ੍ਰਿਫਿਥ ਸਹਿਰ ਦਾ ਸ਼ਹੀਦੀ ਖੇਡ ਮੇਲਾ ਵੇਖਣ ਦਾ ਮੌਕਾ ਮਿਲਿਆ ਸੀ ਵੱਖ ਵੱਖ ਵਾਲਿਆਂ ਨੇ ਵੀਸਿੱਖ ਖੇਡਾਂ ਦੇ ਮੁਕਾਬਲੇ ਕਰਵਾਉਣ ਦੀ ਸ਼ੁਰੂਆਤ ਕੀਤੀ ਹੈ ਪਿਛਲੀ ਵਾਰ ਉਨ੍ਹਾਂ ਨੇ ਖੇਡਾਂ ਦਾ ਸਫਲ ਆਯੋਜਨ ਕੀਤਾ ਇਸ ਤੋਂ ਇਲਾਵਾ ਇਕ ਵੱਡੇ ਸਪੋਰਟਸ ਕੰਪਲੈਕਸ ਦੀ ਵੀ ਸਥਾਪਨਾ ਕੀਤੀ ਹੈ।

ਨਿਊਜ਼ੀਲੈਂਡ ਦਾ ਸਿੱਖ ਭਾਈਚਾਰਾ ਇਸ ਬਦਲੇ ਵਧਾਈ ਦਾ ਪਾਤਰ ਹੈ ਹਾਲਾਂਕਿ ਇਸ ਤਰ੍ਹਾਂ ਦੀ ਸ਼ੁਰੂਆਤ ਇੰਗਲੈਂਡ ਕੈਨੇਡਾ ਜਾਂ ਅਮਰੀਕਾ ਵਾਲਿਆਂ ਨੂੰ ਪਹਿਲਾਂ ਕਰਨੀ ਚਾਹੀਦੀ ਸੀ ਕਿਉਂਕਿ ਸਿੱਖ ਬਹੁਤ ਸਮਾਂ ਪਹਿਲਾਂ ਤੋਂ ਹੀ ਉਨ੍ਹਾਂ ਪਹਿਚਾਣ ਦੀ ਮਹਿਕ ਵਿਸ਼ਵ ਪੱਧਰ ਤੇ ਹੋਰ ਮਜ਼ਬੂਤ ਹੋਵੇਗੀ। 33ਵੀਆਂ ਪਰਥ ਆਸਟਰੇਲਿਆਈ ਸਿੱਖ ਖੇਡਾਂ ਅਤੇ ਹੋਰਨਾਂ ਸ਼ਹਿਰਾਂ ਵਿੱਚ ਸਿੱਖ ਖੇਡਾਂ ਨੂੰ ਕਰਵਾਉਣ ਲਈ ਦਿੱਤੇ ਜਾ ਰਹੇ ਸਹਿਯੋਗ ਅਤੇ ਪ੍ਰਬੰਧਕਾਂ ਨੂੰ ਦੁਨੀਆਂ ਭਰ ਵਿੱਚ ਵਸਦੇ ਪੰਜਾਬੀ ਭਾਈਚਾਰੇ ਵੱਲੋਂ ਸਾਡੀਆਂ ਲੱਖ ਲੱਖ ਸ਼ੁਭਕਾਮਨਾਵਾਂ ਪਰਮਾਤਮਾ ਤੁਹਾਨੂੰ ਵੱਡੀਆਂ ਤਰੱਕੀਆਂ ਅਤੇ ਕਾਮਯਾਬੀਆਂ ਦੇਵੇ ਯਤਨ ਕਰਾਂਗੇ ਕਿ ਖੇਡ ਮੈਦਾਨ ਬੋਲਦਾ ਹੈ ਮੈਗਜ਼ੀਨ ਉੱਤੇ ਤਿੰਨੇ ਦਿਨ ਖੇਡ ਮੁਕਾਬਲਿਆਂ ਦੀ ਲਾਈਵ ਕਵਰੇਜ ਹੋਵੇ। ਰੱਬ ਰਾਖਾ!

# ਨਿਊਜ਼ੀਲੈਂਡ ਦੇ ਸਿੱਖਾਂ ਨੇ ਕੌਮ ਦੀ ਪੱਗ ਪੂਰੀ ਦੁਨੀਆਂ ਵਿੱਚ ਕੀਤੀ ਉੱਚੀ

## 11 ਏਕੜ ਵਿੱਚ 25 ਮਿਲੀਅਨ ਡਾਲਰ ਦੀ ਲਾਗਤ ਨਾਲ ਕੀਤਾ ਬਹੁਮੰਤਵੀ ਸਪੋਰਟਸ ਕੰਪਲੈਕਸ ਤਿਆਰ





ਸਿੱਖ ਦੁਨੀਆਂ ਵਿੱਚ ਜਿੱਥੇ ਵੀ ਗਏ ਨੇ ਹਰ ਜਗ੍ਹਾ ਇਨ੍ਹਾਂ ਨੇ ਆਪਣੀ ਵੱਖਰੀ ਦੁਨੀਆ ਵਸਾਈ ਹੈ ,ਆਪਣੇ ਕਾਰਨਾਮਿਆਂ ਨਾਲ ਪੰਜਾਬੀਆਂ ਨੇ ਹਰ ਜਗ੍ਹਾ ਤੇ ਕੌਮ ਨੂੰ ਵੱਡਾ ਨਾਮਣਾ ਦਿੱਤਾ ਅਤੇ ਪੂਰੀ ਦੁਨੀਆਂ ਦਾ ਧਿਆਨ ਸਿੱਖ ਫਲਸਫੇ ਵੱਲ ਖਿੱਚਿਆ ਹੈ ਅਜਿਹਾ ਹੀ ਕਾਰਨਾਮਾ ਨਿਊਜ਼ੀਲੈਂਡ ਵਿੱਚ ਵਸਦੇ ਸਿੱਖ ਭਾਈਚਾਰੇ ਨੇ ਕਰ ਵਿਖਾਇਆ ਹੈ ਕਿ ਜਦੋਂ ਸੁਪਰੀਮ ਸਿੱਖ ਸੁਸਾਇਟੀ ਨੇ ਪੰਜਾਬੀ ਭਾਈਚਾਰੇ ਦੇ ਸਹਿਯੋਗ ਦੇ ਨਾਲ ਆਕਲੈਂਡ ਦੇ ਸ਼ਹਿਰ ਟਾਕਾਨਿਨ੍ਹੀ ਵਿਖੇ 11ਏਕੜ ਦੇ ਵਿੱਚ ਅੰਤਰਰਾਸ਼ਟਰੀ ਪੱਧਰ ਦਾ ਬਹੁ ਮੰਤਵੀ ਮਲਟੀਪਰਪਜ਼ ਸਪੋਰਟਸ ਕੰਪਲੈਕਸ ਬਣਾਉਣ ਦਾ ਕਾਰਨਾਮਾ ਕਰ ਵਿਖਾਇਆ ਹੈ ਇਸ ਸਪੋਰਟਸ ਕੰਪਲੈਕਸ ਉਪਰ ਜ਼ਮੀਨ ਦੀ ਲਾਗਤ ਸਮੇਤ 25 ਮਿਲੀਅਨ ਡਾਲਰ ਦੇ ਕਰੀਬ ਖਰਚ ਆਇਆ ਹੈ। ਇਸ ਬਹੁਮੰਤਵੀ ਸਪੋਰਟਸ ਕੰਪਲੈਕਸ ਦਾ ਉਦਘਾਟਨ ਉੱਥੋਂ ਦੇ ਮੌਜੂਦਾ ਪ੍ਰਧਾਨ ਮੰਤਰੀ ਸ੍ਰੀਮਤੀ ਜੈਸਿੰਡਾ ਆਰਨ ਨੇ ਆਪਣੇ ਕਰ ਕਮਲਾਂ ਨਾਲ ਕੀਤਾ। ਇਸ ਸਮਾਗਮ ਵਿਚ ਵਿਰੋਧੀ ਧਿਰ ਦੇ ਆਗੂ ਜੂਡਿਥ ਕੋਲਿਨਜ਼ ਤੋਂ ਇਲਾਵਾ ਨਿਊਜ਼ੀਲੈਂਡ ਦੀਆਂ ਹੋਰ ਉੱਘੀਆਂ ਰਾਜਨੀਤਕ ਸਮਾਜਿਕ ਅਤੇ ਧਾਰਮਿਕ ਸ਼ਖਸੀਅਤਾਂ ਵੱਡੀ ਗਿਣਤੀ ਵਿਚ ਹਾਜ਼ਰ ਸਨ। ਸੁਪਰੀਮ ਸਿੱਖ ਸੁਸਾਇਟੀ ਦੇ ਮੁੱਖ ਬੁਲਾਰੇ ਡਾ ਦਲਜੀਤ ਸਿੰਘ ਨੇ ਆਏ ਮਹਿਮਾਨਾਂ ਅਤੇ ਸੰਗਤਾਂ ਨੂੰ ਜੀ ਆਇਆਂ ਆਖਿਆ ਅਤੇ ਸਿੱਖ ਫਲਸਫੇ ਤੋਂ ਜਾਣੂ ਕਰਵਾਇਆ। ਨਿਊਜ਼ੀਲੈਂਡ ਮੁਲਕ ਦੀ ਸਿਆਸਤ ਦੇ ਰਹਿਨੁਮਾ ਬੀਬਾ ਜੈਸਿੰਡਾ ਆਰਨ ਨੇ ਵੀ ਸਿੱਖ ਕੌਮ ਦੀ ਫਿਲਾਸਫੀ ਅਤੇ ਗੁਰੂਆਂ ਦੇ ਦਿੱਤੇ ਸਿਧਾਂਤਾਂ ਦੀ ਰੱਜ ਕੇ ਸ਼ਲਾਘਾ ਕੀਤੀ ਸਿੱਖਾਂ ਦੇ ਇਸ ਉੱਦਮ ਦੇ ਨਾਲ ਸਿੱਖ ਕੌਮ ਦੀ ਪਹਿਚਾਣ ਪੂਰੀ ਦੁਨੀਆ ਵਿਚ ਬਣੀ ਹੈ।

ਜਦੋਂ ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਸਿੱਖਾਂ ਦੇ ਵਡਮੁੱਲੇ ਕਾਰਜ ਦੀ ਤਾਰੀਫ਼ ਕਰ ਰਹੇ ਸੀ ਤਾਂ ਇੰਜ ਲੱਗ ਰਿਹਾ ਸੀ ਕਿ ਵਾਕਿਆ ਹੀ ਨਿਊਜ਼ੀਲੈਂਡ ਦੇ ਸਿੱਖਾਂ ਨੇ ਕੌਮ ਦੀ ਪੱਗ ਪੂਰੀ ਦੁਨੀਆ ਵਿਚ ਉੱਚੀ ਕਰ ਦਿੱਤੀ ਹੈ ਨਿਊਜ਼ੀਲੈਂਡ ਵਿੱਚ ਵਸਦਾ ਸਿੱਖ ਭਾਈਚਾਰਾ ਇਸ ਬਦਲੇ ਪੂਰੀ ਤਰ੍ਹਾਂ ਵਧਾਈ ਦਾ ਪਾਤਰ ਹੈ।

ਨਿਊਜ਼ੀਲੈਂਡ ਸੁਪਰੀਮ ਸਿੱਖ ਸੁਸਾਇਟੀ ਜੋ ਸਾਲ 1982 ਵਿੱਚ ਹੋਂਦ ਵਿੱਚ ਆਈ ਹੈ ਇਸ ਤੋਂ ਇਲਾਵਾ 1989 ਤੋਂ ਹੈਰੀਟੇਜ ਸਕੂਲ ਚਲਾ ਰਹੀ ਹੈ ਸੁਪਰੀਮ ਸਿੱਖ ਸੁਸਾਇਟੀ ਕਈ ਹੋਰ ਸਮਾਜ ਸੇਵੀ ਵਧੀਆ ਕੰਮ ਕਰ ਰਹੀ ਹੈ ਜੋ ਸਪੋਰਟਸ ਕੰਪਲੈਕਸ 11 ਏਕੜ ਦੇ ਵਿੱਚ ਉਸਾਰਿਆ ਗਿਆ ਹੈ ਉਸ ਦੇ ਵਿੱਚ ਫੀਫਾ ਤੋਂ ਮਾਨਤਾਪ੍ਰਾਪਤ ਫੁੱਟਬਾਲ ਗਰਾਊਂਡ ਅਤੇ ਐੱਫਆਈਐੱਚ ਦੀਆਂ ਸ਼ਰਤਾਂ ਪੂਰੀਆਂ ਕਰਦਾ ਹਾਕੀ ਗਰਾਊਂਡ, ਪੰਜਾਬੀਆਂ ਦੀ ਮਕਬੂਲ ਖੇਡ ਕਬੱਡੀ ਨਾਲ ਸੰਬੰਧਤ ਆਲੀਸ਼ਾਨ ਫਲੱਡ ਲਾਈਟਸ ਅਤੇ ਅਟੈਚ ਸਾਊਂਡ ਸਿਸਟਮ ਗਰਾਉਂਡ, 4 ਰਨਿੰਗ ਟ੍ਰੈਕ , ਨੈਟਬਾਲ, ਵਾਲੀਬਾਲ, ਬਾਸਕਟਬਾਲ ਅਤੇ ਹੋਰ ਖੇਡ ਮੈਦਾਨ, ਕਾਰ ਪਾਰਕਿੰਗ ਬਾਥਰੂਮ ਆਦਿ ਸਾਰੀਆਂ ਸਹੂਲਤਾਂ ਨਾਲ ਲੈਸ ਇਸ ਸਪੋਰਟਸ ਕੰਪਲੈਕਸ ਦੀ ਉਸਾਰੀ ਕੀਤੀ ਗਈ ਹੈ ਇਸ ਸਪੋਰਟਸ ਕੰਪਲੈਕਸ ਵਿੱਚ ਸਿੱਖ ਅਤੇ ਪੰਜਾਬੀ ਭਾਈਚਾਰੇ ਲਈ ਸ਼ਨਿੱਚਰਵਾਰ ਅਤੇ ਐਤਵਾਰ ਦੇ ਦਿਨਾਂ ਵਿੱਚ ਖੇਡਣ ਦੀ ਪਹਿਲ ਹੋਵੇਗੀ ਜਦਕਿ ਬਾਕੀ ਦਿਨਾਂ ਵਿੱਚ ਲੋਕਲ ਸਕੂਲਾਂ ਅਤੇ ਸਥਾਨਕ ਸੰਸਥਾਵਾਂ ਨੂੰ ਖੇਡਣ ਦਾ ਮੌਕਾ ਮਿਲੇਗਾ।

ਸੁਪਰੀਮ ਸਿੱਖ ਸੁਸਾਇਟੀ ਦਾ ਅਗਲਾ ਨਿਸ਼ਾਨਾ 16 ਤੋਂ 20 ਮਿਲੀਅਨ ਡਾਲਰ ਦੀ ਲਾਗਤ ਨਾਲ ਇਕ ਸਕੂਲ ਬਣਾਉਣਾ ਹੋਵੇਗਾ ਜਿਸ ਵਿੱਚ ਪੰਜਾਬੀ ਵਿਸ਼ਾ ਬੱਚਿਆਂ ਦੇ ਪੜ੍ਹਨ ਲਈ ਸਪੈਸ਼ਲ ਹੋਵੇਗਾ। 5 ਮਿਲੀਅਨ ਵਸੋਂ ਵਾਲੇ ਮੁਲਕ ਨਿਊਜ਼ੀਲੈਂਡ ਵਿੱਚ ਹਜ਼ਾਰਾ ਦੀ ਗਿਣਤੀ ਦੇ ਸਿੱਖਾਂ ਵੱਲੋਂ ਇਹ ਸਪੋਰਟਸ ਕੰਪਲੈਕਸ ਬਣਾਉਣ ਦਾ ਕਾਰਨਾਮਾ ਕਿਸੇ ਕ੍ਰਿਸ਼ਮੇ ਨਾਲੋਂ ਘੱਟ ਨਹੀਂ ਹੈ।

ਇਕ ਪਾਸੇ ਨਿਊਜ਼ੀਲੈਂਡ ਦੀ "ਬਿਗਾਨੀ ਧਰਤੀ ਤੇ ਅਸੀਂ ਉਸ ਧਰਤੀ ਤੇ ਬਿਗਾਨੇ ਲੋਕ" ਤੇ ਸਾਨੂੰ ਸਾਡੇ ਕੰਮ ਬਦਲੇ ਉੱਥੋਂ ਦੀਆਂ ਸਰਕਾਰਾਂ ਨੇ ਇੰਨਾ ਵੱਡਾ ਮਾਣ ਦਿੱਤਾ ਹੈ ਦੂਜੇ ਪਾਸੇ ਭਾਰਤ ਦੀ ਸਾਡੀ " ਆਪਣੀ ਧਰਤੀ ਅਤੇ ਸਾਡੇ ਆਪਣੇ ਲੋਕ " ਸਾਡਾ ਓਹ ਮੁਲਕ ਜਿਸਦੀ ਅਜ਼ਾਦੀ ਵਿੱਚ ਪੰਜਾਬੀਆਂ ਦੀਆਂ 90 ਪ੍ਰਤੀਸ਼ਤ ਕੁਰਬਾਨੀਆਂ ਕੀਤੀਆਂ ਹੋਣ, ਦੇਸ਼ ਦੀ ਖੇਤੀਬਾੜੀ ਅਤੇ ਆਰਥਿਕਤਾ ਮਜ਼ਬੂਤ ਕਰਨ ਵਿੱਚ ਪੰਜਾਬੀਆਂ ਦਾ 70 ਪ੍ਰਤੀਸ਼ਤ ਰੋਲ ਹੋਵੇ ਪਰ ਜਦੋਂ ਅਸੀਂ ਆਪਣੇ ਕਿਸੇ ਹੱਕ ਦੀ ਮੰਗ ਕਰੀਏ ਤਾਂ ਇੱਥੋਂ ਦੀਆਂ ਸਰਕਾਰਾਂ ਸਾਨੂੰ ਕਦੇ ਅੱਤਵਾਦੀ , ਕਦੇ ਵੱਖਵਾਦੀ , ਕਦੇ ਇਹ ਨਕਸਲਾਈਟ, ਕਦੇ ਖ਼ਾਲਿਸਤਾਨੀ ਕਹਿ ਕੇ ਪੂਰੀ ਦੁਨੀਆ ਵਿਚ ਭੰਡਦੇ ਹਨ ਪਰ, ਕਸੂਰ ਸਾਡਾ ਸਿਰਫ ਇਹੀ ਹੁੰਦਾ ਹੈ ਕਿ ਜਦੋਂ ਅਸੀਂ ਆਪਣਾ ਹੱਕ ਜਾਂ ਇਨਸਾਫ ਮੰਗ ਰਹੇ ਹੁੰਦੇ ਹਾਂ ਤੇ ਸਾਨੂੰ ਗੋਲੀਆਂ ਮਾਰਕੇ ਮਾਰ ਦਿੱਤਾ ਜਾਂਦਾ ਹੈ ਸਾਡਾ ਦਰਬਾਰ ਸਾਹਿਬ ਢਾਹ ਦਿੱਤਾ ਜਾਂਦਾ ਸਾਡਾ ਕਿਸਾਨ ਮਾਰ ਦਿੱਤਾ ਜਾਂਦਾ ਸਾਡੇ ਵੱਡੇ ਵਡੇਰੇ ਬਾਬਿਆਂ ਨੇ 1947 ਦਾ ਉਜਾੜਾ ਵੇਖਿਆ ਸੀ ਅਸੀਂ 1984 ਦੀ ਆਪਣੀ ਤਬਾਹੀ ਵੇਖੀ ਆਂ ਸਾਡੀ ਅਗਲੀ ਪੀੜ੍ਹੀ ਨੇ 2020 ਚ ਕਿਸਾਨੀ ਦੀ ਤਬਾਹੀ ਦੇਖੀ ਆਂ, ਪਰ ਖੁਸ਼ੀ ਇਸ ਗੱਲ ਦੀ ਹੈ ਕਿ ਸਾਡੀ ਇੱਕ ਪੀੜ੍ਹੀ ਨਿਊਜ਼ੀਲੈਂਡ ਵਿੱਚ ਸਿੱਖ ਫਲਸਫੇ ਤੇ ਪਹਿਰਾ ਦਿੰਦੀ ਹੋਈ ਹੱਕ ,ਸੱਚ, ਵਿਸਵਾਸ, ਪਿਆਰ ਦੀ ਜੰਗ ਜਿੱਤ ਰਹੀ ਹੈ ਅਤੇ ਕੌਮ ਦਾ ਨਾਮ ਪੂਰੀ ਦੁਨੀਆ ਵਿੱਚ ਰੋਸ਼ਨ ਕਰ ਰਹੀ ਹੈ ਪ੍ਰਮਾਤਮਾ ਕੈਨੇਡਾ ਅਮਰੀਕਾ ਆਸਟ੍ਰੇਲੀਆ ਅਤੇ ਹੋਰਨਾਂ ਮੁਲਕਾਂ ਵਿੱਚ ਜਿੱਥੇ ਸਿੱਖ ਵੱਸਦੇ ਨੇ, ਨੂੰ ਵੀ ਸੁਮੱਤ ਦੇਵੇ ਕਿ ਉਹ ਆਪੋ ਆਪਣੇ ਮੁਲਕਾਂ ਵਿੱਚ ਨਿਊਜ਼ੀਲੈਂਡ ਦੇ ਸਿੱਖਾਂ ਵਾਲਾ ਇਤਿਹਾਸ ਦਹਰਾਉਣ । ਦਾਤਾ ਸਿੱਖਾਂ ਤੇ ਰਹਿਮਤ ਰੱਖੇ, ਰੱਬ ਰਾਖਾ!

# ਸ੍ਰੀ 108 ਸੰਤ ਨਿਰੰਜਣ ਦਾਸ ਜੀ ਦੀ ਸਰਪ੍ਰਸਤੀ ਹੇਠ ਸਮੁੱਚੇ ਸੰਤ ਸਮਾਜ ਵੱਲੋਂ ਸੰਤ ਪ੍ਰਦੀਪ ਦਾਸ ਜੀ ਨੂੰ ਕੂਪੁਰ ਡੇਰੇ ਦਾ ਜਾਨਸ਼ੀਨ ਥਾਪਿਆ

## (ਬ੍ਰਾਹਮਲੀਨ ਸੰਤ ਸੁਰਿੰਦਰ ਦਾਸ ਜੀ ਨੂੰ ਦਿੱਤੀਆਂ ਸ਼ਰਧਾਂਜਲੀਆਂ)



ਸਤਪਾਲ ਸਾਹਲੋਂ
91- 98156-55071

ਡੇਰਾ ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ (ਜਲੰਧਰ) ਤੋਂ ਵਰੋਸਾਏ ਸੰਤ ਹਰੀ ਦਾਸ ਜੀ ਉਦਾਸੀਨ ਆਸ਼ਰਮ ਕੂਪੁਰ-ਦੇਪੁਰ (ਅੱਡਾ ਕਠਾਰ) ਦੇ ਸੰਚਾਲਕ ਸੰਤ ਸੁਰਿੰਦਰ ਦਾਸ ਜੀ ਬੀਤੀ 8 ਮਾਰਚ ਨੂੰ ਬ੍ਰਾਹਮਲੀਨ ਹੋ ਗਏ ਸਨ। ਮਿਤੀ 24 ਮਾਰਚ 2021 ਨੂੰ ਉਹਨਾਂ ਦਾ ਸ਼ਰਧਾਂਜਲੀ ਸਮਾਗਮ ਆਸ਼ਰਮ ਵਿਖੇ ਸ੍ਰੀ 108 ਸੰਤ ਨਿਰੰਜਣ ਦਾਸ ਜੀ ਗੱਦੀ ਨਸ਼ੀਨ ਡੇਰਾ ਸੱਚਖੰਡ ਬੱਲਾਂ ਦੀ ਸਰਪ੍ਰਸਤੀ ਹੇਠ ਆਯੋਜਿਤ ਕੀਤਾ ਗਿਆ, ਜਿਸ ਵਿਚ ਵੱਡੀ ਗਿਣਤੀ ਵਿਚ ਵੱਖ-ਵੱਖ ਡੇਰਿਆਂ ਤੋਂ ਸੰਤ ਮਹਾਂਪੁਰਸ਼, ਰਾਜਸੀ ਆਗੂ, ਸਮਾਜਿਕ ਆਗੂ ਤੇ ਸ਼ਰਧਾਲੂ ਸੰਗਤਾਂ ਨੇ ਸ਼ਿਰਕਤ ਕੀਤੀ ਤੇ ਬਹੁਤ ਹੀ ਸਤਿਕਾਰਿਤ ਸੰਤ, ਸਮਾਜਿਕ ਚੇਤਨਾ ਤੇ ਚਿੰਤਕ ਦੀ ਸੋਚ ਦੇ ਧਾਰਨੀ ਮਹਾਨ ਤਪੱਸਵੀ ਸੰਤ ਸੁਰਿੰਦਰ ਦਾਸ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਇਸ ਮੌਕੇ 'ਤੇ ਬੁਲਾਰਿਆਂ ਨੇ ਸੰਤ ਸੁਰਿੰਦਰ ਦਾਸ ਜੀ ਦੀਆਂ ਸਮਾਜ ਪ੍ਰਤੀ ਅਤੇ ਜਨਮ ਸਥਾਨ ਮੰਦਰ ਸੀਰਗੋਵਰਧਨਪੁਰ ਵਾਰਾਨਸੀ ਵਿਖੇ ਕੀਤੀਆਂ ਅਣਥੱਕ ਸੇਵਾਵਾਂ ਦਾ ਵਿਸਥਾਰ ਸਹਿਤ ਵਿਖਿਆਨ ਕੀਤਾ।

ਇਸ ਮੌਕੇ ਤੇ ਅੰਮ੍ਰਿਤਬਾਣੀ ਦੇ ਭੋਗ ਉਪਰੰਤ ਹੋਏ ਸਮਾਗਮਾਂ ਵਿਚ ਸੰਤ ਹਰੀ ਦਾਸ ਜੀ ਉਦਾਸੀਨ ਆਸ਼ਰਮ ਕੂਪੁਰ ਢੇਪੁਰ ਦੇ ਜਾਨਸ਼ੀਨ ਸੰਤ ਪਰਦੀਪ ਦਾਸ ਜੀ ਨੂੰ ਥਾਪਿਆ ਗਿਆ, ਜਿਹੜੇ ਕਿ ਪਿਛਲੇ 34 ਸਾਲ ਤੋਂ ਬ੍ਰਹਮਲੀਨ ਸੰਤ ਸੁਰਿੰਦਰ ਦਾਸ ਜੀ ਦੀ ਆਗਿਆ ਅਨੁਸਾਰ ਆਸ਼ਰਮ ਵਿਖੇ ਸੇਵਾਵਾਂ ਨਿਭਾਅ ਰਹੇ ਹਨ। ਡੇਰਾ ਸੱਚਖੰਡ ਬੱਲਾਂ ਤੋਂ ਇਲਾਵਾ ਵੱਖ-ਵੱਖ ਡੇਰਿਆਂ, ਸੰਪਰਦਾਵਾਂ ਤੇ ਸੰਤ ਸਮਾਜ ਵੱਲੋਂ ਦਸਤਾਰਾਂ ਭੇਂਟ ਕੀਤੀਆਂ ਤੇ ਦਸਤਾਰਬੰਦ ਕਰਵਾ ਕੇ ਜੈਕਾਰਿਆਂ ਦੀ ਗੂੰਜ ਵਿਚ ਸੰਤ ਪਰਦੀਪ ਦਾਸ ਜੀ ਨੂੰ ਬ੍ਰਹਮਲੀਨ ਸੰਤ ਸੁਰਿੰਦਰ ਦਾਸ ਜੀ ਦਾ ਜਾਨਸ਼ੀਨ ਥਾਪਿਆ। ਇਸ ਮੌਕੇ ਸੰਤ ਪਰਦੀਪ ਦਾਸ ਜੀ ਨੇ ਡੇਰਾ ਸੱਚਖੰਡ ਬੱਲਾਂ ਅਤੇ ਸਮੁੱਚੇ ਸੰਤ ਸਮਾਜ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੰਤ ਸਮਾਜ ਨੇ ਉਹਨਾਂ ਸਿਰ ਜਿਸ ਵਿਸ਼ਵਾਸ ਨਾਲ ਇਹ ਜ਼ਿੰਮੇਵਾਰੀ ਪਾਈ ਹੈ, ਉਹ ਉਸਨੂੰ ਬਾਖੂਬੀ ਨਿਭਾਉਣਗੇ ਤੇ ਸਭਨਾਂ ਦੇ ਵਿਸ਼ਵਾਸ ਤੇ ਪੂਰਾ ਉਤਰਨ ਦਾ ਯਤਨ ਕਰਨਗੇ। ਬ੍ਰਹਮਲੀਨ ਸੰਤ ਸੁਰਿੰਦਰ ਦਾਸ ਜੀ ਦੇ ਦਰਸਾਏ ਮਾਰਗ ਤੇ ਚਲਦੇ ਹੋਏ, ਉਹਨਾਂ ਵੱਲੋਂ ਚਲਾਏ ਕਾਰਜਾਂ ਨੂੰ ਅਗਾਂਹ ਵਧਾਉਣਗੇ।

ਇਯ ਮੌਕੇ ਤੇ ਸਜਾਏ ਦੀਵਾਨ ਵਿਚ ਗਿ. ਕਰਮ ਚੰਦ ਜੀ ਬਠਿੰਡਾ, ਗਿ. ਹਰਪਾਲ ਸਿੰਘ ਵਿਰਦੀ, ਗਿ. ਉਂਕਾਰ ਸਿੰਘ ਗੜ੍ਹਪਧਾਣਾ, ਗਿ. ਪਰਮਜੀਤ ਸਿੰਘ ਤੇ ਸੰਤ ਮਨਦੀਪ ਦਾਸ ਜੀ ਸਿਰਸਗੜ੍ਹ ਨੇ ਸੰਗਤਾਂ ਨੂੰ ਵੈਰਾਗਮਈ ਕੀਰਤਨ ਸਰਵਣ ਕਰਵਾਉਂਦੇ ਹੋਏ ਸੰਤਾਂ ਨਾਲ ਯਾਦਾਂ ਨੂੰ ਸਾਂਝਾ ਕੀਤਾ। ਸਤਪਾਲ ਸਾਹਲੋਂ ਨੇ ਸਟੇਜ ਦੀ ਭੂਮਿਕਾ ਨਿਭਾਉਂਦੇ ਹੋਏ ਬ੍ਰਹਮਲੀਨ ਸੰਤ ਸੁਰਿੰਦਰ ਦਾਸ ਜੀ ਦੇ ਜੀਵਨ ਬਾਰੇ ਸੰਖੇਪ ਜਾਣਕਾਰੀ ਦਿੱਤੀ।



ਇਸ ਮੌਕੇ ਤੇ ਸਰਵਸ੍ਰੀ 108 ਸੰਤ ਨਿਰੰਜਣ ਦਾਸ ਜੀ ਡੇਰਾ ਸੱਚਖੰਡ ਬੱਲਾਂ ਤੋਂ ਇਲਾਵਾ ਸੰਤ ਗੁਰਬਚਨ ਦਾਸ ਜੀ ਚੱਕਲਾਦੀਆਂ, ਸੰਤ ਗੁਰਦੀਪ ਗਿਰੀ ਜੀ ਪਠਾਨਕੋਟ, ਸੰਤ ਨਿਰਮਲ ਦਾਸ ਜੀ ਬਾਬਾ ਜੌੜੇ, ਸੰਤ ਕੁਲਵੰਤ ਰਾਮ ਜੀ ਭਰੋਮਜਾਰਾ, ਸੰਤ ਮਹਿੰਦਰਪਾਲ ਜੀ ਪੰਡਵਾ, ਸੰਤ ਜਸਵਿੰਦਰ ਸਿੰਘ ਡਾਂਡੀਆਂ, ਸੰਤ ਨਿਰਮਲ ਦਾਸ ਜੀ ਆਵਾਦਾਨ, ਸੰਤ ਬੀਬੀ ਤਾਰੋ ਜੀ ਬਹਿਰਾਮ, ਸੰਤ ਹਰਚਰਨ ਦਾਸ ਜੀ ਸ਼ਾਮਚੁਰਾਸੀ, ਸੰਤ ਲੇਖ ਰਾਜ ਜੀ ਨੂਰਪੁਰ, ਸੰਤ ਬੀਬੀ ਸ਼ਰੀਫਾਂ ਜੀ ਉਦੇਸੀਆਂ, ਸੰਤ ਸੁਖਵਿੰਦਰ ਦਾਸ ਜੀ ਢੱਡੇ, ਸੰਤ ਪ੍ਰੀਤਮ ਦਾਸ ਜੀ ਸੰਗਤਪੁਰ, ਸਾਈ ਬਾਬਾ ਪੱਪਲਸ਼ਾਹ ਜੀ ਭਰੋਮਜਾਰਾ, ਸੰਤ ਸਵਾਮੀ ਰਮੇਸ਼ਵਰਾਨੰਦ ਜੀ ਰਣੀਆਂ, ਸਵਾਮੀ ਵਿਗਿਆਨਾ ਨੰਦ ਜੀ ਦਿਵਿਆ ਜੋਤੀ ਨੂਰਮਹਿਲ, ਸੰਤ ਗੋਪਾਲਾ ਨੰਦ ਜੀ ਪੱਸੀ ਵਾਲੇ, ਸੰਤ ਸਤਨਾਮ ਦਾਸ ਜੀ ਮਹਿਦੂਦ, ਸੰਤ ਮੱਖਣ ਦਾਸ ਜੀ ਜਗਪੁਰ, ਸੰਤ ਪਰਮਜੀਤ ਦਾਸ ਜੀ ਨਗਰ, ਸੰਤ ਜਗਦੀਸ਼ ਗਿਰੀ ਜੀ ਪਲੋਟਾ ਸਾਹਿਬ, ਸੰਤ ਫਕੀਰ ਦਾਸ ਜੀ ਤੰਦਵਾਲੀ ਹਰਿਆਣਾ, ਸੰਤ ਜਸਪਾਲ ਸਿੰਘ ਜੀ ਉਤਰਾ, ਸੰਤ ਹਰੀ ਓਮ ਜੀ ਮਾਹਿਲਪੁਰ, ਸੰਤ ਅਮਰੀਕ ਦਾਸ ਜੀ ਨਰੂੜ, ਸੰਤ ਬੀਬੀ ਕੁਲਦੀਪ ਕੌਰ ਜੀ ਮਹਿਨਾ, ਸੰਤ ਭੋਲਾ ਦਾਸ ਜੀ ਕਬੀਰ ਪੰਥੀ, ਸੰਤ ਦੇਸ ਰਾਜ ਜੀ ਦਰਾਵਾਂ, ਸੰਤ ਗੁਰਮੁਖ ਸਿੰਘ ਜੀ ਸਾਹਰੀ, ਸੰਤ ਸੀਤਲ ਦਾਸ ਜੀ ਕਾਲੇਵਾਲ ਭਗਤਾਂ, ਸੰਤ ਅਮਰੀਕ ਦਾਸ ਜੀ ਜਗਤਪੁਰ, ਸੰਤ ਦਿਨੇਸ਼ ਗਿਰੀ ਜੀ ਹੁਸ਼ਿਆਰਪੁਰ, ਸੰਤ ਜਗਤਾਰ ਸਿੰਘ ਜੀ ਕੋਟ ਫਤੂਹੀ, ਸੰਤ ਇੰਦਰਦਾਸ ਜੀ ਮੇ-ਘੋਵਾਲ ਆਦਿ ਅੱਧਾ ਸੈਂਕੜਾ ਤੋਂ ਵੱਧ ਸੰਤ ਭੇਖ ਭਗਵਾਨ ਨੇ ਬ੍ਰਹਮਲੀਨ ਸੰਤ ਸੁਰਿੰਦਰ ਦਾਸ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ।

ਇਸ ਮੌਕੇ ਤੇ ਰਾਜਸੀ ਆਗੂਆਂ ਵਿਚ ਸ. ਸਮਸ਼ੇਰ ਸਿੰਘ ਦੂਲੋਂ ਮੈਂਬਰ ਪਾਰਲੀਮੈਂਟ, ਜਸਵੀਰ ਸਿੰਘ ਗੜ੍ਹੀ ਪ੍ਰਧਾਨ ਬਸਪਾ ਪੰਜਾਬ, ਚਰਨਜੀਤ ਸਿੰਘ ਅਟਵਾਲ ਸਾਬਕਾ ਸਪੀਕਰ, ਚੌ. ਸੰਤੋਖ ਸਿੰਘ ਐਮ. ਪੀ., ਮਹਿੰਦਰ ਸਿੰਘ ਕੇ. ਪੀ., ਹਲਕਾ ਵਿਧਾਇਕ ਪਵਨ ਕੁਮਾਰ ਵੀਨੂ, ਸਰਵਣ ਸਿੰਘ ਫਿਲੌਰ ਸਾਬਕਾ ਮੰਤਰੀ, ਜੋਗਿੰਦਰ ਸਿੰਘ ਮਾਨ, ਸਾਬਕਾ ਵਿਧਾਇਕ ਅਵਿਨਾਸ਼ ਚੰਦਰ ਤੇ ਦੇਸ ਰਾਜ ਧੁੱਗਾ, ਐਡਵੋਕੇਟ ਹਰਪਾਲ ਸਿੰਘ ਚੀਮਾ ਵਿਰੋਧੀ ਧਿਰ ਦੇ ਨੇਤਾ ਪੰਜਾਬ ਵਿਧਾਨ ਸਭਾ, ਡਾ. ਸ਼ਿਵ ਦਿਆਲ ਜਲੰਧਰ, ਬਲਵੰਤ ਭਾਟੀਆ, ਬਲਵਿੰਦਰ ਕੁਮਾਰ ਬਸਪਾ ਆਦਿ, ਦਰਸ਼ਨ ਰਾਮ ਜੇਠੂ ਮਜਾਰਾ, ਸੇਠ ਸੱਤਪਾਲ ਆਦਿ ਨੇ ਸੰਗਤਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ।

ਇਸ ਸ਼ਰਧਾਂਜਲੀ ਸਮਾਗਮ ਵਿਚ ਸਰਵਸ੍ਰੀ ਕਿਸ਼ੋਰ ਕੁਮਾਰ ਜੱਜ, ਮਨੋਹਰ ਲਾਲ ਤਹਿਸੀਲਦਾਰ, ਮੈਡਮ ਸੰਤੋਸ਼ ਕੁਮਾਰੀ, ਡਾ. ਰਵੀ ਕੁਮਾਰ, ਡਾ. ਮਿਨਾਕਸ਼ੀ, ਡਾ. ਨੰਦਾ ਜੀ, ਡਾ. ਜਗਦੀਸ਼ ਚੰਦਰ, ਡਾ. ਸੁਖਵੀਰ ਸਿੰਘ ਸਲਾਰਪੁਰੀ, ਰਮੇਸ਼ ਕੌਲ, ਪੀ. ਡੀ. ਸਾਂਤ, ਨਰਿੰਦਰ ਬੰਗਾ, ਕੁਲਦੀਪ ਚੁੰਬਰ, ਮਹਿੰਦਰ ਮਹੇੜੂ, ਵਿਜੇ ਕੁਮਾਰ ਅਹੀਰ, ਆਂਸੂ ਚੋਪੜਾ, ਪ੍ਰਸ਼ੋਤਮ ਦਾਦਰਾ, ਮਨਜੀਤ ਬੱਲਾਂ, ਸੁੱਖੀ ਬੱਲਾਂ, ਜਸਵਿੰਦਰ ਬੱਲਾਂ, ਸਤਪਾਲ ਵਿਰਦੀ ਐਡਵੋਕੇਟ, ਨਿਰੰਜਣ ਚੀਮਾ, ਪਾਖਰ ਸਿੰਘ, ਬਾਬੂ ਤਰਸੇਮ ਲਾਲ, ਰੌਸ਼ਨ ਲਾਲ ਛੋਕਰਾਂ, ਮਾਸਟਰ ਮਹਿਮੀ, ਧਰਮਦਾਸ ਬੱਲਾਂ, ਗਿ. ਮੇਹ ਸਿੰਘ, ਸੰਸਾਰ ਚੰਦ ਬਿਆਸ ਪਿੰਡ, ਡੀ. ਸੀ. ਭਾਟੀਆ, ਸਤੀਸ਼ ਕੁਮਾਰ ਸ਼ਾਮਚੁਰਾਸੀ, ਜਸਵਿੰਦਰ ਸਿੰਘ, ਆਰ. ਐਲ. ਸੌਂਧੀ, ਸਤਪਾਲ ਸਾਹਲੋਂ, ਮਨੋਹਰ ਬੈਂਸ, ਸਲਾਗ ਰਾਮ ਪਟਵਾਰੀ, ਰਾਜੇਸ਼ ਲੀਹਲ, ਕਮਲੇਸ਼ ਰਾਣੀ, ਮਹਿੰਦਰ ਪਾਲ ਕਾਨੂੰਨਗੋ, ਦਿਲਬਾਗ ਰਾਮ ਪਰਸਪੁਰ, ਰਾਮ ਜੀਤ ਡਾਡਾ ਆਦਿ ਵੀ ਹਾਜ਼ਰ ਸਨ। ਸ਼ਰਧਾਂਜਲੀ ਸਮਾਗਮ ਵਿਚ ਸਮੂਹਿਕ ਸ਼ਾਦੀ ਸਮਾਰੋਹ ਪ੍ਰਬੰਧਕ ਕਮੇਟੀ ਦੇ ਸਮੂਹ ਮੈਂਬਰਾਂ ਦਾ ਵਿਸ਼ੇਸ਼ ਯੋਗਦਾਨ ਰਿਹਾ।

> ਸੰਤ ਪਰਦੀਪ ਦਾਸ ਜੀ ਦਾ ਜਨਮ ਪਿੰਡ ਮਾਣਕੋ ਵਿਖ ਪਿਤਾ ਰਾਮ ਪ੍ਰਤਾਪ ਤੇ ਮਾਤਾ ਜੋਗਿੰਦਰ ਕੌਰ ਦੇ ਗ੍ਰਹਿ ਵਿਖੇ ਹੋਇਆ। ਆਪ ਜਨਮ ਤੋਂ ਹੀ ਡੇਰਾ ਸੱਚਖੰਡ ਬੱਲਾਂ ਦੇ ਨਾਲ ਜੁੜੇ ਰਹੇ। ਬ੍ਰਹਮਲੀਨ ਸਵਾਮੀ ਸਰਵਣ ਦਾਸ ਜੀ, ਸੰਤ ਹਰੀ ਦਾਸ ਜੀ, ਸੰਤ ਗਰੀਬ ਦਾਸ ਜੀ, ਗੱਦੀ ਨਸ਼ੀਨ ਸੰਤ ਨਿਰੰਜਣ ਦਾਸ ਜੀ ਦਾ ਪਿਆਰ ਸਤਿਕਾਰ ਮਿਲਦਾ ਰਿਹਾ। ਬ੍ਰਹਮਲੀਨ ਸੰਤ ਗਰੀਬ ਦਾਸ ਜੀ ਪਾਸੋਂ ਨਾਮ ਦੀ ਦਾਤ ਪ੍ਰਾਪਤ ਕੀਤੀ। ਡੇਰਾ ਸੱਚਖੰਡ ਬੱਲਾਂ ਵਿਖੇ ਸੇਵਾਵਾਂ ਤੇ ਜਨਮ ਸਥਾਨ ਮੰਦਰ ਵਾਰਾਨਸੀ ਵਿਖੇ ਸੇਵਾਵਾਂ ਨਿਭਾਈਆਂ। 1987 ਤੋਂ ਸੰਤ ਗਰੀਬ ਦਾਸ ਜੀ ਦੇ ਹੁਕਮਾਂ ਮੁਤਾਬਕ ਬ੍ਰਹਮਲੀਨ ਸੰਤ ਸੁਰਿੰਦਰ ਦਾਸ ਜੀ ਨਾਲ ਲਗਾਤਾਰ ਸੇਵਾਵਾਂ ਨਿਭਾਅ ਰਹੇ ਹਨ। ਸੰਤਾਂ ਮਹਾਂਪੁਰਸ਼ਾਂ ਨੇ ਵੱਡੀ ਜ਼ਿੰਮੇਵਾਰੀ ਦਿੰਦੇ ਹੋਏ ਆਸ਼ਰਮ ਦੇ ਸੰਚਾਲਨ ਦੀ ਜ਼ਿੰਮੇਵਾਰੀ ਸੌਂਪੀ ਹੈ।

# ਬ੍ਰਹਮਲੀਨ ਸੰਤ ਸੁਰਿੰਦਰ ਦਾਸ ਜੀ

ਸਤਪਾਲ ਸਾਹਲੋਂ

ਸੰਤ ਹਰੀ ਦਾਸ ਜੀ ਉਦਾਸੀਨ ਆਸ਼ਰਮ ਕੂਪੁਰ-ਢੇਪੁਰ (ਅੱਡਾ ਕੁਠਾਰ) ਡੇਰਾ ਸੱਚਖੰਡ ਬੱਲਾਂ ਤੋਂ ਵਰੋਸਾਇਆ ਆਸ਼ਰਮ ਹੈ, ਜਿਸ ਦੇ ਸੰਚਾਲਨ ਦੀ ਮੁੱਖ ਜ਼ਿੰਮੇਵਾਰੀ ਸੰਤ ਸੁਰਿੰਦਰ ਦਾਸ ਜੀ ਨੂੰ ਮਹਾਂਪੁਰਸ਼ਾਂ ਵੱਲੋਂ ਸੌਂਪੀ ਗਈ। 1979 ਵਿਚ ਸਥਾਪਤ ਕੀਤੇ ਇਸ ਆਸ਼ਰਮ ਦਾ ਨਾਮ ਡੇਰਾ ਸੱਚਖੰਡ ਬੱਲਾਂ ਦੇ ਤੀਜੇ ਗੱਦੀ ਨਸ਼ੀਨ ਬ੍ਰਹਮਲੀਨ ਸੰਤ ਹਰੀ ਦਾਸ ਜੀ ਦੇ ਨਾਮ ਤੇ ਰੱਖਿਆ ਗਿਆ। ਸੰਤ ਸੁਰਿੰਦਰ ਦਾਸ ਜੀ ਨੂੰ ਜਦੋਂ ਇਹ ਵੱਡੀ ਜ਼ਿੰਮੇਵਾਰੀ ਸੌਂਪੀ ਗਈ ਤਾਂ ਉਦੋਂ ਉਹਨਾਂ ਦੀ ਉਮਰ ਸਿਰਫ 20 ਸਾਲ ਦੀ ਹੀ ਸੀ ਤੇ ਇਹਨਾਂ ਨੇ ਸੰਤ ਹਰੀ ਦਾਸ ਜੀ ਵੱਲੋਂ ਇਸ ਜ਼ਿੰਮੇਵਾਰੀ ਨੂੰ ਬਾਖੂਬੀ ਨਿਭਾਉਂਦੇ ਹੋਏ ਸੰਗਤਾਂ ਨੂੰ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਅਤੇ ਵਿਚਾਰਧਾਰਾ ਨਾਲ ਜੋੜਦੇ ਹੋਏ ਡੇਰਾ ਸੱਚਖੰਡ ਬੱਲਾਂ ਨਾਲ ਜੋੜਿਆ। ਆਸ਼ਰਮ ਨੂੰ ਚੜ੍ਹਦੀ ਕਲਾ ਵਿਚ ਲਿਜਾਉਣ ਲਈ ਪੱਕੇ ਸਿਰੜ ਨਾਲ ਅਣਥੱਕ ਮਿਹਨਤ ਕੀਤੀ ਅਤੇ ਸਤਿਗੁਰਾਂ ਦੀ ਪੱਤ ਰੱਖਦੇ ਹੋਏ ਕਾਰਜ ਕੀਤੇ ਤੇ ਸੰਗਤਾਂ ਦੀ ਸੇਵਾ ਤੇ ਸਿਮਰਨ ਕੀਤਾ।

ਸੰਤ ਸੁਰਿੰਦਰ ਦਾਸ ਜੀ ਦਾ ਜਨਮ 8 ਫਰਵਰੀ 1960 ਨੂੰ ਪਿੰਡ ਅਰਜਨਵਾਲ ਨੇੜੇ ਆਦਮਪੁਰ ਵਿਖੇ ਪਿਤਾ ਸਤਿਕਾਰਯੋਗ ਪੂਰਨ ਚੰਦ ਜੀ ਦੇ ਗ੍ਰਹਿ ਵਿਖੇ ਮਾਤਾ ਸਤਿਕਾਰਯੋਗ ਕਰਮ ਕੌਰ ਜੀ ਦੀ ਕੁੱਖੋਂ ਹੋਇਆ। ਆਪ ਜੀ ਦੇ ਚਾਰ ਭਰਾ ਸ੍ਰੀਮਾਨ ਚਮਨ ਲਾਲ ਜੀ, ਸਰਵਣ ਸਿੰਘ ਜੀ, ਮੋਹਨ ਲਾਲ ਜੀ, ਸੁਰਿੰਦਰ ਦਾਸ ਜੀ ਹਨ ਅਤੇ ਦੋ ਭੈਣਾਂ ਸੁਰਜੀਤ ਕੌਰ ਤੇ ਸੱਤਿਆ ਦੇਵੀ ਹਨ। ਆਪ ਬਚਪਨ ਵਿਚ ਹੀ ਉਤਰ ਪ੍ਰਦੇਸ਼ ਦੇ ਪਿੰਡ ਗੰਗਾਪੁਰ, ਤਹਿ- ਬਿਲਾਸਪੁਰ, ਜ਼ਿਲ੍ਹਾ ਰਾਮਪੁਰ ਵਿਖੇ ਆ ਗਏ। ਆਪ ਜੀ ਦੇ ਪਿਤਾ ਜੀ ਛੋਟੀ ਉਮਰ ਵਿਚ ਸਵਰਗ ਸਿਧਾਰ ਗਏ। ਸੰਤ ਮਹਾਰਾਜ ਹੱਥੀਂ ਕਿਰਤ ਕਰਦੇ ਹੋਏ ਖੇਤੀ ਦਾ ਕੰਮ ਕਰਦੇ ਅਤੇ ਪ੍ਰਭੂ ਭਗਤੀ ਵਿਚ ਲੀਨ ਰਹਿੰਦੇ। ਆਪ ਬਚਪਨ ਤੋਂ ਹੀ ਧਾਰਮਿਕ ਰੁਚੀਆਂ ਦੇ ਧਾਰਨੀ ਸਨ ਤੇ ਅਕਸਰ ਪ੍ਰਭੂ ਭਗਤੀ ਵਿਚ ਵੱਧ ਤੋਂ ਵੱਧ ਸਮਾਂ ਲਗਾਉਂਦੇ। ਇਹਨਾਂ ਦੀ ਇੱਛਾ ਸੀ ਕਿ ਕਿਸੇ ਨਾ ਕਿਸੇ ਗੁਰੂ ਦਾ ਲੜ ਫੜਿਆ ਜਾਵੇ, ਜੋ ਮੈਨੂੰ ਸੇਧ ਦੇ ਕੇ ਸਹੀ ਮਾਰਗ ਤੇ ਤੋਰ ਕੇ ਮੰਜ਼ਿਲ ਤੱਕ ਪਹੁੰਚਾ ਸਕੇ। ਪਰ ਇਹਨਾਂ ਦੇ ਮਨ ਵਿਚ ਇਕ ਨਿਸ਼ਚਾ ਬਣਿਆ ਰਹਿੰਦਾ ਕਿ ਮੈਂ ਉਸ ਗੁਰੂ ਨਾਲ ਗੁਰ ਧਾਰਨਾ ਕਰਨੀ ਹੈ, ਜੋ ਪਹਿਲਾਂ ਆ ਕੇ ਮੈਨੂੰ ਸਾਖਸ਼ਾਤ ਦਰਸ਼ਨ ਦੇਵੇ।



ਇਕ ਦਿਨ ਅਜੀਬ ਕੌਤਕ ਵਰਤਿਆ। ਸੰਤ ਸੁਰਿੰਦਰ ਦਾਸ ਜੀ ਖੇਤਾਂ ਵਿਚ ਕੰਮ ਕਰਨ ਉਪਰੰਤ ਆਰਾਮ ਕਰ ਰਹੇ ਸਨ ਤੇ ਉਹਨਾਂ ਦੀ ਸੁਰਤ ਉਸ ਅਕਾਲ ਪੁਰਖ ਨਾਲ ਲੱਗੀ ਹੋਈ ਸੀ। ਉਦੋਂ ਆਕਾਸ਼ 'ਚੋਂ ਇਕ ਪ੍ਰਕਾਸ਼ ਪੁੰਜ ਇਨ੍ਹਾਂ ਦੇ ਸਾਹਮਣੇ ਆਉਂਦਾ ਹੈ ਤੇ ਇਹ ਧਰਤੀ 'ਤੇ ਸਾਹਮਣੇ ਦੋ ਸੰਤ ਮਹਾਂਪੁਰਸ਼ਾਂ ਨੂੰ ਖੜ੍ਹੇ ਦੇਖ ਕੇ ਦੰਗ ਰਹਿ ਜਾਂਦੇ ਹਨ। ਇਸ ਤੋਂ ਪਹਿਲਾਂ ਕਿ ਸੰਤ ਸੁਰਿੰਦਰ ਦਾਸ ਜੀ ਉਹਨਾਂ ਦਾ ਵਿਸ਼ੇਸ਼ ਸਤਿਕਾਰ ਕਰਦੇ ਤਾਂ ਉਹ ਸੰਤ ਆਤਮਾ ਆਲੋਪ ਹੋ ਗਏ।

ਇਸ ਘਟਨਾ ਤੋਂ ਬਾਅਦ ਸੰਤ ਬੇਚੈਨ ਰਹਿਣ ਲੱਗੇ। ਦਿੱਸੀਆਂ ਸੰਤ ਆਤਮਾਵਾਂ ਨੂੰ ਮਿਲਣ ਦੀ ਤਾਂਘ ਵਧਣ ਲੱਗੀ। ਇਸੇ ਤੜਫ ਵਿਚ ਪੁੱਛਗਿੱਛ ਦੌਰਾਨ ਪਤਾ ਲੱਗਾ ਕਿ ਇਹ ਸੰਤ ਮਹਾਂਪੁਰਸ਼ ਡੇਰਾ ਸੱਚਖੰਡ ਬੱਲਾਂ ਦੇ ਹਨ ਤੇ ਇਹ ਡੇਰਾ ਜਲੰਧਰ ਸ਼ਹਿਰ ਦੇ ਲਾਗੂ ਸਥਿਤ ਹੈ। ਤੇ ਫਿਰ ਇਕ ਦਿਨ ਲੱਭਦੇ ਲਭਾਂਦੇ ਸੰਤ ਸੁਰਿੰਦਰ ਦਾਸ ਜੀ ਡੇਰਾ ਸੱਚਖੰਡ ਬੱਲਾਂ ਦੇ ਮੁੱਖ ਦੁਆਰ ਤੇ ਪਹੁੰਚ ਗਏ। ਉਦੋਂ ਡੇਰਾ ਸੱਚਖੰਡ ਬੱਲਾਂ ਦੇ ਗੱਦੀ ਨਸ਼ੀਨ ਸੰਤ ਹਰੀ ਦਾਸ ਜੀ ਸਨ ਤੇ ਉਹ ਉਸ ਸਮੇਂ ਟਹਿਲ ਕਦਮੀ ਕਰ ਰਹੇ ਸਨ। ਉਹ ਸੰਤਾਂ ਨੂੰ ਦੇਖ ਕੇ ਖੁਸ਼ ਹੋਏ ਤੇ ਮੁੱਖਦੁਆਰ ਤੇ ਹੀ ਆ ਕੇ ਮਿਲੇ ਤੇ ਕਹਿਣ ਲੱਗੇ ਕਿ ਚੰਗਾ ਹੋਇਆ ਤੁਸੀਂ ਆ ਗਏ। ਜਿਹੜੀ ਜਿੰਦ ਪ੍ਰੀਤਮ ਨੂੰ ਲੱਭਦੀ ਸੀ, ਉਹ ਮਿਲਾਪ ਹੋ ਗਏ। ਦੋਵੇਂ ਸੰਤ ਰੂਹਾਂ ਗੱਦ ਗੱਦ ਹੋ ਉੱਠੀਆਂ। ਇਹ ਘਟਨਾ 1974 ਈ. ਦੀ ਹੈ। ਇਸ ਤਰ੍ਹਾਂ ਆਪ ਡੇਰਾ ਸੱਚਖੰਡ ਬੱਲਾਂ ਦੇ ਪੱਕੇ ਸੇਵਾਦਾਰ ਬਣ ਗਏ ਤੇ ਇੱਥੇ ਹੀ ਸੇਵਾਵਾਂ ਦੇਣ ਲੱਗੇ। ਆਪ ਜੀ ਨੇ ਸੰਤ ਹਰੀ ਦਾਸ ਜੀ ਪਾਸੋਂ ਨਾਮ ਦੀ ਦਾਤ ਪ੍ਰਾਪਤ ਕੀਤੀ ਤੇ ਡੇਰੇ ਦੇ ਕਾਰਜਾਂ ਵਿਚ ਵਡਮੁੱਲੀਆਂ ਸੇਵਾਵਾਂ ਨਿਰਸਵਾਰਥ ਹੋ ਕੇ ਅਰਪਿਤ ਕੀਤੀਆਂ, ਜਿਸ ਨਾਲ ਆਪ ਸੰਤਾਂ ਦੀ ਰੂਹ ਦੇ ਹੋਰ ਨੇੜੇ-ਨੜੇ ਰਹਿਣ ਲੱਗੇ। ਇਸੇ ਦੌਰਾਨ ਆਪ ਜੀ ਨੂੰ ਗੁਰਬਾਣੀ ਵਿਚ ਪ੍ਰਪੱਕਤਾ ਹਾਸਲ ਕਰਨ ਲਈ ਸੇਵਾ ਪੰਥੀ ਟਕਸਾਲ ਸ੍ਰੀ ਅੰਮ੍ਰਿਤਸਰ ਵਿਖੇ ਭੇਜਿਆ ਗਿਆ, ਜਿੱਥੇ ਆਪ ਜੀ ਨੇ ਗੁਰਬਾਣੀ/ਧਾਰਮਿਕ ਵਿੱਦਿਆ ਪੰਜ ਸਾਲ ਪ੍ਰਾਪਤ ਕੀਤੀ। ਸਤਿਗੁਰਾਂ ਦੇ ਹੁਕਮ ਮੁਤਾਬਕ ਆਪ ਜੀ ਨੇ ਨਿਰਮਲਾ ਛਾਉਣੀ ਆਸ਼ਰਮ ਹਰਿਦੁਆਰ ਵਿਖੇ ਵੀ ਲੱਗਭੱਗ ਇਕ ਸਾਲ ਸੇਵਾ ਕੀਤੀ। ਆਪ ਸਤਿਗੁਰਾਂ ਦੇ ਹੁਕਮ ਮੁਤਾਬਕ ਅਪ੍ਰੈਲ 1980 ਈ. ਵਿਚ ਕੂਪੁਰ-ਢੇਪੁਰ ਵਿਖੇ ਇਸ ਆਸ਼ਰਮ ਤੇ ਆ ਗਏ, ਜਿਹੜਾ ਕਿ ਇਕ ਧਰਮਸ਼ਾਲਾ ਸੀ। ਇਸ ਅਸਥਾਨ ਨੂੰ ਹਿੰਮਤ ਤੇ ਦਲੇਰੀ ਨਾਲ ਸਖਤ ਮਿਹਨਤ ਕਰਕੇ ਇਸ ਮੁਕਾਮ ਤੇ ਪਹੁੰਚਾਇਆ ਹੈ ਕਿ ਇਹ ਅਸਥਾਨ ਸਭਨਾਂ ਲਈ ਸਤਿਕਾਰ ਦੇ ਯੋਗ ਬਣ ਗਿਆ ਹੈ।

6 ਫਰਵਰੀ 1092 ਨੂੰ ਸੰਤ ਹਰੀ ਦਾਸ ਜੀ ਬ੍ਰਹਮਲੀਨ ਹੋ ਗਏ ਤੇ ਸੰਤ ਗਰੀਬ ਦਾਸ ਜੀ ਨੇ ਡੇਰਾ ਸੱਚਖੰਡ ਬੱਲਾਂ ਦੀ ਵਾਗਡੋਰ ਸੰਭਾਲੀ। ਸੰਤ ਸੁਰਿੰਦਰ ਦਾਸ ਜੀ ਨੇ ਸੰਤ ਗਰੀਬ ਦਾਸ ਜੀ ਨੂੰ ਬੇਨਤੀ ਕੀਤੀ ਕਿ ਬ੍ਰਹਮਲੀਨ ਸੰਤ ਹਰੀ ਰਾਮ ਜੀ ਦੀ ਬਰਸੀ ਸੰਤ ਹਰੀ ਦਾਸ ਉਦਾਸੀਨ ਆਸ਼ਰਮ ਕੂਪੁਰ ਵਿਖੇ ਮਨਾਉਣ ਦੀ ਇਜਾਜ਼ਤ ਮੰਗੀ। ਮਹਾਂਪੁਰਸ਼ਾਂ ਨੂੰ ਇਸ ਗੱਲ ਦੀ ਖੁਸ਼ੀ ਹੋਈ ਤੇ ਸੰਤ ਸੁਰਿੰਦਰ ਦਾਸ ਜੀ ਬ੍ਰਹਮਲੀਨ ਸੰਤ ਹਰੀ ਦਾਸ ਜੀ ਦੀ ਬਰਸੀ ਹਰ ਸਾਲ 7 ਫਰਵਰੀ ਨੂੰ 'ਹਰੀ ਮਾਨਵ ਏਕਤਾ ਸੰਤ ਸੰਮੇਲਨ' ਦੇ ਨਾਂ ਤੇ ਡੇਰਾ ਸੱਚਖੰਡ ਬੱਲਾਂ ਦੇ ਮਹਾਂਪੁਰਸ਼ਾਂ ਦੀ ਸਰਪ੍ਰਸਤੀ ਹੇਠ ਮਨਾਉਂਦੇ ਆ ਰਹੇ ਹਨ, ਜਿਹੜੀ ਕਿ ਮਾਨਵ ਸਾਂਝੀਵਾਲਤਾ ਦੀ ਪ੍ਰਤੀਕ ਹੈ। ਇਸ ਵਿਚ ਇਲਾਕੇ ਭਰ ਦੀਆਂ ਸੰਗਤਾਂ ਸ਼ਾਮਲ ਹੋ ਕੇ ਮਹਾਂਪੁਰਸ਼ਾਂ ਨੂੰ ਨਤਮਸਤਕ ਹੁੰਦੀਆਂ ਹਨ ਅਤੇ ਮਨ ਇੱਛੇ ਫਲ ਪ੍ਰਾਪਤ ਕਰਦੀਆਂ ਹਨ।

ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ ਮੰਦਰ ਸੀਰ ਗੋਵਰਧਨਪੁਰ ਵਾਰਾਨਸੀ ਵਿਖੇ ਡੇਰਾ ਸੱਚਖੰਡ ਬੱਲਾਂ ਦੇ

(ਬਾਕੀ ਅਗਲੇ ਸਫੇ 'ਤੇ)

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਬ੍ਰਹਮਲੀਨ ਸੰਤ ਸੁਰਿੰਦਰ ਦਾਸ ਜੀ

(ਸਫਾ 23 ਦੀ ਬਾਕੀ)

ਮਹਾਂਪੁਰਸ਼ਾਂ ਦੇ ਆਸ਼ੀਰਵਾਦ ਨਾਲ ਉਨ੍ਹਾਂ ਦੀ ਰਹਿਨੁਮਾਈ ਹੇਠ ਅਨੇਕਾਂ ਕਾਰਜਾਂ ਵਿਚ ਸੰਤ ਸੁਰਿੰਦਰ ਦਾਸ ਜੀ ਨੇ ਮੋਹਰੀ ਰੋਲ ਅਦਾ ਕੀਤਾ। ਮੰਦਰ ਦਾ ਕਬਜ਼ਾ ਲੈਣ ਸਮੇਂ ਵਿਰੋਧੀਆਂ ਨੇ ਸੰਤਾਂ ਨੂੰ ਟਾਰਗੇਟ ਕੀਤਾ ਤੇ ਕਈ ਤਰ੍ਹਾਂ ਦੇ ਤਸੀਹੇ ਵੀ ਦਿੱਤੇ ਪਰ ਇਹ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਓਟ ਆਸਰਾ ਲੈ ਕੇ ਨਿਰਸਵਾਰਥ ਚੱਲਦੇ ਗਏ ਤੇ ਹਰ ਪਾਸੇ ਵਿਜੇ ਪ੍ਰਾਪਤ ਕਰਕੇ ਡੇਰਾ ਸੱਚਖੰਡ ਬੱਲਾਂ ਦੀ ਝੋਲੀ ਵਿਚ ਪਾਈ। ਇਸ ਸੰਘਰਸ਼ ਵਿਚ ਆਪ ਜੀ ਨੂੰ ਜੇਲ੍ਹ ਦੀ ਹਵਾ ਵੀ ਲੈਣੀ ਪਈ ਪਰ ਸੰਤ ਸੁਰਿੰਦਰ ਦਾਸ ਜੀ ਅਡੋਲ ਰਹੇ।

ਲੰਕਾ ਚੌਰਾਹਾ ਵਾਰਾਨਸੀ ਵਿਖੇ 'ਸ੍ਰੀ ਗੁਰੂ ਰਵਿਦਾਸ ਗੇਟ' ਦੀ ਉਸਾਰੀ ਵਿਚ ਵੀ ਸੰਤ ਸੁਰਿੰਦਰ ਦਾਸ ਜੀ ਦੀਆਂ ਅਹਿਮ ਸੇਵਾਵਾਂ ਰਹੀਆਂ। ਇਸ ਦੀ ਨੀਂਹ ਕਬੀਰ ਚੌਰਾ ਅਸਥਾਨ ਦੇ 23ਵੇਂ ਮਹੰਤ ਗੰਗਾ ਸਰਨ ਸ਼ਾਸ਼ਤਰੀ ਜੀ ਨੇ ਰੱਖੀ ਤੇ ਇਸ ਗੇਟ ਦਾ ਉਦਘਾਟਨ ਤੱਤਕਾਲੀਨ ਰਾਸ਼ਟਰਪਤੀ ਸ੍ਰੀ ਕੇ. ਆਰ. ਨਰਾਇਣਨ ਨੇ 16 ਜੁਲਾਈ 1998 ਨੂੰ ਕੀਤਾ। ਉਦੋਂ ਯੂ. ਪੀ. ਦੇ ਮੁੱਖ ਮੰਤਰੀ ਕਲਿਆਣ ਸਿੰਘ ਜੀ ਸਨ ਤੇ ਇਸ ਕਾਰਜ ਸਾਹਿਬ ਕਾਂਸ਼ੀ ਰਾਮ ਜੀ ਬਸਪਾ ਪ੍ਰਧਾਨ ਦੀ ਵਿਸ਼ੇਸ਼ ਭੂਮਿਕਾ ਰਹੀ। ਇਸ ਸਮਾਗਮ ਦੀ ਸਰਪ੍ਰਸਤੀ ਸ੍ਰੀ 108 ਸੰਤ ਨਿਰੰਜਣ ਦਾਸ ਜੀ ਗੱਦੀ ਨਸ਼ੀਨ, ਚੇਅਰਮੈਨ ਪਬਲਿਕ ਚੈਰੀਟੇਬਲ ਟਰੱਸਟ ਰਜਿ. ਵਾਰਾਨਸੀ ਨੇ ਕੀਤੀ। ਇਸ ਨੂੰ ਮਿੱਥੇ ਸਮੇਂ ਵਿਚ ਦਿਨ ਰਾਤ ਕੰਮ ਕਰਕੇ ਸੰਤਾਂ ਨੇ ਸੰਪੂਰਨ ਕਰਵਾਇਆ।

ਸੰਤ ਸੁਰਿੰਦਰ ਦਾਸ ਜੀ ਨੇ ਹਮੇਸ਼ਾ ਮੋਹ-ਮਾਇਆ ਤੇ ਸਵਾਰਥ ਨੂੰ ਤਿਆਗ ਕੇ ਆਪਣੇ ਸਤਿਗੁਰਾਂ ਦੀ ਆਗਿਆ ਅਨੁਸਾਰ ਸੇਵਾਵਾਂ ਨਿਭਾਈਆਂ। ਆਪ ਇਕ ਕੁਸ਼ਲ ਪ੍ਰਸ਼ਾਸਕ ਤੇ ਪ੍ਰਬੰਧਕ ਸਨ। ਜਦ ਵੀ ਕੋਈ ਕਾਰਜ ਕਰਦੇ ਤਾਂ ਉਸ ਦੀ ਆਰੰਭਤਾ ਤੋਂ ਪਹਿਲਾਂ ਉਸ ਦੇ ਹੇਠਲੇ ਪੱਧਰ ਤੱਕ ਤਿਆਰੀ ਕਰਦੇ। ਇਹੀ ਕਾਰਨ ਹੈ ਕਿ ਇਨ੍ਹਾਂ ਵੱਲੋਂ ਆਰੰਭੇ ਕਾਰਜ ਸਾਰੇ ਬਹੁਤ ਹੀ ਸੁਚੱਜੇ ਢੰਗ ਨਾਲ ਸਫਲਤਾ ਹਾਸਲ ਕਰ ਲੈਂਦੇ ਸਨ। ਆਪ ਬਹੁਤ ਹੀ ਮਿੱਠਬੋਲੜੇ ਤੇ ਹਰ ਕਿਸੇ ਨੂੰ ਆਪਣਾ ਬਣਾਉਣ ਦੇ ਸਮਰੱਥ ਸੰਤ ਸਨ। ਜਿੱਥੇ ਕਿਤੇ ਵੀ ਕਿਸੇ ਕਾਰਜ ਵਿਚ ਖੜੋਤ ਆਉਂਦੀ ਤਾਂ ਡੇਰਾ ਸੱਚਖੰਡ ਬੱਲਾਂ ਵੱਲੋਂ ਇਨ੍ਹਾਂ ਦੀਆਂ ਸੇਵਾਵਾਂ ਲਈਆਂ ਜਾਂਦੀਆਂ। ਇਹ ਇਕ ਅਜਿਹੇ ਕ੍ਰਾਂਤੀਕਾਰੀ ਸੰਤ ਸਨ, ਜਿਹੜੇ ਇਕ ਦਫਤਰ ਦੇ ਅਫਸਰ ਤੋਂ ਲੈ ਕੇ ਰਾਸ਼ਟਰਪਤੀ ਤੱਕ ਮਿਲਣ ਦੀ ਸਮਰੱਥਾ ਰੱਖਦੇ ਸਨ। ਆਪ ਜੀ ਦੀ ਸ਼ਖਸੀਅਤ ਦਾ ਪ੍ਰਭਾਵ ਹੀ ਵਿਲੱਖਣ ਕਿਸਮ ਦਾ ਸੀ ਜੋ ਮਿਲਣ ਵਾਲੇ 'ਤੇ ਗਹਿਰਾ ਅਸਰ ਕਰਦਾ ਸੀ। ਇਹਨਾਂ ਨੂੰ ਹਰ ਕੰਮ ਕਰਨ ਬਾਰੇ ਜਾਣਕਾਰੀ, ਕੰਮ ਕਰਨ ਦਾ ਢੰਗ ਤੇ ਕੰਮ ਕਰਵਾਉਣ ਦੇ ਢੰਗ ਪ੍ਰਤੀ ਜਾਗਰੂਕਤਾ ਹਾਸਲ ਸੀ। ਇਸੇ ਕਰਕੇ ਹਰ ਕੋਈ ਇਨ੍ਹਾਂ ਦਾ ਪ੍ਰਭਾਵ ਕਬੂਲਦਾ ਸੀ।

ਸੰਗਤਾਂ ਦੀ ਸੁਵਿਧਾ ਨੂੰ ਮੁੱਖ ਰੱਖਦੇ ਹੋਏ ਸੰਤ ਸੁਰਿੰਦਰ ਦਾਸ ਜੀ ਨੇ 'ਸੰਤ ਹਰੀ ਦਾਸ ਜੀ ਉਦਾਸੀਨ ਆਸ਼ਰਮ' ਦਾ ਨੀਂਹ ਪੱਥਰ ਸ੍ਰੀ 108 ਸੰਤ ਨਿਰੰਜਣ ਦਾਸ ਜੀ ਡੇਰਾ ਸੱਚਖੰਡ ਬੱਲਾਂ ਦੇ ਕਰ ਕਮਲਾਂ ਨਾਲ 28 ਫਰਵਰੀ 2004 ਨੂੰ ਰਖਵਾਇਆ, ਜਿਹੜਾ ਕਿ 2005 ਵਿਚ ਬਣ ਕੇ ਤਿਆਰ ਹੋਇਆ। ਭੂਮਤਵਾੜਾ ਹਰਿਦੁਆਰ ਵਿਖੇ ਸੰਤ ਹਰੀ ਦਾਸ ਉਦਾਸੀਨ ਧਾਮ ਦੀ ਸਥਾਪਨਾ ਕੀਤੀ ਗਈ, ਜਿਸ ਨਾਲ ਹਰਿਦੁਆਰ ਜਾਣ ਵਾਲੀਆਂ ਸੰਗਤਾਂ ਨੂੰ ਵਿਸ਼ੇਸ਼ ਸੁਵਿਧਾ ਮਿਲ ਰਹੀ ਹੈ। ਡੇਰਾ ਸੰਤ ਸਖੀ ਨਾਥ ਜੀ ਤਾਤਾ (ਹੁਸ਼ਿਆਰਪੁਰ) ਵਿਖੇ ਸੰਤ ਸੁਰਿੰਦਰ ਦਾਸ ਜੀ ਨੇ ਵਿਸ਼ੇਸ਼ ਕਾਰਜ ਕਰਦਿਆਂ ਜਿੱਥੇ ਫਾਰਮ ਬਣਾਇਆ, ਉਥੇ ਇਕ ਸਤਿਸੰਗ ਘਰ ਦਾ ਵੀ ਨਿਰਮਾਣ ਕੀਤਾ ਗਿਆ। ਬੀਤੇ ਦਿਨੀਂ ਸੰਗਤਾਂ ਦੀ ਰਿਹਾਇਸ਼ ਦੀ ਸੁਵਿਧਾ ਨੂੰ ਮੁੱਖ ਰੱਖਦਿਆਂ 'ਸੰਤ ਗਰੀਬ ਦਾਸ ਉਦਾਸੀਨ ਭਵਨ' ਦੀ ਉਸਾਰੀ ਕਰਵਾਈ, ਜਿਸ ਦਾ ਉਦਘਾਟਨ 5 ਦਸੰਬਰ 2020 ਨੂੰ ਸੰਤ ਨਿਰੰਜਣ ਦਾਸ ਜੀ ਨੇ ਆਪਣੇ ਕਰ ਕਮਲਾਂ ਨਾਲ ਕੀਤਾ।

ਉੱਤਰ ਪ੍ਰਦੇਸ਼ ਦੀ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ ਵਾਰਾਨਸੀ ਵਿਖੇ ਜਿਹੜੇ ਵਿਸ਼ੇਸ਼ ਪ੍ਰੋਜੈਕਟ ਚੱਲ ਰਹੇ ਹਨ, ਉਸ ਵਿਚ ਵੀ ਸੰਤ ਸੁਰਿੰਦਰ ਦਾਸ ਜੀ ਦੀ ਵਿਸ਼ੇਸ਼ ਭੂਮਿਕਾ ਰਹੀ ਹੈ। ਇਹਨਾਂ ਨਿਰਮਾਣ ਕਾਰਜਾਂ ਦੀ ਦੇਖ-ਰੇਖ ਲਈ ਸੰਤ ਅਕਸਰ ਹੀ ਉਥੇ ਜਾਂਦੇ ਰਹਿੰਦੇ ਸਨ ਤੇ ਬੀਤੀ 11 ਫਰਵਰੀ 2021 ਨੂੰ ਹਾਲ ਦੇ ਲੈਂਟਰ ਦਾ ਕਾਰਜ ਕਰਵਾ ਕੇ ਆਏ ਹਨ। ਵਾਰਾਨਸੀ ਦੀ ਸੰਤਾਂ ਦੀ ਇਹ ਆਖਰੀ ਫੇਰੀ ਹੋ ਕੇ ਰਹਿ ਗਈ ਹੈ। ਸੰਤ ਸੁਰਿੰਦਰ ਦਾਸ ਜੀ ਨੇ ਅਜਿਹੇ ਅਨੇਕਾਂ ਕਾਰਜ ਕੀਤੇ ਹਨ ਤੇ ਇਹ ਸਾਰੇ ਕਾਰਜ ਡੇਰਾ ਸੱਚਖੰਡ ਬੱਲਾਂ ਦੇ ਮਹਾਂਪੁਰਸ਼ਾਂ ਦੇ ਆਸ਼ੀਰਵਾਦ ਨਾਲ ਉਹਨਾਂ ਦੀ ਆਗਿਆ ਵਿਚ ਰਹਿ ਕੀਤੇ ਹਨ। ਉਹ ਕਿਹਾ ਕਰਦੇ ਸਨ ਕਿ ਸੰਤ ਨਿਰੰਜਣ ਦਾਸ ਜੀ ਦੇ ਮੁਖ ਤੋਂ ਨਿਕਲਿਆ ਹਰ ਸ਼ਬਦ ਮੇਰੇ ਲਈ ਇਲਾਹੀ ਹੁਕਮ ਹੈ, ਜਿਸ ਨੂੰ ਮੈਂ ਹਮੇਸ਼ਾ ਸਿਰ ਮੱਥੇ ਕਬੂਲ ਕੀਤਾ ਹੈ।

ਸੰਤ ਸੁਰਿੰਦਰ ਦਾਸ ਜੀ ਪ੍ਰਭੂ ਬੰਦਗੀ ਦੇ ਨਾਲ-ਨਾਲ ਸਮਾਜ ਸੇਵੀ ਕਾਰਜਾਂ ਵਿਚ ਵੀ ਵੱਧ-ਚੜ੍ਹ ਕੇ ਹਿੱਸਾ ਲੈਂਦੇ ਰਹੇ ਹਨ। ਇਹਨਾਂ ਨੇ ਗਰੀਬ ਤੇ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੀਆਂ ਸ਼ਾਦੀਆਂ ਕਰਨ ਲਈ ਆਸ਼ਰਮ ਵਿਖੇ 'ਸਮੂਹਿਕ ਸ਼ਾਦੀ ਸਮਾਰੋਹ ਪ੍ਰਬੰਧਕ ਕਮੇਟੀ' ਦਾ ਗਠਨ ਕੀਤਾ ਤੇ 2016 ਤੋਂ ਹਰ ਸਾਲ ਸ਼ਾਦੀ ਸਮਾਰੋਹ ਆਯੋਜਿਤ ਕਰਕੇ ਲੜਕੀਆਂ ਦੀਆਂ ਸ਼ਾਦੀਆਂ ਕਰਵਾਉਂਦੇ। ਇਸ ਅਧੀਨ ਹੁਣ ਤੱਕ 76 ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੀਆਂ ਸ਼ਾਦੀਆਂ ਕੀਤੀਆਂ ਜਾ ਚੁੱਕੀਆਂ ਹਨ। ਸੰਤਾਂ ਦਾ ਇਹ ਕਾਰਜ ਬਹੁਤ ਹੀ ਸਲਾਹੁਣਯੋਗ ਰਿਹਾ ਹੈ ਤੇ ਇਹਨਾਂ ਕਾਰਜਾਂ ਵਿਚ ਇਹਨਾਂ ਦੇ ਸਹਿਯੋਗੀ ਸੰਤ ਪਰਦੀਪ ਦਾਸ ਜੀ ਦਾ ਵੀ ਵਿਸ਼ੇਸ਼ ਯੋਗਦਾਨ ਰਿਹਾ ਹੈ।

ਸਮਾਜ ਨੂੰ ਦਰਪੇਸ਼ ਸਮੱਸਿਆਵਾਂ ਪ੍ਰਤੀ ਸੰਗਤਾਂ/ ਸਮਾਜ ਨੂੰ ਜਾਗਰੂਕ ਕਰਨ ਲਈ ਆਸ਼ਰਮ ਵਿਖੇ 'ਸਮਾਜਿਕ ਚੇਤਨਾ ਚਿੰਤਨ ਸਮਾਰੋਹ' ਦਾ ਆਯੋਜਨ 8 ਮਾਰਚ 2020 ਨੂੰ ਕਰਵਾਇਆ ਗਿਆ, ਜਿਸ ਵਿਚ ਵੱਖ-ਵੱਖ ਬੁੱਧੀਜੀਵੀਆਂ ਤੋਂ ਵੱਖ-ਵੱਖ ਸਮਾਜਿਕ/ ਧਾਰਮਿਕ ਵਿਸ਼ਿਆਂ ਤੇ ਖੋਜ ਪੱਤਰ ਲਿਖਵਾ ਕੇ ਪੜ੍ਹਾਏ ਗਏ। ਇਸ ਸਮਾਰੋਹ ਨਾਲ ਸੰਤ ਸੁਰਿੰਦਰ ਦਾਸ ਜੀ ਦਾ ਕੱਦ ਸਮਾਜ ਵਿਚ ਹੋਰ ਉੱਚਾ ਤੇ ਪ੍ਰਸ਼ੰਸਾਯੋਗ ਬਣਿਆ। ਉਹਨਾਂ ਹਰ ਸਾਲ ਅਜਿਹੇ ਸਮਾਗਮ ਕਰਵਾਉਣ ਦਾ ਫੈਸਲਾ ਲਿਆ ਤੇ ਇਸ ਸਾਲ ਕਰਵਾਏ ਜਾਣ ਵਾਲੇ ਸਮਾਰੋਹ ਦੀ ਤਿਆਰੀ ਚੱਲ ਰਹੀ ਸੀ।

ਸੰਗਤਾਂ ਦੀ ਸੁਵਿਧਾ ਲਈ ਤੇ ਖੋਜ ਪੱਤਰਾਂ ਤੋਂ ਸੇਧ ਪ੍ਰਦਾਨ ਕਰਨ ਲਈ ਸਾਰੇ ਖੋਜ ਪੱਤਰਾਂ ਨੂੰ ਇਕ ਪੁਸਤਕ ਦਾ ਰੂਪ ਦੇ ਕੇ ਉਸ ਦੀ 2000 ਕਿਤਾਬ ਤਿਆਰ ਕਰਵਾ ਕੇ 7 ਫਰਵਰੀ 2021 ਨੂੰ ਸੰਤ ਹਰੀ ਦਾਸ ਮਾਨਵ ਏਕਤਾ ਸੰਮੇਲਨ ਵਿਚ ਸ੍ਰੀ 108 ਸੰਤ ਨਿਰੰਜਣ ਦਾਸ ਜੀ ਦੇ ਕਰ ਕਮਲਾਂ ਨਾਲ ਲੋਕ ਅਰਪਿਤ ਕਰਵਾਈ। ਆਸ਼ਰਮ ਦਾ ਇਹ ਹੋਰ ਵੀ ਸ਼ਲਾਘਾਯੋਗ ਕਾਰਜ ਰਿਹਾ ਹੈ, ਜਿਸ ਦੀ ਬੁੱਧੀਜੀਵੀ ਵਰਗ ਵਿਚ ਕਾਫੀ ਚਰਚਾ ਹੈ।

ਸਮਾਜ ਪ੍ਰਤੀ ਉਸਾਰੂ ਕਾਰਜ ਕਰਦੇ ਹੋਏ ਆਪ ਸੰਖੇਪ ਬਿਮਾਰੀ ਪਿੱਛੋਂ 8 ਮਾਰਚ 2021 ਨੂੰ ਬ੍ਰਹਮਲੀਨ ਹੋ ਗਏ। ਜਿਸ ਨਾਲ ਸਮੁੱਚੀਆਂ ਸਤਿਗੁਰੂ ਰਵਿਦਾਸ ਨਾਮ ਲੇਵਾ ਸੰਗਤਾਂ ਦੇ ਹਿਰਦੇ ਵਲੂੰਧਰੇ ਗਏ।

ਹਰ ਅੱਖ ਨੇ ਹੰਝੂ ਕੇਰੇ। ਹਰ ਉਸਾਰੂ ਸੋਚ ਵਾਲਾ ਵਿਅਕਤੀ ਖੁਦ ਨੂੰ ਹੌਲਾ ਮਹਿਸੂਸ ਕਰਨ ਲੱਗਾ। ਸਮੂਹ ਸੰਤ ਸਮਾਜ, ਬੁੱਧੀਜੀਵੀ ਵਰਗ ਤੇ ਰਾਜ ਨੇਤਾਵਾਂ ਨੇ ਇਹਨਾਂ ਦੀ ਮੌਤ 'ਤੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ। ਉਹਨਾਂ ਦੇ ਪਾਰਥਿਕ ਸਰੀਰ ਨੂੰ 9 ਮਾਰਚ ਨੂੰ ਆਸ਼ਰਮ ਵਿਖੇ ਹੀ ਸੰਤ ਸਮਾਜ ਦੀ ਹਾਜ਼ਰੀ ਵਿਚ ਅਗਨ ਭੇਂਟ ਕੀਤਾ ਗਿਆ। ਇਹਨਾਂ ਦੀਆਂ ਅਸਥੀਆਂ ਨੂੰ 'ਅਸਥੀ ਕਲਸ਼ ਯਾਤਰਾ' ਦੇ ਰੂਪ ਵਿਚ ਮਿਤੀ 17 ਮਾਰਚ 2021 ਨੂੰ ਆਸ਼ਰਮ ਤੋਂ ਚੱਲ ਕੇ ਡੇਰਾ ਸੱਚਖੰਡ ਬੱਲਾਂ ਦੇ ਮਹਾਂਪੁਰਸ਼ਾਂ ਸੰਤ ਨਿਰੰਜਣ ਦਾਸ ਜੀ ਤੋਂ ਰਵਾਨਗੀ ਲੈ ਕੇ ਹਰਿਦੁਆਰ ਪਹੁੰਚੇ ਤੇ 18 ਮਾਰਚ ਨੂੰ ਇਹਨਾਂ ਨੂੰ ਹਰਿ ਕੀ ਪੌੜੀ ਵਿਖੇ ਜਲ ਪ੍ਰਵਾਹ ਕੀਤਾ ਗਿਆ। ਇਸ ਸਾਰੇ ਦੀ ਅਗਵਾਈ ਸੰਤ ਪ੍ਰਦੀਪ ਦਾਸ ਜੀ ਨੇ ਕੀਤੀ, ਜਿਹੜੇ ਕਿ ਸੰਤ ਸੁਰਿੰਦਰ ਦਾਸ ਜੀ ਦੇ ਸਹਿਯੋਗੀ ਸੇਵਾਦਾਰ ਬਣ ਕੇ ਪਿਛਲੇ 34 ਸਾਲ ਤੋਂ ਆਸ਼ਰਮ ਵਿਖੇ ਸੇਵਾਵਾਂ ਨਿਭਾਅ ਰਹੇ ਹਨ। 24 ਮਾਰਚ 2021 ਨੂੰ ਉਹਨਾਂ ਦਾ ਸ਼ਰਧਾਂਜਲੀ ਸਮਾਗਮ ਆਸ਼ਰਮ ਵਿਖੇ ਸੰਤ ਨਿਰੰਜਣ ਦਾਸ ਦੀ ਅਗਵਾਈ ਹੇਠ ਕਰਵਾਇਆ ਗਿਆ, ਜਿਸ ਵਿਚ ਵੱਡੀ ਗਿਣਤੀ ਵਿਚ ਵੱਖ-ਵੱਖ ਡੇਰਿਆਂ ਦੇ ਸੰਤਾਂ ਮਹਾਂਪੁਰਸ਼ਾਂ ਨੇ ਸੰਤ ਸੁਰਿੰਦਰ ਦਾਸ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਤੇ ਉਹਨਾਂ ਦੀਆਂ ਆਪਣੀਆਂ ਯਾਦਾਂ ਨੂੰ ਤਾਜ਼ਾ ਕੀਤਾ। ਇਸ ਮੌਕੇ ਤੇ ਸੰਤ ਸਮਾਜ ਨੇ ਸੰਤ ਨਿਰੰਜਣ ਦਾਸ ਜੀ ਦੀ ਅਗਵਾਈ ਹੇਠ ਸੰਤ ਸੁਰਿੰਦਰ ਦਾਸ ਜੀ ਦੇ ਚੇਲੇ ਸੇਵਾਦਾਰ ਸੰਤ ਪਰਦੀਪ ਦਾਸ ਜੀ ਨੂੰ ਉਹਨਾਂ ਦਾ ਜਾਨਸ਼ੀਨ ਥਾਪ ਕੇ 'ਸੰਤ ਹਰੀਦਾਸ ਜੀ ਉਦਾਸੀਨ ਆਸ਼ਰਮ' ਦੀ ਵਾਗਡੋਰ ਸੰਭਾਲੀ। ਦਸਤਾਰਬੰਦੀ ਉਪਰੰਤ ਸੰਤ ਪਰਦੀਪ ਦਾਸ ਜੀ ਨੇ ਸਮੂਹ ਸੰਤ ਸਮਾਜ ਤੇ ਸੰਗਤਾਂ ਦਾ ਧੰਨਵਾਦ ਕਰਦੇ ਹੋਏ ਸੰਤਾਂ ਵੱਲੋਂ ਚਲਾਏ ਜਾ ਰਹੇ ਕਾਰਜਾਂ ਨੂੰ ਅਗਾਂਹ ਜਾਰੀ ਰੱਖਣ ਦਾ ਪ੍ਰਣ ਦੁਹਰਾਇਆ। ਸੰਤ ਸੁਰਿੰਦਰ ਦਾਸ ਜੀ ਦੀਆਂ ਸਮਾਜ ਪ੍ਰਤੀ ਅਨੇਕਾਂ ਪ੍ਰਾਪਤੀਆਂ ਹਨ, ਜਿਹਨਾਂ ਨਾਲ ਇਹਨਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਂਦਾ ਰਹੇਗਾ ਅਤੇ ਸੰਤ ਸਮਾਜ ਵਿਚ ਇਹਨਾਂ ਦਾ ਨਾਮ ਬਹੁਤ ਹੀ ਸਤਿਕਾਰ ਨਾਲ ਲਿਆ ਜਾਂਦਾ ਰਹੇਗਾ। ਸੰਤਾਂ ਵੱਲੋਂ ਪਾਏ ਪੂਰਨਿਆਂ ਤੇ ਅਗਾਂਹ ਵਧਣਾ ਹੀ ਉਹਨਾਂ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ।


BRITISH RAVIDASSIA HERITAGE FOUNDATION



Planning a research based study

"Tracing the footprints of Satguru Ravidass Ji in history"

Project output to be compiled in chorological order for the global launch in 2027 to mark the 650th birth anniversary of Satguru Ravidass Ji

All researchers who have done work on Satguru Ravidass Ji are Cordially invited to express their interest in being part of the RESEARCH TEAM

Time: 3.30pm (UK) – 8pm (India): Date: Sunday 18th April 2021 -- ZOOM ID: 869 267 7840 Passcode 100 448

CONTACT

Research Coordinator
Dr Manoj Dahiya – India
0091 9999320213

Chairman
Mr Om Parkash Bagha UK
0044 7951007320

ਬ੍ਰਿਟਿਸ਼ ਰਵਿਦਾਸੀਆ ਹੈਰੀਟੇਜ ਫਾਉਂਡੇਸ਼ਨ ਵਲੋ ਸਤਿਗੁਰੁ ਰਵਿਦਾਸ ਮਹਾਰਾਜ ਜੀ ਦੇ ਪੂਰਨ ਜੀਵਨ ਨਾਲ ਸਬੰਧਿਤ ਖੋਜ ਕਰਨ ਦਾ ਇਕ ਉਪਰਾਲਾ ਕੀਤਾ ਜਾ ਰਿਹਾ ਹੈ।ਇਹ ਪ੍ਰੋਜੈਕਟ 2027 ਵਿੱਚ ਪੂਰਾ ਹੋਣ ਤੇ ਦੁਨੀਆ ਦੇ ਅੱਗੇ ਪੇਸ਼ ਕੀਤਾ ਜਾਵੇਗਾ। ਜੇਕਰ ਕਿਸੇ ਨੇ ਵੀ ਆਪਣੇ ਜੀਵਨ ਵਿੱਚ ਸਤਿਗੁਰੂ ਰਵਿਦਾਸ ਮਹਾਰਾਜ ਦੇ ਜੀਵਨ ਸਬੰਧਿਤ ਕਿਸੀ ਕਿਸਮ ਦਾ ਲੇਖ ਜਾ ਕੋਈ ਖੋਜ ਦਾ ਕੰਮ ਕੀਤਾ ਹੋਵੇ ਤਾ ਆਪ ਇਸ ਫਾਉਂਡੇਸ਼ਨ ਨਾਲ ਜੁੜੀਏ ਅਸੀ ਆਪ ਨੂੰ ਇਸ ਫਾਉਂਡੇਸ਼ਨ ਟੀਮ ਵਿੱਚ ਖੋਜ ਟੀਮ ਦਾ ਹਿੱਸਾ ਬਣਾਉਣਾ ਚਾਹਵਾਂਗੇ।8 ਅਪਰੈਲ 2021ਨੂੰ ਰਾਤ ਦੇ 8 ਵਜੇ ਆਪ ਜੂਮ (ZOOM) ਉਪਰ ਆ ਕਰ ਆਪਣੇ ਕੀਮਤੀ ਵਿਚਾਰ ਦੇ ਸਕਦੇ ਹੋ। ZOOM ID.869 267 7840 . Passcode. 100448.ਆਪ ਜੀ ਦੇ ਬਹੁਤ ਬਹੁਤ ਧੰਨਵਾਦੀ ਹੋਵਾਂਗੇ।

'ब्रिटिश रविदासिया हेरिटेज फाउंडेशन' सतगुरु रविदास के संपूर्ण जीवन को खोजने के लिए एक प्रोजेक्ट शुरू किया है। यह प्रोजेक्ट 2027 में पूरा होकर दुनिया के सामने आएगा। आपने अगर अपने जीवन में सतगुरु रविदास जी पर किसी भी प्रकार का लेखन या शोध कार्य किया है तो आपको हमसे जुड़ना चाहिए। हम भी आपको फाउंडेशन की शोध टीम (रिसर्च टीम) में शामिल करना चाहते हैं। 18 अप्रैल 2021 को रात 8 बजे Zoom पर जुड़िए और अपने विचार दीजिए। ZOOM ID: 8692677840, Passcode: 100448

brhresearch@yahoo.com

BRHfn

# ਹਾੜ੍ਹੀ ਵੱਢੂੰਗੀ ਬਰਾਬਰ ਤੇਰੇ, ਦਾਤੀ ਨੂੰ ਲਵਾ ਦੇ ਘੁੰਗਰੂ



ਤਸਵਿੰਦਰ ਸਿੰਘ ਬੜੈਚ
91-98763-22677

ਜਿਉਂ-ਜਿਉਂ ਸਮਾਂ ਬਦਲ ਰਿਹਾ ਹੈ, ਤਿਉਂ-ਤਿਉਂ ਸਾਡੀ ਖੇਤੀ ਤਕਨੀਕ ਵਿਚ ਵੀ ਬਦਲਾਅ ਆ ਗਿਆ ਹੈ। ਪੰਜਾਬ ਵਿਚ ਪਿਛਲੇ ਕੁੱਝ ਦਹਾਕਿਆਂ ਤੋਂ ਸਰੀਰਕ ਜ਼ੋਰ ਨਾ ਵਰਤੇ ਜਾਣ ਵਾਲੇ ਖੇਤੀਬਾੜੀ ਦੇ ਸੰਦਾਂ 'ਤੇ ਆਧੁਨਿਕ ਮਸ਼ੀਨਰੀ ਕਾਬਜ ਹੋ ਗਈ ਹੈ। ਹੱਥ ਚੱਕੀਆਂ ਦੀ ਥਾਂ ਬਿਜਲਈ ਚੱਕੀਆਂ ਆ ਗਈਆਂ, ਬਲਦਾਂ ਦੀ ਥਾਂ ਟਰੈਕਟਰ ਆ ਗਏ ਹਨ। ਇਸੇ ਤਰ੍ਹਾਂ ਕੰਬਾਈਨਾਂ ਆ ਜਾਣ ਨਾਲ ਦਾਤੀਆਂ ਦੀ ਕਦਰ ਵੀ ਨਹੀਂ ਰਹੀਂ। ਅੱਜ ਦਾ ਤਕਰੀਬਨ ਹਰ ਕੰਮ ਤੱਕ ਮਸ਼ੀਨੀਕਰਨ ਵਿਚ ਬਦਲ ਚੁੱਕਾ ਹੈ। ਪਿਛਲੇ ਕੁਝ ਸਾਲ ਪਹਿਲਾਂ ਕਣਕ ਦੀ ਫ਼ਸਲ ਦੀ ਕਟਾਈ ਸਾਰੇ ਪਰਿਵਾਰ ਹੱਥੀ ਦਾਤੀਆਂ ਨਾਲ ਕਰਦੇ ਸਨ। ਵਿਸਾਖੀ ਵਾਲੇ ਦਿਨ ਕਿਸਾਨ ਕਣਕ ਦੀ ਵਾਢੀ ਦੀ ਸ਼ੁਰੂਆਤ ਦਾ ਸ਼ਗਨ ਕਰ ਦਿੰਦੇ ਸਨ। ਵਿਸਾਖੀ ਦੇ ਤਿਉਹਾਰ ਦਾ ਕਣਕ ਦੀ ਵਾਢੀ ਨਾਲ ਸਿੱਧਾ ਸਬੰਧ ਸੀ। ਕਣਕ ਵੱਢਣ ਵਾਸਤੇ ਬਾਬੇ ਤੋਂ ਲੈ ਕੇ ਪੋਤਰਿਆਂ ਤੱਕ ਆਪਣੀ ਆਪਣੀ ਦਾਤੀ ਲੈ ਕੇ ਵਾਢੀ ਦੀ ਮੁਹਿੰਮ ਉੱਤੇ ਚੜ੍ਹਦੇ ਸਨ। ਬਹੁਤ ਸਾਰੀਆਂ ਤਕੜੀਆਂ ਜਨਾਨੀਆਂ ਵੀ ਹਾੜ੍ਹੀ ਬੰਦਿਆਂ ਦੇ ਬਰਾਬਰ ਵੱਢਦੀਆਂ ਸਨ।

ਹਾੜ੍ਹੀ ਵੱਢੂੰਗੀ ਬਰਾਰ ਤੇਰੇ,
ਦਾਤੀ ਨੂੰ ਲਵਾਦੇ ਘੁੰਗਰੂ।



ਸਾਰਾ ਪਿੰਡ ਜਿਵੇਂ ਵਾਢੀਆਂ ਲਈ ਖੇਤਾਂ ਵੱਲ ਨਿਕਲ ਜਾਂਦਾ ਸੀ। ਨਿੱਕੇ ਨਿੱਕੇ ਬੱਚੇ ਵੀ ਖੇਤਾਂ ਵਿਚ ਪਹੁੰਚੇ ਹੁੰਦੇ। ਕਣਕਾਂ ਦੀਆਂ ਵਾਢੀਆਂ ਵਿਚ ਕੋਈ ਵੀ ਵਿਹਲਾ ਨਹੀਂ ਸੀ ਹੁੰਦਾ। ਸਾਰੇ ਘਰ ਦੇ ਜੀਆਂ ਨੂੰ ਮਾਨਸਿਕ ਤੌਰ ਉੱਤੇ ਵਾਢੀ ਲਈ ਤਿਆਰ ਕੀਤਾ ਜਾਂਦਾ ਸੀ। ਪਿੰਡਾਂ ਵਿਚ ਰਹਿੰਦੇ ਤਰਖਾਣ ਅਤੇ ਲੁਹਾਰ ਵੀ ਇਸ ਦਿਨ ਲਈ ਵਿਸ਼ੇਸ ਤੌਰ 'ਤੇ ਦਿਨ ਰਾਤ ਕੰਮ ਕਰ ਕੇ ਹੱਥੀ ਦਾਤੀਆਂ ਤਿਆਰ ਕਰਦੇ ਸਨ। ਪਿੰਡ ਦੇ ਝਿਊਰ ਖੇਤਾਂ ਵਿੱਚ ਪਾਣੀ ਵਰਤਾਉਂਦੇ। ਸਾਰੇ ਹੀ ਲਾਗੀ ਵਾਢੀਆਂ ਵਿਚ ਸਰਗਰਮ ਹੋ ਜਾਂਦੇ ਸਨ। ਸਾਰਾ ਦਿਨ ਵਾਢੀਆਂ ਕੀਤੀਆਂ ਜਾਂਦੀਆਂ। ਵਾਢੀਆਂ ਕਰਨ ਉਪਰੰਤ ਦਿਨ ਢਲੇ ਇਸ ਵੱਢੀ ਕਣਕ ਦੀਆਂ ਭਰੀਆਂ ਬੰਨ੍ਹੀਆਂ ਜਾਂਦੀਆਂ ਤਾਂ ਕਿ ਇਹ ਵੱਢੀ ਕਣਕ ਹਨੇਰੀ 'ਚ ਉੱਡ ਨਾ ਜਾਵੇ। ਲੋਕੀ ਹਨੇਰ ਪਿਆਂ ਘਰੀਂ ਮੁੜਦੇ ਸਨ। ਵਾਢੀ ਡਾਢੇ ਜ਼ੋਰ ਦਾ ਕੰਮ ਹੁੰਦਾ ਸੀ। ਪਹਿਲੇ ਸਮਿਆਂ ਵਿਚ ਘਰ ਪਰਿਵਾਰ ਦੇ ਸਾਰੇ ਜੀਅ ਮਿਲ ਦੇ ਕਣਕ ਦੀ ਵਾਢੀ ਕਰਦੇ ਸਨ। ਪਰ ਅਜਿਹਾ ਹੁਣ ਬਹੁਤ ਘੱਟ ਦੇਖਣ ਨੂੰ ਮਿਲਦਾ ਹੈ। ਇਸੇ ਕਰਕੇ ਅੱਜ ਦੇ ਸਮੇਂ ਜਿਥੇ ਆਪਸੀ ਭਾਈਚਾਰਕ ਸਾਂਝ ਖ਼ਤਮ ਹੋ ਰਹੀ ਹੈ ਉੱਥੇ ਮੋਹ ਦੀਆਂ ਤੰਦਾਂ ਵੀ ਫਿੱਕੀਆਂ ਪੈ ਰਹੀਆਂ ਹਨ। ਅੱਜ ਦੀਆਂ ਸਰਕਾਰਾਂ ਵੱਲੋਂ ਦਿੱਤੀਆਂ ਜਾ ਰਹੀਆਂ ਮੁਫ਼ਤ ਸਹੂਲਤਾਂ ਨੇ ਵੀ ਖੇਤ ਮਜ਼ਦੂਰਾਂ ਨੂੰ ਮਿੱਠਾ ਜ਼ਹਿਰ ਦੇ ਕੇ ਨਿਕੰਮੇ ਕਰ ਦਿੱਤਾ ਹੈ। ਜੱਟਾਂ ਦੇ ਮੁੰਡਿਆਂ ਨੂੰ ਵੀ ਚਿੱਟੇ ਕੱਪੜੇ ਪਾ ਕੇ ਵਿਹਲੇ ਰਹਿਣ ਦੀ ਆਦਤ ਪੈ ਗਈ ਹੈ। ਇਸ ਤੋਂ ਇਲਾਵਾ ਪਿਛਲੇ ਕੁਝ ਸਾਲਾਂ ਤੋਂ ਮਜ਼ਦੂਰਾਂ ਦੀ ਆ ਰਹੀ ਘਾਟ ਤੇ ਮੌਸਮ ਦੀ ਹੁੰਦੀ ਮਾਰ ਕਾਰਨ ਵੀ ਕਿਸਾਨ ਨੇ ਕਣਕ ਦੀ ਵਾਢੀ ਦਾ ਕੰਮ ਮਸ਼ੀਨਾਂ ਸਹਾਰੇ ਛੱਡ ਦਿੱਤਾ ਹੈ। ਕਿਸਾਨੀ ਹੁਣ ਮਸ਼ੀਨਾ ਨਾਲ ਜੁੜ ਗਈ ਹੈ। ਇਸੇ ਕਰਕੇ ਹੁਣ ਕੋਈ ਵੀ ਦਾਤੀਆਂ ਨਾਲ ਵਾਢੀ ਨਹੀਂ ਕਰਦਾ। ਹੁਣ ਦਾਤੀਆਂ ਦੀ ਜਗ੍ਹਾ ਕੰਬਾਈਨਾਂ ਨੇ ਲੈ ਲਈ ਹੈ। ਕਣਕ ਦੀ ਵਾਢੀ ਹੁਣ ਕੰਬਾਇਨਾਂ ਕਰਦੀਆਂ ਹਨ। ਕਣਕ ਜਦ ਪੱਕ ਜਾਂਦੀ ਹੈ ਤਾਂ ਕੰਬਾਇਨ ਨਾਲ ਦਾਣੇ ਕਢਵਾ ਕੇ ਸਿੱਧਾ ਮੰਡੀ ਭੇਜ ਦਿੱਤੇ ਜਾਂਦੇ ਹਨ। ਦਾਤੀਆਂ ਹਾਲੇ ਵੀ ਕਿਸੇ ਕਿਸੇ ਘਰ ਤੂੜੀ ਵਾਲੇ ਕੋਠਿਆਂ 'ਚ ਪਈਆਂ ਮਿਲ ਜਾਂਦੀਆਂ ਹਨ, ਪਰ ਇਨ੍ਹਾਂ ਦੀ ਵਰਤੋਂ ਨਾ-ਮਾਤਰ ਹੀ ਹੁੰਦੀ ਹੈ। ਬਾਕੀ ਸੰਦਾਂ ਵਾਂਗ ਦਾਤੀ ਵੀ ਹੁਣ ਅਲੋਪ ਹੋ ਰਹੀ ਹੈ।

# ਅਲੋਪ ਹੋ ਗਈ ਹੈ ਝਾਲਰ ਤੇ ਘੁੰਗਰੂ ਵਾਲੀ ਪੱਖੀ



ਗਗਨਦੀਪ ਧਾਲੀਵਾਲ
91-99889-33161

ਕੋਈ ਸਮਾਂ ਸੀ ਜਦੋਂ ਘੁੰਗਰੂ ਵਾਲੀ ਪੱਖੀ ਦਾਜ ਦਾ ਇੱਕ ਮੁੱਖ ਅੰਗ ਮੰਨੀ ਜਾਂਦੀ ਸੀ।ਹੁਣ ਤਾਂ ਪੱਖੀ ਦੀ ਥਾਂ ਕੂਲਰ, ਏ.ਸੀ, ਪੱਖਿਆਂ ਨੇ ਲੈ ਲਈ ਹੈ। ਮੇਰੇ ਦਾਦੀ ਜੀ ਲਗਭਗ ਨੱਬੇ ਸਾਲ ਦੀ ਉਮਰ ਵਿੱਚ ਵੀ ਪੱਖੀ ਬਣਾ ਲੈਂਦੇ ਸੀ ਕੁੱਝ ਕੁ ਸਾਲ ਪਹਿਲਾ ਹੀ ਉਹਨਾ ਨੇ ਇੱਕ ਪੱਖੀ ਸੁਰੂ ਕੀਤੀ ਹੋਈ ਸੀ ਜੋ ਕਿਸੇ ਮੁਸ਼ਕਿਲ ਕਾਰਨ ਉਹਨਾ ਨੇ ਪੱਖੀ ਵਿਚਾਲੇ ਛੱਡ ਦਿੱਤੀ ਸੀ ਉਹਨਾ ਦੀ ਉਮਰ ਸੌ ਸਾਲ ਹੋ ਗਈ ਸੀ ਤੇ ਉਹ ਚਲਾਣਾ ਕਰ ਗਏ ।ਜੋ ਪੱਖੀ ਦਾਦੀ ਮਾਂ ਨੇ ਸੁਰੂ ਕੀਤੀ ਸੀ ਉਹ ਮੇਰੇ ਹੱਥ ਲੱਗ ਗਈ ਤਾਂ ਮੇਰੇ ਮਨ 'ਚ ਖਿਆਲ ਆਇਆ ਕਿ ਪੱਖੀ ਦੇ ਬਾਰੇ ਕੁੱਝ ਲਿਖਾ ।ਪਹਿਲਾ ਸਮਾਂ ਹੋਰ ਸੀ ਜਦੋਂ ਬੇਬੇ ਦੇ ਸੰਦੂਕ ਤੋਂ ਹੀ ਵਿੱਚੋ ਕਿ ਸ਼ੀਸ਼ਿਆਂ ਨਾਲ ਜੜੀਆਂ ਘੁੰਗਰੂ ਤੇ ਝਾਲਰ ਵਾਲ਼ੀਆਂ ਪੱਖੀਆਂ ਮਿਲਦੀਆਂ ਸਨ।ਬੇਬੇ ਦਾ ਸੰਦੂਕ ਵੀ ਸ਼ੀਸਿਆਂ ਨਾਲ ਜੜਿਆ ਹੁੰਦਾ ਸੀ।ਸੰਦੂਕ 'ਤੇ ਸ਼ੀਸ਼ੇ ਤੇ ਪਿੱਤਲ ਦੇ ਸੁਨਿਹਰੀ ਕੋਕੇ ਜੜੇ ਹੁੰਦੇ ਸਨ।ਕਈ ਸੰਦੂਕਾਂ 'ਤੇ ਮੋਰਨੀ ਦਾ ਡਿਜਾਇਨ ਵੀ ਪਾਇਆ ਹੁੰਦਾ ਸੀ ।ਪਹਿਲਾ ਸਮਾਂ ਸੀ ਜਦੋਂ ਪੱਖੀ ਦੀ ਵਰਤੋਂ ਹਵਾ ਝੱਲਣ ਲਈ ਹੁੰਦੀ ਹੈ ਪੱਖੀ ਲੱਕੜ ਦੇ ਢਾਂਚੇ ਤੇ ਬਣਾਈ ਜਾਂਦੀ ਹੈ ਘੁਮਾਉਣ ਲਈ ਇਸ ਦੇ ਹੇਠਾਂ ਹੱਥੀ ਲੱਗੀ ਹੁੰਦੀ ਹੈ ਇਹ ਰੰਗ-ਬਰੰਗੇ ਊਨੀ ਧਾਗੇ ਨਾਲ ਤਿਆਰ ਕੀਤੀ ਜਾਂਦੀ ਹੈ ਹਵਾ ਝੱਲਣ ਲਈ ਪੱਖੀ ਦੇ ਅੱਗੇ ਕੱਪੜੇ ਦਾ ਝਾਲਰ ਲੱਗਿਆ ਹੁੰਦਾ ਹੈ ਕਈ ਵਾਰ ਪੱਖੀਆਂ 'ਤੇ ਸ਼ੀਸ਼ੇ ,ਘੁੰਗਰੂ ਵੀ ਲੱਗੇ ਹੁੰਦੇ ਹਨ।ਪਹਿਲਾ ਪੁਰਾਣੇ ਸਮੇਂ ਵਿੱਚ ਕੁੜੀਆਂ ਆਪਣੇ ਦਾਜ ਲਈ ਪੱਖੀਆਂ ਤਿਆਰ ਕਰਦੀਆਂ ਸਨ।ਨਾਨਕ ਸੱਕ ਭਰਨ ਲਈ ਵੀ ਦੋਹਤੀ ਦੇ ਦਾਜ ਲਈ ਪੱਖੀ ਤਿਆਰ ਕੀਤੀ ਜਾਂਦੀ ਸੀ।ਪੰਜਾਬੀ ਲੋਕਧਾਰਾ ਵਿੱਚ ਪੱਖੀ ਦਾ ਵਿਸ਼ੇਸ਼ ਸਥਾਨ ਹੈ। ਪੱਖੀਆਂ ਦੀ ਬਣਤਰ ਅਤੇ ਕਢਾਈ ਘਰੇਲੂ ਹੁਨਰ ਦਾ ਉੱਤਮ ਨਮੂਨਾ ਰਿਹਾ ਹੈ। ਆਪਣੇ ਦਾਜ ਵਿੱਚ ਕੁੜੀਆਂ ਸੋਹਣੀਆਂ ਪੱਖੀਆਂ ਬਣਾ ਕੇ ਲੈ ਜਾਂਦੀਆਂ ਸਨ। ਪੰਜਾਬੀ ਲੋਕ ਗੀਤਾਂ ਵਿੱਚ ਪੱਖੀ ਦਾ ਵਿਸ਼ੇਸ਼ ਜਿਕਰ ਮਿਲਦਾ ਹੈ।

"ਕਲਕੱਤਿਓਂ ਪੱਖੀ ਲਿਆਦੇ ਝੱਲੂੰਗੀ ਸਾਰੀ ਰਾਤ ਵੇ"

ਆਧੁਨਿਕਤਾ ਦੇ ਦੌਰ ਵਿੱਚ ਪੱਖੀ ਗੈਰ - ਪ੍ਰਸੰਗਿਕ ਹੋ ਗਈ ਹੈ ਗਰਮੀ ਤੋਂ ਬਚਣ ਲਈ ਬਨਾਵਟੀ ਹਵਾ ਦੇ ਆਧੁਨਿਕ ਸਾਧਨਾਂ ਜਿਵੇਂ ਕਿ (ਪੱਖੇ,ਕੂਲਰ ਏ. ਸੀ)ਦੀ ਵਰਤੋਂ ਦੇ ਵਾਧੇ ਕਾਰਨ ਪੱਖੀ ਦੀ ਵਰਤੋਂ ਜ਼ਰੂਰੀ ਨਹੀਂ ਰਹੀ।ਅੱਜ ਦੇ ਦੌਰ ਵਿੱਚ ਇਹ ਸਜਾਵਟ ਜਾਂ ਫਿਰ ਅਜਾਇਬਘਰ ਦੀ ਵਸਤੂ ਬਣ ਗਈ ਹੈ ਜਾਂ ਸਿਰਫ ਸਕੂਲ,ਕਾਲਜਾਂ,ਸੱਭਿਆਚਾਰਕ ਪ੍ਰੋਗਰਾਮਾਂ ਵਿੱਚ ਸਿਰਫ ਦਿਖਾਵੇ ਦਾ ਨਮੂਨਾ ਹੀ ਬਣ ਕੇ ਰਹਿ ਗਈ ਹੈ।

ਪੁਰਾਣੇ ਵੇਲੇ ਦੇ ਲੋਕ ਬੜੀ ਮੁਸ਼ਕਲ ਨਾਲ ਗਰਮੀ ਦੇ ਦਿਨ ਕੱਟਦੇ ਸਨ। ਜਦੋਂ ਉਸ ਵੇਲੇ ਪਿੰਡਾਂ ਵਿਚ ਬਿਜਲੀ ਹੀ ਨਹੀਂ ਸੀ ਹੁੰਦੀ ਤਾਂ ਕਿਥੋਂ ਆਉਣੇ ਸਨ ਬਿਜਲੀ ਨਾਲ ਚੱਲਣ ਵਾਲੇ ਪੱਖੇ ਗਰਮੀ ਦੀ ਰੁੱਤ ਕਈ ਵਾਰ ਬੱਚੇ ਪੱਖੀ ਚੱਲਣ ਦੀ ਵਾਰੀ ਬੰਨ ਲੈਂਦੇ ਸਨ ।ਕਰੀ ਵਾਰ ਜਦੋਂ ਪੱਖੀ ਦੀ ਡੰਡੀ ਫੜ ਕੇ ਘੁੰਮਾਉਂਦੇ ਸੀ ਤਾਂ ਉਸ ਵਿੱਚੋਂ ਚੂ ਦੀ ਅਵਾਜ ਸੁਣ ਕੇ ਬੜੇ ਖੁਸ਼ ਹੁੰਦੇ ਸੀ। ਬਾਹਰ ਪਾਣੀ ਦੀ ਘਾਟ ਕਾਰਨ ਉਨ੍ਹਾਂ ਦਿਨਾਂ ਵਿਚ ਗਰਮੀ ਵੀ ਅੰਤਾਂ ਦੀ ਪੈਂਦੀ ਸੀ। ਖੇਤ ਧੁੱਪ ਨਾਲ ਤਪਦੇ, ਗਰਮ ਲੂਆਂ ਚਲਦੀਆਂ ਤੇ ਕਈ ਕਈ ਮਹੀਨੇ ਚੱਲਣ ਵਾਲੀਆਂ ਗਰਮ ਹਵਾਵਾਂ ਮਨੁੱਖ ਦੇ ਪਿੰਡੇ ਨੂੰ ਝੁਲਸ ਕੇ ਰੱਖ ਦਿੰਦੀਆਂ ਸਨ।ਅਜਿਹੀ ਹਾਲਤ ਵਿਚ ਕੱਚੇ ਮਕਾਨ ਗਰਮੀ ਤੋਂ ਕੁੱਝ ਰਾਹਤ ਦਿੰਦੇ ਸਨ ਪਰ ਹਵਾ ਦੀ ਲੋੜ ਪੂਰੀ ਕਰਨ ਲਈ ਹੱਥਾਂ ਨਾਲ ਚਲਾਉਣ ਵਾਲੇ ਪੱਖੇ ਮਨੁੱਖ ਨੇ ਅਪਣੀ ਲੋੜ ਪੱਖਿਆਂ ਨੂੰ ਚੰਗੀ ਦਿਖ ਦੇਣ ਲਈ ਜਾਂ ਵੱਧ ਹਵਾ ਦੇਣ ਲਈ ਔਰਤਾਂ ਨੇ ਸਭਿਆਚਾਰਕ ਝਾਲਰਦਾਰ ਸੁੰਦਰ ਪੱਖੀਆਂ ਬਣਉਣੀਆਂ ਸ਼ੁਰੂ ਕਰ ਦਿਤੀਆਂ ਸਨ। ਇਹ ਪੱਖੀਆਂ ਜਿਥੇ ਛੋਟੇ ਬੱਚਿਆਂ ਨੂੰ ਝੱਲਣ ਦੇ ਕੰਮ ਆਉਂਦੀਆਂ ਉਥੇ ਮਹਿਮਾਨ ਨਿਵਾਜ਼ੀ ਲਈ ਵੀ ਜ਼ਰੂਰਤ ਨੂੰ ਪੂਰਾ ਕਰਦੀਆਂ ਹਨ ਗਰਮੀ ਦੇ ਦਿਨਾਂ ਵਿਚ ਇਹ ਰੰਗਦਾਰ ਸੁੰਦਰ ਪੱਖੀਆਂ ਇੰਨੀਆਂ ਲੋੜੀਂਦੀਆਂ ਹੁੰਦੀਆਂ ਹਨ ਕਿ ਪਿੰਡਾਂ ਵਿਚ ਕੁੜੀਆਂ ਦੇ ਵਿਆਹ ਦੇ ਦਾਜ ਵਿਚ ਖ਼ਾਸ ਤੌਰ 'ਤੇ ਰੱਖੀਆਂ ਜਾਂਦੀਆਂ ਹਨ ਜੋ ਕੁੜੀਆਂ ਨੂੰ ਸਹੁਰੇ ਘਰ ਦੀ ਲੋੜ ਅਤੇ ਕੁੜੀ ਦੀ ਕਲਾ-ਕ੍ਰਿਤੀ ਲਈ ਅਪਣੀ ਲੋੜ ਮਹਿਸੂਸ ਕਰਵਾਉਂਦੀਆਂ ਹਨ।ਪਹਿਲਾ ਜਦੋਂ ਕਦੇ ਘਰ ਕੋਈ ਮਹਿਮਾਨ ਜਾ ਪ੍ਰਾਹੁਣਾ ਆਉਂਦਾ ਸੀ ਤਾਂ ਉਸਨੂੰ ਝਾਲਰਾਂ ਵਾਲੀ ਪੱਖੀ ਦਿੱਤੀ ਜਾਂਦੀ ਸੀ।ਪੰਜਾਬੀ ਪੇਂਡੂ ਲੋਕ ਮਹਿਮਾਨ ਨਿਵਾਜ਼ੀ ਵਿਚ ਤਾਂ ਸ਼ੁਰੂ ਤੋਂ ਹੀ ਮਾਹਰ ਹਨ, ਇਸ ਲਈ ਪਿੰਡ ਵਿਚ ਜਦੋਂ ਵੀ ਗਰਮੀ ਦੇ ਦਿਨਾਂ ਵਿਚ ਕਿਸੇ ਦੇ ਘਰ ਕੋਈ ਮਹਿਮਾਨ ਆਉਂਦਾ ਤਾਂ ਉਸ ਦਾ ਮੰਜਾ ਵਿਹੜੇ ਵਿਚ ਲੱਗੀ ਨਿੰਮ ਹੇਠ ਡਾਹ ਕੇ ਉਪਰ ਦਰੀ ਅਤੇ ਫੁੱਲ-ਬੂਟੀਆਂ ਵਾਲੀ ਨਵੀਂ ਚਾਦਰ ਵਿਛਾ ਕੇ ਬਿਠਾਇਆ ਜਾਂਦਾ ਅਤੇ ਉਸ ਨੂੰ ਕੋਈ ਵੀ ਹੱਥ-ਪੱਖੀ ਦੇਣਾ ਨਾ ਭੁਲਦਾ। ਜੇ ਕੋਈ ਮਹਿਮਾਨ ਖ਼ਾਸ ਹੁੰਦਾ ਤਾਂ ਘਰ ਦੇ ਨਿਆਣਿਆਂ ਨੂੰ ਹੀ ਉਸ ਮਹਿਮਾਨ ਲਈ ਪੱਖੀ ਝੱਲਣ ਲਾ ਦਿਤਾ ਜਾਂਦਾ।ਕਈ ਵੱਡੇ ਘਰਾਂ ਵਿਚ ਛੱਤ ਉਪਰ ਪੱਖੇ ਲਗਾ ਦਿਤਾ ਜਾਂਦੇ ਸਨ। ਇਹ ਪੱਖੇ ਅੱਜ ਵਾਲੇ ਬਿਜਲੀ ਵਾਲੇ ਪੱਖੇ ਨਹੀਂ ਸਨ, ਸਗੋਂ ਪੱਖੀ ਦੀ ਤਰ੍ਹਾਂ ਦੇ ਝਾਲਰਦਾਰ ਵੱਡੇ-ਵੱਡੇ ਛੱਜ ਵਾਂਗ ਬਣੇ ਪੱਖੇ ਹੁੰਦੇ ਸਨ, ਜੋ ਛੱਤ ਉਪਰ ਟੰਗੇ ਹੁੰਦੇ ਸਨ ਅਤੇ ਜਿਨ੍ਹਾਂ ਨੂੰ ਹੇਠਾਂ ਬੈਠ ਕੇ ਰੱਸੀ ਨਾਲ ਖਿੱਚਿਆ ਜਾਂਦਾ ਸੀ। ਇਹ ਪੱਖੇ ਕਾਫ਼ੀ ਵੱਡੇ ਸਨ, ਇਸ ਲਈ ਵੱਧ ਹਵਾ ਦਿੰਦੇ ਸਨ। ਦੂਜਾ ਇਨ੍ਹਾਂ ਨੂੰ ਚਲਾਉਣਾ ਬਹੁਤ ਸੌਖਾ ਸੀ। ਇਨ੍ਹਾਂ ਪੱਖਿਆਂ ਦੀ ਹਵਾ ਕਾਫ਼ੀ ਦੂਰ ਤਕ ਜਾਂਦੀ ਸੀ ਜਿਸ ਨਾਲ ਜ਼ਿਆਦਾ ਲੋਕ ਇਕ ਪੱਖੇ ਹੇਠ ਬੈਠ ਕੇ ਹੀ ਹਵਾ ਲੈ ਸਕਦੇ ਸਨ।



ਪਿੰਡਾਂ ਵਿਚ ਕਈ ਲੋਕ ਘਰ ਬੈਠ ਕੇ ਹੀ ਪੱਕੇ ਤੌਰ 'ਤੇ ਘਰ ਦਾ ਕੰਮ ਕਰਦੇ ਸਨ ਤਾਂ ਉਹ ਵੀ ਅਪਣੇ ਕੰਮ ਵਾਲੀ ਥਾਂ ਉੱਪਰ ਇਹ ਝਾਲਰੀ ਪੱਖਾ ਲਗਵਾ ਲੈਂਦੇ। ਕਈ ਬਾਣੀਏ ਜੋ ਦੁਕਾਨ ਦਾ ਕੰਮ ਕਰਦੇ ਸਨ ਉਹ ਤਾਂ ਇਸ ਪੱਖੇ ਦਾ ਪੂਰਾ-ਪੂਰਾ ਲਾਹਾ ਲੈਂਦੇ। ਗਾਹਕ ਵੀ ਭੁਗਤਦੇ ਰਹਿੰਦੇ ਅਤੇ ਵਿਹਲੇ ਹੋ ਕੇ ਰੱਸੀ ਵੀ ਖਿਚਦੇ ਰਹਿੰਦੇ।

ਉਨ੍ਹਾਂ ਦਿਨਾਂ ਵਿਚ ਕੁੱਝ ਹੱਥ ਨਾਲ ਝੱਲਣ ਵਾਲੇ ਵੱਡੇ ਪੱਖੇ ਵੀ ਬਣਾਏ ਜਾਂਦੇ ਸਨ, ਜਿਨ੍ਹਾਂ ਨੂੰ ਫੜਨ ਅਤੇ ਝੋਲਣ ਲਈ ਵਿਚਕਾਰ ਇਕ ਡੰਡਾ ਪਾਇਆ ਜਾਂਦਾ ਸੀ।

ਗਰਮੀ ਦੇ ਦਿਨਾਂ ਵਿਚ ਧਾਰਮਿਕ ਜਾਂ ਸਮਾਜਿਕ ਇਕੱਠ ਸਮੇਂ ਅਜਿਹੇ ਵੱਡੇ ਪੱਖਿਆਂ ਦੀ ਵਰਤੋਂ ਕੀਤੀ ਜਾਂਦੀ ਸੀ। ਇਹ ਪੱਖੇ ਛੋ-ਟੀਆਂ ਪੱਖੀਆਂ ਦਾ ਵੱਡਾ ਰੂਪ ਹੀ ਹੁੰਦੇ ਸਨ ਪਰ ਜਦ ਤੋਂ ਪਿੰਡਾਂ ਵਿਚ ਬਿਜਲੀ ਆ ਗਈ ਹੈ ਤਾਂ ਹਰ ਘਰ ਵਿਚ ਬਿਜਲੀ ਦੇ ਪੱਖਿਆਂ ਨੇ ਹੀ ਅਪਣੇ ਪੈਰ ਜਮਾ ਲਏ ਹਨ। ਉਨ੍ਹਾਂ ਝਾਲਰੀ ਪੱਖਿਆਂ ਦੀ ਥਾਂ ਤਿੰਨ ਪਰਾਂ ਵਾਲੇ ਬਿਜਲੀ ਦੇ ਪੱਖੇ ਲਟਕਣ ਲੱਗੇ ਅਤੇ ਬਿਜਲੀ ਦਾ ਬਟਨ ਦਬਾਉਂਦੇ ਹੀ ਹਵਾ ਦੀ ਲੋੜ ਪੂਰੀ ਕਰ ਕੇ ਗਰਮੀ ਨੂੰ ਭਜਾਉਣ ਲੱਗੇ। ਲੋਕਾਂ ਨੂੰ ਵੀ ਬੜਾ ਸੁੱਖ ਜਿਹਾ ਪ੍ਰਾਪਤ ਹੋਣ ਲੱਗਿਆ।

ਵੱਡੇ-ਵੱਡੇ ਵਿਹੜਿਆਂ ਵਿਚ ਵੀ ਤੇਜ਼ ਰਫ਼ਤਾਰ ਫ਼ਰਾਟੇ ਪੱਖੇ ਬਿਜਲੀ ਨਾਲ ਚਲਦੇ ਹੋਏ ਹਵਾ ਮਾਰਨ ਲੱਗੇ। ਲੋਕ, ਹੱਥ ਪੱਖੇ ਜਾਂ ਛੱਤ ਵਾਲੇ ਵੱਡੇ ਦੇਸੀ ਪੱਖਿਆਂ ਨੂੰ ਭੁੱਲ ਗਏ। ਇਥੋਂ ਤਕ ਕਿ ਉਨ੍ਹਾਂ ਪੇਂਡੂ ਵਿਆਹਾਂ ਵਿਚ ਦਾਜ ਲਈ ਰੱਖੀਆਂ ਸੋਹਣੀਆਂ ਕਢਾਈ ਵਾਲੀਆਂ ਪੱਖੀਆਂ ਦੀ ਥਾਂ ਵੀ ਟੇਬਲ ਫ਼ੈਨ ਨੇ ਲੈ ਲਈ ਅਤੇ ਹਰ ਗ਼ਰੀਬ-ਅਮੀਰ ਲੋਕ ਦਾਜ ਵਿਚ ਲੜਕੀ ਨੂੰ ਇਹ ਪੱਖੇ ਦੇਣ ਲੱਗ ਪਏ।

ਜਿਉਂ ਜਿਉਂ ਮਨੁੱਖ ਦੇਸੀ ਛੱਤ ਵਾਲੇ ਪੱਖਿਆਂ ਤੋਂ ਦੂਰ ਜਾਂਦਾ ਗਿਆ ਤਿਉਂ ਤਿਉਂ ਘਰਾਂ ਵਿਚ ਵੀ ਬਿਜਲੀ ਪੱਖਿਆਂ ਦੀ ਥਾਂ ਕੂਲਰਾਂ ਨੇ ਲੈ ਲਈ ਅਤੇ ਬਹੁਤੇ ਰੱਜੇ-ਪੁਜੇ ਘਰਾਂ ਵਿਚ ਤਾਂ ਏ.ਸੀ ਵੀ ਆ ਗਿਆ। ਹੁਣ ਤਾਂ ਇਹ ਹਾਲਾਤ ਹਨ ਕਿ ਸ਼ਹਿਰਾਂ ਵਿਚ ਤਾਂ ਇਕ ਇਕ ਘਰ ਵਿਚ ਕਈ ਕਈ ਏ.ਸੀ ਲੱਗੇ ਹੋਏ ਹਨ। ਪੰਜਾਬ ਦੇ ਪਿੰਡਾਂ ਵਿਚ ਵੀ ਹੁਣ ਮਹਿਮਾਨ ਨੂੰ ਨਿੰਮ ਹੇਠ ਮੰਜਾ ਡਾਹ ਕੇ ਪੱਖੀ ਦੇਣ ਦੀ ਥਾਂ ਏਸੀ ਵਾਲੇ ਕਮਰੇ ਵਿਚ ਹੀ ਬਿਠਾਇਆ ਜਾਂਦਾ ਹੈ। ਪਰ ਹੁਣ ਇਹ ਸੱਭ ਗੱਲਾਂ ਬੀਤੇ ਦੀਆਂ ਯਾਦਾਂ ਤੇ ਬਾਤਾਂ ਹੋ ਕੇ ਰਹਿ ਗਈਆਂ ਹਨ, ਅਜੋਕੇ ਬਦਲੇ ਸਮੀਕਰਣਾਂ ਮੁਤਾਬਕ ਹੁਣ ਇਨ੍ਹਾਂ ਗੱਲਾਂ ਦੀ ਕੋਈ ਅਹਿ-ਮੀਅਤ ਹੀ ਨਹੀਂ ਰਹਿ ਗਈ ਕਿਉਂਕਿ ਅਸੀਂ ਬਹੁਤ ਅਗਾਂਹ ਵਧੂ ਤੇ ਅਮੀਰੀ ਦੀ ਝਲਕ ਵਾਲੇ ਹੋ ਗਏ ਹਾਂ, ਪਰ ਸਾਡਾ ਅਸਲੀ ਵਿਰਸਾ ਤਾਂ ਇਹੀ ਸੀ!

ਅੱਜ ਵਿਗਿਆਨਕ ਸਹੂਲਤ ਦਾ ਹਰ ਕੋਈ ਫ਼ਾਇਦਾ ਲੈਣਾ ਚਾਹੁੰਦਾ ਹੈ ਅਤੇ ਜ਼ਮਾਨੇ ਦੀ ਗਤੀ ਵੀ ਬੜੀ ਤੇਜ਼ੀ ਨਾਲ ਬਦਲਦੀ ਵੇਖੀ ਗਈ ਹੈ। ਪਰ ਜੋ ਸੁੱਖ ਤੇ ਚੈਨ ਕੁਦਰਤੀ ਵਾਤਾਵਰਣ ਵਿਚ ਰਹਿ ਕੇ ਉਨ੍ਹਾਂ ਛੱਤ ਵਾਲੇ ਝਾਲਰੀ ਪੱਖਿਆਂ ਹੇਠ ਮਿਲਦਾ ਸੀ ਉਹ ਅੱਜ ਏ.ਸੀ ਲੱਗੇ ਹੋਏ ਬੰਦ ਕਮਰਿਆਂ ਵਿਚ ਨਹੀਂ ਲੱਭਦਾ। ਬਹੁਤ ਸਾਰੇ ਲੋਕ ਤਾਂ ਏ.ਸੀ ਦੀ ਹਵਾ ਨਾਲ ਬਿਮਾਰ ਹੋ ਜਾਂਦੇ ਹਨ ਅਤੇ ਕੁਦਰਤ ਅਤੇ ਕੁਦਰਤੀ ਹਵਾ ਤੋਂ ਦੂਰ ਰਹਿ ਕੇ ਬਿਮਾਰੀਆਂ ਸਹੇੜ ਬੈਠਦੇ ਹਨ। ਸਾਡੇ ਪੁਰਾਣੇ ਪੱਖੇ, ਪੱਖੀਆਂ ਅਤੇ ਉਹ ਝਾਲਰੀ ਪੱਖੇ ਸਾਡੇ ਸਭਿਆਚਾਰ ਦਾ ਅੰਗ ਵੀ ਬਣੇ ਰਹੇ ਹਨ।ਅੱਜ ਕੱਲ੍ਹ ਦੇ ਬੱਚਿਆਂ ਨੇ ਤਾਂ ਉਹ ਪੱਖੇ ਵੇਖੇ ਹੀ ਨਹੀਂ ਹਨ। ਇਸ ਦੇ ਨਾਲ ਹੀ ਅੱਜ ਦੀਆਂ ਕੁੜੀਆਂ ਵੀ ਇਹ ਗੀਤ ਭੁੱਲ ਗਈਆਂ ਹਨ ਕਿ -

ਵੇ! ਲੈ ਦੇ ਮੈਨੂੰ ਮਖ਼ਮਲ ਦੀ ਪੱਖੀ ਘੁੰਗਰੂਆਂ ਵਾਲੀ...

ਕੁੱਝ ਵੀ ਹੋਵੇ ਚਾਹੇ ਪਰ ਸਾਡਾ ਸਾਰਿਆ ਦਾ ਫ਼ਰਜ਼ ਬਣਦਾ ਹੈ ਕਿ ਅਪਣੇ ਬੱਚਿਆਂ ਨੂੰ ਪੰਜਾਬੀ ਸਭਿਆਚਾਰ ਬਾਰੇ ਜ਼ਰੂਰ ਦੱਸਦੇ ਰਹੀਏ ਤਾਂ ਜੋ ਪੁਰਾਣੇ ਵਿਰਸੇ ਸਭਿਆਚਾਰ ਨੂੰ ਮੁੜ ਤੋਂ ਬਹਾਲ ਕੀਤਾ ਜਾ ਸਕੇ।

## ਸ਼ੇਰ-ਏ-ਪੰਜਾਬ

ਭਾਰਤ ਮਾਂ ਦੇ ਪੁੱਤ ਪੰਜਾਬੀ ਸਿਆਂ ਕਿੱਧਰ ਗੁਆਚ ਗਿਆ
ਪਤਾ ਲੱਗਿਆ ਤੇਰੇ ਸੱਟਾਂ ਲੱਗੀਆਂ ਤਾਹੀਉਂ ਪੱਤਰੇ ਵਾਚ ਗਿਆ
ਮਾਰ ਗਏ ਉਹੀ ਸੱਟਾਂ ਜੀਹਨੂੰ ਕੀਤੀਆਂ ਹੱਥੀਂ ਛਾਵਾਂ
ਤੂੰ ਤਾਂ ਕਿਥੇ ਤੁਰ ਗਿਆ ਵੇ ਤੈਨੂੰ ਕਿੱਥੋਂ ਲੱਭ ਕੇ ਲਿਆਵਾਂ।

ਤੇਰੇ ਭਰਾ ਹਿਮਾਚਲ ਤੇ ਹਰਿਆਣਾ ਦੋਵੇਂ ਲੜਦੇ ਰਹਿੰਦੇ
ਵੰਡਣ ਵੇਲੇ ਰੱਖਿਆ ਕੁਝ ਨਾ ਨਾ ਉਹ ਟਿਕ ਕੇ ਬਹਿੰਦੇ
ਨਹਿਰਾਂ ਨਲਕੇ ਪੱਟ ਕੇ ਲੈ ਗਏ ਮਰ ਗਈਆਂ ਮੱਝੀਆਂ ਗਾਵਾਂ
ਤੂੰ ਤਾਂ ਕਿੱਥੇ ਤੁਰ ਗਿਆ ਵੇ, ਤੈਨੂੰ ਕਿੱਥੋਂ ....

ਧੀ ਧਰਤੀ ਤੇਰੀ ਆਜ਼ਾਦੀ ਮਗਰੋਂ ਉਹ ਵੀ ਘਰੋਂ ਤਾਂ ਕੱਢਤੀ
ਕੱਢ ਕੇ ਵੀ ਬੱਸ ਢਿੱਡ ਨਾ ਭਰਿਆ ਟੁਕੜੇ ਟੁਕੜੇ ਕਰਤੀ
ਹਰ ਟੁਕੜੇ ਵਿਚੋਂ ਅੱਗ ਨਿਕਲਦੀ ਦੱਸ ਮੈਂ ਕਿਵੇਂ ਬੁਝਾਵਾਂ
ਤੂੰ ਤਾਂ ਕਿੱਥੇ ਤੁਰ ਗਿਆ ਵੇ, ਤੈਨੂੰ ਕਿੱਥੋਂ ....

ਤੇਰੀ ਮਾਂ ਮਤਰੇਈ ਦਿੱਲੀ ਨੇ ਵੀ ਕਸਰ ਕੋਈ ਨਾ ਛੱਡੀ
ਉਜਾੜ ਦਿੱਤੇ ਘਰ ਵੱਸਦੇ ਬਣਕੇ ਬਹਿ ਗਈ ਦੁਸ਼ਮਣ ਵੱਡੀ
ਨਾ ਕੋਈ ਸੁਣਦਾ ਕੀਹਨੂੰ ਦੱਸੀਏ ਭੰਨ ਤੀਆਂ ਡੋਲਿਉਂ ਬਾਹਵਾਂ
ਤੂੰ ਤਾਂ ਕਿੱਥੇ ਤੁਰ ਗਿਆ ਵੇ, ਤੈਨੂੰ ਕਿੱਥੋਂ ....

ਆਖਿਰ ਹਾਰ ਹੰਭ ਕੇ ਲੱਭਣ ਲਈ ਫਿਰ 'ਦੇਵ' ਨੇ ਕਰੀ ਤਿਆਰੀ
ਉਹਨੇ ਲੱਭ ਲਿਆ ਤੇਰਾ ਝੰਡਾ ਤੇਰੇ ਲਈ ਜੰਗ ਰਹੂਗੀ ਜਾਰੀ
ਜਿਉਂਦਾ ਲੱਭ ਕੇ ਛੱਡਾਂਗੇ ਸਾਰੇ ਕਰਦੇ ਅਰਜ਼ ਦੁਆਵਾਂ
ਤੂੰ ਤਾਂ ਕਿੱਥੇ ਤੁਰ ਗਿਆ ਵੇ, ਤੈਨੂੰ ਕਿੱਥੋਂ ਲੱਭ ਕੇ ਲਿਆਵਾਂ।



- ਦੇਵ ਘੋਲੀਆ ਖੁਰਦ
(ਫਰਿਜ਼ਨੋ)
550-232-7764

# 'ਰੰਗ ਬਰੰਗੀ' ਪੰਜਾਬੀ ਵੈਬ ਸੀਰੀਜ ਦੇ ਸਿਤਾਰੇ

– ਅੰਮ੍ਰਿਤ ਪਵਾਰ








**ਗੁਰਵਿੰਦਰ ਕੰਬੋਜ**

ਨਵਾਂ ਚਿਹਰਾ ਹੈ ਇਸ ਖੇਤਰ 'ਚ ਪਰ ਪਹਿਲੀ ਵੇਰ ਇਸ 'ਚ ਰਾਜਬੀਰ ਦੇ ਦੋਸਤ ਪੰਮਾ ਦਾ ਕਿਰਦਾਰ ਵਧੀਆ ਕੀਤਾ ਹੈ। ਕੋਟਲੀ ਪਿੰਡ ਅੰਮ੍ਰਿਤਸਰ ਦਾ ਗੁਰਵਿੰਦਰ ਕੰਬੋਜ ਦੱਸਦਾ ਹੈ ਨਿਰਦੇਸ਼ਕ ਪ੍ਰੀਤ ਸਿੱਧੂ ਤੇ ਉਸਤੋਂ ਕੰਮ ਕਰਵਾ ਲਿਆ ਤੇ ਸੀਰੀਜ ਅੱਜ ਦੇ ਪੀ.ਜੀ ਰਹਿੰਦੇ ਮੁੰਡਿਆਂ ਦੀ ਸ਼ਾਨਦਾਰ ਤੇ ਸੱਚੀਕਹਾਣੀ ਹੈ ।

**ਅਨੂ ਚੋਧਰੀ**

'ਰੰਗ ਬਰੰਗੀ' 'ਚ ਆਧੁਨਿਕ ਘਰਵਾਲੀ ਬਣੀ ਹੈ ਅਨੂ ਚੋਧਰੀ ਜਿਸਦੀ ਐਨ.ਆਰ ਪਤੀ ਗੈਰੀ ਨਾਲ ਬਣਦੀ ਨਹੀਂ ਤੇ ਫਿਰ ਰਾਜਬੀਰ ਨਾਲ ਉਹ ਪਿਆਰ ਕਰ ਬੈਠਦੀ ਹੈ ਪਰ ਇਥੇ ਵੀ ਉਸਦੇ ਪੱਲੇ ਨਾਕਾਮੀ ਪੈਂਦੀ ਹੈ । ਅਨੂ ਚੋਧਰੀ ਨੇ ਬੱਬੂ ਮਾਨ ਨਾਲ ਵੀਡਿਉ ਕੀਤੇ ਹਨ ਤੇ ਹੁਣ ਰਾਜਪਾਲ ਯਾਦਵ ਨਾਲ 'ਮਿੱਠੂ ਦਾ ਵਿਆਹ' 'ਚ ਹੀ-ਰੋਇਨ ਆ ਰਹੀ ਹੈ ।

**ਪ੍ਰੀਤ ਸਿੱਧੂ**

ਸੀਰੀਜ 'ਚ ਰਾਜਬੀਰ ਬਣਿਆ ਪ੍ਰੀਤ ਸਿੱਧੂ ਖਰੜ ਰਹਿੰਦਾ ਹੈ ਤੇ ਸੀਰੀਜ 'ਚ ਮਣੀ ਦੇ ਪਿਆਰ ਦੀ ਖਾਤਿਰ ਗਲਤ ਰਾਹ ਪੈ ਕਿ ਪੈਸੇ ਕਮਾਉਂਦੇ ਤੇ ਹੋਰ ਔਰਤ ਨਾਲ ਸਬੰਧ ਰੱਖ ਕਿ ਵੀ ਉਸਨੂੰ ਅੰਤ 'ਚ ਮਨੀ ਨਾਲ ਮਿਲਦੀ, ਮਿਲਦੀ ਪਰ? ਪ੍ਰੀਤ ਸਿੱਧੂ ਪਹਿਲਾਂ 'ਜੁਗਨੀ ਹੱਥ ਕਿਸੇ ਨਹੀਂ ਆਉਣੀ ਦਾ ਹੀਰੋ ਰਿਹਾ ਹੈ ।

**ਪੂਨਮ ਕਾਜਲ**

ਚਲਾਕ – ਚੁਸਤ ਰੀਨਾ ਦਾ ਕੰਮ ਹਰਿਆਣਵੀ ਕੁੜੀ ਪੂਨਮ ਨੇ ਕੀਤਾ ਹੈ । ਉਹ ਐਮ.ਐਚ.ਵੰਨ ਦੇ ਸੀਰੀਅਲ ਵੀ ਕਰਦੀ ਹੈ । ਇਸ 'ਚ ਉਹ ਕੁੜੀਆਂ ਦੇ ਪੀ.ਜੀ ਕੁੜੀਆਂ ਦੀ 'ਗਰਲ ਗੈਂਗ ਲੀਡਰ' ਹੈ । ਕਿਰਦਾਰ ਉਸ ਕਮਾਲ ਦਾ ਕੀਤਾ ਹੈ ।

**ਸੰਦੀਪ ਭੁਲਰ**

ਗੈਰੀ ਬਣ ਪ੍ਰਵਾਸੀ ਪਰ ਪਤੀ ਸੰਦੀਪ ਭੁੱਲਰ ਬਣਿਆ ਹੈ । ਪਹਿਲਾਂ ਉਹ ਕਾਫੀ ਫਿਲਮਾਂ ਕਰ ਚੁੱਕਾ ਹੈ ਤੇ ਇਸ ਸਮੇਂ ਆਸਟਰੇਲੀਆ ਵਿਸੇ ਸ਼ਾਰਟ ਫਿਲਮਾਂ ਕਰ ਰਿਹਾ ਹੈ।

**ਰਮਨ ਮੁਟਿਆਰ**

ਮਾਡਰਨ ਕੁੜੀ ਦਾ ਕਿਰਦਾਰ ਚੰਡੀਗੜ੍ਹ ਮੁਟਿਆਰ ਨੇ ਨਿਭਾਇਆ ਹੈ । ਰਮਨ ਬਹੁਤ ਸਾਰੀਆਂ ਪੰਜਾਬੀ ਫਿਲਮਾਂ ਕਰ ਚੁੱਕੀ ਹੈ । ਪਿੰਡਾਂ ਦੇ ਮੁੰਡੇ ਸਹੀ ਹੁੰਦੇ ਉਸਦਾ ਇਥੇ ਸੰਵਾਦ ਹੈ।



ਅੰਮ੍ਰਿਤ ਪਵਾਰ








**ਮੇਹਰ ਹੋਏ ਦਿਲਜੀਤ ਕੌਰ ਤੇ**

ਉਹ ਪਿਆਰੀ ਜੱਟੀ, ਗੋਰੀ ਚਿੱਟੀ 'ਪੁੱਤ ਜੱਟਾਂ ਦੇ' ਹੀਰੋਇਨ ਦਿਲਜੀਤ ਕੌਰ ਜਿਸ ਧਰਮਿੰਦਰ, ਵਰਿੰਦਰ, ਸਤੀਸ ਕੌਰ, ਧੀਰਜ ਕੁਮਾਰ ਨਾਲ 'ਦਾਜ' 'ਸੈਦਾਂ ਜੋਗਨ' ਸਮੇਤ ਅਨੇਕਾਂ ਕਾਮਯਾਬ ਫਿਲਮਾਂ ਕੀਤੀਆ ਅੱਜ ਬਿਮਾਰ ਹੈ, ਇਕੱਲੀ ਮੁੰਬਈ ਇਕਲਾਪਾ ਕੱਟ ਰਹੀ ਹੈ ।

'ਗੁਰਦਾਸ ਮਾਨ' ਨਾਲ 'ਮਾਮਲਾ ਗੜਬੜ ਹੈ' ਕਰਨ ਵਾਲੀ ਦਿਲਜੀਤ ਕੌਰ ਸਿਵੀ-ਗੂੜੀ ਦੀ ਜੰਮਪਲ ਟਰਾਂਸਪੋਰਟ ਪਰਿਵਾਰ ਦੀ ਧੀ ਲਈ ਅਰਦਾਸਾਂ ਕਰੀਏ ਕਿ ਸਿਹਤ ਯਾਬ ਹੋ ਕਿ ਉਹ ਫਿਰ ਫਿਲਮਾਂ ਕਰੇ !

**ਨਿਰਮਾਤਾ ਸੰਦੀਪ ਸਿੰਘ**

ਵਿਫਪਾ ਮੁੰਬਈ ਦਾ ਪ੍ਰਵਾਇਨਤ ਜਵਾਨ ਫਿਲਮ ਨਿਰਮਾਤਾ ਸੰਦੀਪ ਸਿੰਘ ਆ ਚੁੱਕਾ ਹੈ ਫਿਲਮੀ ਮੈਦਾਨ 'ਚ ਤੇ ਵੈਬ ਸੀਰੀਜ 'ਰੰਗ ਬਰੰਗੀ' ਤਿਆਰ ਕਰਨ ਉਪਰੰਤ ਉਹ ਇਸਦੀ ਵਿਸ਼ਾਲ ਰਲੀਜ ਦੀ ਯੋਜਨਾ ਬਣਾ ਰਿਹਾ ਹੈ । ਸੰਦੀਪ ਸਿੰਗ ਇਸਦਾ ਸ਼ਾਨਦਾਰ ਟਰੇਲਰ ਬਣਵਾ ਰਿਹਾ ਹੈ । ਸੰਦੀਪ ਸਿੰਘ ਨੇ 'ਰੰਗ ਬਰੰਗੀ' ਲਈ ਨਿਰਦੇਸ਼ਕ ਪ੍ਰਤਿ ਸਿੱਧੀ ਦਾ ਧੰਨਵਾਦ ਕੀਤਾ ਹੈ ।

**ਅਭਿਨੇਤਰੀ ਅਨੂਜੋਤ ਕੌਰ**

ਜਿੰਨਾਂ ਮਿੱਠਾ ਗਲਾ ਹੈ ਅਨੂਜੋਤ ਕੌਰ ਦਾ ਉਸ ਤਰਾਂ ਹੀ ਮਿੱਠੀ ਸੂਰਤ-ਸੀਰਤ ਹੈ ਉਸਦੀ ਤੇ ਅੰਤਰਾਸ਼ਟਰੀ ਪੰਜਾਬਣ ਲੁੱਕ ਤੇ ਸੂਫੀ ਗਾਇਕਾ ਅਨੂਜੋਤ ਕੌਰ ਦੇ ਤਾਜਾ, ਵੀਡਿਊਜ ਦੇਖ ਸਲਾਹ ਹੈ ਕਿ ਉਹ ਅਭਿਨੇਤਰੀ ਬਣ ਪਰਦੇ ਤੇ ਆਏਤੇ ਫਿਰ ਗਾਇਕਾ-ਨਾਇਕਾ ਬਣ ਰਾਜ ਕਰੇ । ਰੇਸ਼ਮਾ, ਆਸਾ ਭੌਂਸਲੇ ਦੇ ਗੀਤ ਸੁਕ ਉਸਤੋਂ ਲੁਤਫ ਜਿਹਾ ਆ ਜਾਂਦਾ ਹੈ ।

**ਮਾਂ ਦਾ ਅਸੀਰਵਾਦ – ਸੁੱਖੀ ਧੀਮਾਨ**

'ਰੰਗ ਬਰੰਗੀ' ਵੈਬ ਸੀਰਜਿ ਰੰਗ ਬਰੰਗੇ ਕਲਾਕਾਰ ਪੈਦਾ ਕਰ ਰਹੀ ਹੈ । ਇਸ 'ਚ ਸੁੱਕੀ ਧੀਮਾਨ ਨੇ ਹੀਰੋ ਸੰਦੀਪ ਭੁੱਲਰ ਦੇ ਦੋਸਤ ਦਾ ਕਿਰਦਾਰ ਕੀਤਾ ਹੈ । ਸੁੱਖੀ ਧੀਮਾਨ ਆਪਣੇ ਹਰ ਕੰਮ ਦੀ ਸ਼ੁਰੂਆਤ ਆਪਣੀ ਮਾਂ ਦਾ ਅਸ਼ੀਰਵਾਦ ਲੈ ਕਰਦਾ ਹੈ । ਸੁੱਖੀ ਧੀਮਾਨ ਨੇ ਕਿਹਾ ਕਿ ਮਾਂ ਦੇ ਸਿਰ ਤੇ ਹੱਥ ਨੇ ਹੀ ਉਸਨੂੰ ਨਾਮਵਰ ਕਲਾਕਾਰ ਬਣ ਦੇਣਾ ਹੈ ।

**ਮਨੀ ਬੋਪਾਰਏ ਵੱਲੋਂ ਭੱਲੇ ਦੀ ਸਿਫਤ**

ਮਨੀ ਬੋਪਾਰਾਏ ਲੋਕਪ੍ਰਿਯ ਐਕਟਰੈਸ ਹੈ । ਯੋ-ਗਰਾਜ ਸਿੰਘ ਦੀ ਸਿੱਖਿਅਤ ਅਦਾਕਾਰ ਮਨੀ ਨੇ ਕਮੇਡੀਅਨ ਜਸਵਿੰਦਰ ਭੱਲਾ ਦੀ ਕਲਾਕਾਰੀ ਦੇ ਨਾਲ ਅਬਿਨੈ ਟਸੀਚਰ ਤੌਤ ਤੇ ਸਿਫਤ ਕੀਤੀ ਕਿ ਉਹ ਸਭ ਨੂੰ ਹਾਸੇ ਦੇ ਨਾਲ-ਨਾਲ ਐਕਟਿਮਗ ਦੇ ਵੀ ਗੁਰਮੰਤਰ ਦਿੰਦੇ ਰਹਿੰਦੇ ਹਨ ।

**ਖਲਨਾਇਕ ਪੂਨਮ ਕਾਜਲ**

ਅਜਬ ਦਾ ਚਲਾਕ ਤੇ ਖਲਨਾਇਕਾ ਕੁੜੀ ਦਾ ਕਿਰਦਾਰ ਪੂਨਮ ਕਾਜਲ ਨੇ ਸੰਦੀਫ ਦੀ 'ਰੰਗ ਬਰੰਗੀ' 'ਚ ਕੀਤਾ ਹੈ। ਪ੍ਰੀਤ ਸਿੱਧ ਅਨੁਸਾਰ ਪੂਨਮ ਨੂੰ ਫਿਲਮਾਂ ਵਾਲੇ ਦੁਸਰਾਂ ਬਿੰਦੂ ਸਮਝ ਬਹੁਤ ਕੰਮ ਦੇਣਗੇ । ਸਾਬਾਸ ਪੂਨਮ ਕਾਜਲ – ਕੁੜੀ ਹਰਿਆਣੇ ਦੀ।

# ਮੈਂ ਕੱਤਾਂ ਪ੍ਰੀਤਾਂ ਨਾਲ ਚਰਖਾ ਚੰਨਣ ਦਾ



ਰਾਜਨਦੀਪ ਕੌਰ ਮਾਨ
91-62393-26166

ਸਾਡਾ ਪੁਰਾਤਨ ਵਿਰਸਾ ਬੜਾ ਹੀ ਖੂਬਸੂਰਤ ਸੀ ਔਰਤਾਂ ਦੇ ਕੰਮ ਦੀ ਹਰ ਚੀਜ਼ ਬੜੇ ਸੋਹਣੇ ਤੇ ਸੁਚੱਜੇ ਢੰਗ ਨਾਲ ਸਜੀ ਸੰਵਰੀ ਤੇ ਸ਼ੰਗਾਰੀ ਹੁੰਦੀ ਸੀ। ਮਿਸਾਲ ਵਜੋਂ ਚਰਖਾ ਹੀ ਦੇਖ ਲਵੋ ਸਾਡੇ ਘਰ ਮੇਰੀ ਦਾਦੀ ਜੀ ਦਾ ਚਰਖਾ ਹਾਲੇ ਤੱਕ ਪਿਆ ਹੋਇਆ ਹੈ ।ਉਸ ਵਿਚ ਪਿੱਤਲ ਦੀਆਂ ਮੇਖਾਂ ਤੇ ਚਿੜੀਆਂ ਇੰਨੀ ਖੂਬਸੂਰਤੀ ਨਾਲ ਜੁੜੀਆਂ ਹੋਈਆਂ ਨੇ ਕਿ ਦਿਲ ਉਸਨੂੰ ਦੇਖਕੇ ਅਸ਼-ਅਸ਼ ਕਰ ਉੱਠਦਾ ਹੈ। ਪੁਰਾਣੇ ਜ਼ਮਾਨੇ ਵਿੱਚ ਚਰਖਾ ਧੀਆਂ ਭੈਣਾਂ ਨੂੰ ਦਾਜ ਵਿੱਚ ਦਿੱਤਾ ਜਾਂਦਾ ਸੀ। ਇਸ ਚਰਖੇ ਨਾਲ ਬਹੁਤ ਸਾਰੀਆਂ ਰੀਝਾਂ ਤੇ ਸੱਧਰਾਂ ਨਾਲ ਜੁੜੀਆਂ ਹੋਈਆਂ ਹੁੰ-ਦੀਆਂ ਸਨ। ਸਾਰੀ ਜ਼ਿੰਦਗੀ ਦੀ ਧੀ ਆਪਣੇ ਬਾਬਲ ਦੁਆਰਾ ਰੀਝਾਂ ਨਾਲ ਬਣਵਾ ਕੇ ਦਿੱਤੇ ਚਰਖੇ ਦੀਆਂ ਵਡਿਆਈਆਂ ਕਰਦੀ ਨਾ ਥੱਕਦੀ ਸੀ। ਆਪਣੀ ਜਾਨ ਨਾਲੋਂ ਵੀ ਜ਼ਿਆਦਾ ਸੰਭਾਲ ਕੇ ਰੱਖਦੀ ਸੀ ।ਕਾਲੀ ਟਾਹਲੀ ਦਾ ਚਰਖਾ ਸਭ ਤੋਂ ਵੱਧ ਮਜ਼ਬੂਤ ਮੰਨਿਆ ਜਾਂਦਾ ਸੀ ਜਿਸ ਵਿੱਚੋਂ ਖੁਸ਼ਬੂ ਵੀ ਹੁੰਦੀ ਸੀ ਪੰਜਾਬੀ ਲੋਕ ਗੀਤਾਂ ਵਿੱਚ ਤਾਂ ਚੰਦਨ ਦੇ ਚਰਖੇ ਦਾ ਵੀ ਜ਼ਿਕਰ ਆਉਂਦਾ ਹੈ।

ਨੀਂ ਮੈਂ ਕੱਤਾਂ ਪਰੀਤਾਂ ਨਾਲ ਚਰਖਾ ਚੰਨਣ ਦਾ,  
ਸ਼ਾਵਾ ਚਰਖਾ ਚੰਨਣ ਦਾ,  
ਇਹ ਚਰਖਾ ਮੇਰੀ ਮਾਂ ਨੇ ਦਿੱਤਾ,  
ਵਿਚ ਲਵਾਈਆ ਮੇਖਾਂ,  
ਹਰ ਪਲ ਮਾਂ ਨੂੰ ਯਾਦ ਕਰਾਂ,  
ਜਦ ਚਰਖੇ ਵੱਲ ਵੇਖਾਂ,  
ਚਰਖਾ ਚੰਨਣ ਦਾ।

ਪੁਰਾਣੇ ਸਮੇਂ ਵਿੱਚ ਤ੍ਰਿੰਜਣਾਂ ਵਿੱਚ ਇਕੱਠੀਆਂ ਹੋ ਕੇ ਕੁੜੀਆਂ ਸਾਰੀ ਸਾਰੀ ਰਾਤ ਚਰਖੇ ਕੱਤਦੀਆਂ ਤੇ ਨਾਲ ਲੰਮੀਆਂ ਹੇਕਾਂ



ਵਾਲੇ ਗੀਤ ਛੋਹ ਲੈਂਦੀਆਂ। ਨਵੀਆਂ ਵਿਆਹੀਆਂ ਆਪਣੇ ਮਾਂ-ਬਾਪ ਭੈਣ ਭਰਾਵਾਂ ਦੀ ਯਾਦ ਵਿੱਚ ਗਾਉਂਦੀਆਂ ਤੇ ਜਿਨ੍ਹਾਂ ਦੇ ਕੰਤ ਪਰਦੇਸੀ ਹੁੰਦੇ, ਉਹ ਚਰਖਾ ਕੱਤਦੀਆਂ ਉਨ੍ਹਾਂ ਦੀਆਂ ਯਾਦਾਂ ਵਿੱਚ ਗੁਆਚ ਜਾਂਦੀਆਂ। ਚਰਖੇ ਦੀ ਘੂਕ ਦਿਲਾਂ ਤੇ ਜਾਦੂ ਵਰਗਾ ਅਸਰ ਕਰਦੀ।

ਜੋਗੀ ਉੱਤਰ ਪਹਾੜੋਂ ਆਏ,  
ਚਰਖੇ ਦੀ ਘੂਕ ਸੁਣ ਕੇ।

ਚਰਖੇ ਦੇ ਨਾਲ ਕੱਤਣੀ ,ਅਟੇਰਨ ,ਗਲੋਟੇ, ਪੂਣੀਆਂ ਦਾ ਵੀ ਗੂੜ੍ਹਾ ਰਿਸ਼ਤਾ ਏ। ਜਿੱਥੇ ਚਰਖੇ ਦਾ ਜ਼ਿਕਰ ਹੁੰਦਾ ਹੈ ਉਥੇ ਇਹਨਾਂ ਚੀਜ਼ਾਂ ਦਾ ਵੀ ਜਿਕਰ ਹੋਣਾ ਲਾਜ਼ਮੀ ਹੈ। ਕੱਤਣੀ ਵਿਚ ਪੂਣੀਆਂ ਰੱਖੀਆਂ ਹੁੰਦੀਆਂ ਸਨ ਜੋ ਕਿ ਰੂੰ ਨੂੰ ਪਿੰਜ ਸਵਾਰ ਕੇ ਬਣਦੀਆਂ ਸਨ। ਗਲੋਟੇ ਤੰਦ ਕੱਤ ਕੱਤ ਕੇ ਬਣਦਾ ਸੀ। ਅਟੇਰਣ ਨਾਲ ਗਲੋਟੇ ਅਟੇਰਦੀ ਲੱਛੇ ਬਣਾਏ ਜਾਂਦੇ ਸਨ ਜੋ ਵੱਖ-ਵੱਖ ਮਕਸਦ ਲਈ ਵਰਤੇ ਜਾਂਦੇ ਸਨ।

ਚਰਖੇ ਤੋਂ ਸਾਡੀਆਂ ਪੰਜਾਬੀ ਔਰਤਾਂ ਦੇ ਮਿਹਨਤੀ ਤੇ ਕਰਮਠ ਹੋਣ ਦੀ ਗਵਾਹੀ ਵੀ ਮਿਲਦੀ ਹੈ। ਕਿਉਂਕਿ ਪੁਰਾਣੇ ਜ਼ਮਾਨੇ ਵਿਚ ਸਾਰੇ ਕੰਮ ਹੱਥੀਂ ਕੀਤੇ ਜਾਂਦੇ ਸਨ। ਹਰ ਕੰਮ ਤੇ ਬਹੁਤ ਮਿਹਨਤ ਲੱਗਦੀ ਸੀ। ਮਿਸਾਲ ਵਜੋਂ ਖੇਤਰ ਬਣਾਉਣ ਪਿਛੇ ਲੱਗਣ ਵਾਲੀ ਮਿਹਨਤ ਹੀ ਦੇਖ ਲਵੋ। ਕਿੰਨਾ ਸੰਜਮ ,ਸੰਤੋਖ ਨਾਲ ਇਹ ਕੰਮ ਸਿਰੇ ਚੜ੍ਹਦੇ ਸਨ। ਅੱਜ ਦੀ ਪੀੜ੍ਹੀ ਮਿਹਨਤ ਤੋਂ ਘਬਰਾਉਂਦੀ ਹੈ ਤੇ ਜਲਦੀ ਬਾਜੀ ਦੇ ਰਾਹ ਪੈ ਕੇ ਕਈ ਵਾਰ ਬਰਬਾਦੀ ਦੇ ਰਾਹ ਵੀ ਪੈ ਜਾਂਦੀ ਹੈ। ਸੋ ਸਾਨੂੰ ਸਾਡੇ ਸੱਭਿਆਚਾਰ ਦੀਆਂ ਇਨ੍ਹਾਂ ਨਿਸ਼ਾਨੀਆਂ ਨੂੰ ਦੇਖ ਕੇ ਬਹੁਤ ਕੁਝ ਸਿੱਖਣ ਦੀ ਲੋੜ ਹੈ।

ਚਰਖੇ ਬਾਰੇ ਅੱਜ ਦੀ ਪੀੜ੍ਹੀ ਨੂੰ ਵੀ ਦੱਸਣ ਦੀ ਲੋੜ ਹੈ ਕਿਉਂਕਿ, ਅੱਜ ਦੀ ਪੀੜੀ ਚਰਖੇ ਬਾਰੇ ਕੁਝ ਵੀ ਨਹੀਂ ਜਾਣਦੀ। ਉਨ੍ਹਾਂ ਨੂੰ ਇਹ ਸਿਰਫ਼ ਅਜਾਇਬ ਘਰ ਵਿੱਚ ਰੱਖਣ ਵਾਲੀ ਇਕ ਨੁਮਾਇਸ਼ੀ&; ਵਸਤੂ ਹੀ ਦਿਸਦੀ ਹੈ। ਪਰ ਚਰਖੇ ਦੇ ਬਣਨ ਦੇ ਪਿੱਛੇ ਜੋ ਜਜ਼ਬਾਤ, ਰੀਝਾਂ ਤੇ ਮਿਹਨਤ ਛੁਪੀ ਹੁੰਦੀ ਸੀ ,ਉਸ ਤੋਂ ਉਹ ਅਣਜਾਣ ਹਨ। ਚਰਖਾ ਆਪਣੇ ਆਪ ਵਿੱਚ ਬਹੁਤ ਕੁਝ ਛੁਪਾਈ ਬੈਠਾ ਹੈ ਜੋ ਕਿ ਅੱਜ ਦੀ ਪੀੜੀ ਨੂੰ ਦੱਸਣ ਦੀ ਜ਼ਰੂਰਤ ਹੈ।

ਘੁੰਮ ਚਰਖੜਿਆ ਘੁੰਮ ਵੇ ਤੇਰੀ ਕੱਤਣ ਵਾਲੀ ਜੀਵੇ।  
ਕੱਤਣ ਵਾਲੀ ਜੀਵੇ ਨਲੀਆਂ ਵੱਟਣ ਵਾਲੀ ਜੀਵੇ।

# ਸਤਿਗੁਰ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਗਿਆ

**ਯੂਬਾ ਸਿਟੀ–** ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਵੱਲੋਂ ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ ਵਿਖੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ਼ਹਿਨਸ਼ਾਹ ਸਤਿਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਵਸ ਬਹੁਤ ਹੀ ਪਿਆਰ, ਸਤਿਕਾਰ ਤੇ ਸ਼ਰਧਾ ਪੂਰਵਕ ਮਨਾਇਆ ਗਿਆ। ਜਿਸ ਵਿਚ ਵੱਡੀ ਗਿਣਤੀ ਵਿਚ ਸੰਗਤਾਂ ਨੇ ਗੁਰੂ ਚਰਨਾਂ 'ਚ ਹਾਜ਼ਰੀ ਲਗਵਾ ਕੇ ਖੁਸ਼ੀਆਂ ਪ੍ਰਾਪਤ ਕੀਤੀਆਂ।

ਸਭ ਤੋਂ ਪਹਿਲਾਂ ਸ੍ਰੀ ਯੋਗ ਵਸ਼ਿਸ਼ਟ ਸਾਹਿਬ ਜੀ ਦੇ ਪਾਠ ਕੀਤੇ ਗਏ, ਉਪਰੰਤ ਅਰਦਾਸ ਤੇ ਆਰਤੀ ਕੀਤੀ ਗਈ। ਪਾਠ ਦੀ ਸੇਵਾ ਵਿਨੋਦ ਗਿੱਲ ਤੇ ਵਿਸ਼ਾਲ ਸ਼ਰਬਤੀ ਵੱਲੋਂ ਨਿਭਾਈ ਗਈ। ਉਪਰੰਤ ਵੱਖ-ਵੱਖ ਕਲਾਕਾਰਾਂ ਭੁਪਿੰਦਰ ਭਿੰਦਾ, ਬਲਵੀਰ ਧਾਲੀਵਾਲ, ਵਿਸ਼ਾਲ ਸ਼ਰਬਤੀ, ਜੋਗਿੰਦਰ ਸਿੰਘ ਸ਼ੌਂਕੀ, ਸਿਮਰਨ ਭਗਾਨੀਆ ਨੇ ਸ਼ਬਦ ਗਾਇਨ ਕਰਕੇ ਗੁਰੂ ਚਰਨਾਂ 'ਚ ਹਾਜ਼ਰੀ ਲਗਵਾਈ ਗਈ। ਇਹਨਾਂ ਤੋਂ ਇਲਾਵਾ ਗਿਅਨੀ ਪ੍ਰਿਤਪਾਲ ਸਿੰਘ ਜੀ ਵੱਲੋਂ ਸੰਗਤਾਂ ਨੂੰ ਬਹੁਤ ਸੁੰਦਰ ਸ਼ਬਦ ਗਾ ਕੇ ਗੁਰੂ ਚਰਨਾਂ ਨਾਲ ਜੋੜਿਆ ਗਿਆ।

ਉਪਰੰਤ ਗਿਆਨੀ ਗੁਰਦਿਆਲ ਸਿੰਘ ਤੇ ਉਹਨਾਂ ਦੇ ਜਥੇ ਵੱਲੋਂ ਲੰਮੇ ਸਮੇਂ ਤੱਕ ਸੰਗਤਾਂ ਨੂੰ ਕੀਰਤਨ ਕਰਕੇ ਗੁਰੂ ਚਰਨਾਂ ਨਾਲ ਜੋੜਿਆ ਗਿਆ। ਇਸ ਸਾਰੇ ਪ੍ਰੋਗਰਾਮ ਦੌਰਾਨ ਸੰਗਤਾਂ ਵੱਲੋਂ ਪੂਰਨ ਸਹਿਯੋਗ ਦਿੱਤਾ ਗਿਆ।

ਪ੍ਰੋਗਰਾਮ 'ਚ ਗੁਰੂ ਕੇ ਲੰਗਰ ਸਾਰਾ ਦਿਨ ਚਲਦੇ ਰਹੇ। ਲੰਗਰਾਂ ਦੀ ਸੇਵਾ ਜਗਜੀਤ ਸਿੰਘ ਗਿੱਲ ਤੇ ਦੀਪਕ ਸਹੋਤਾ ਦੇ ਪਰਿਵਾਰਾਂ ਵੱਲੋਂ ਪਿਆਰ ਸਤਿਕਾਰ ਨਾਲ ਕੀਤੀ ਗਈ। ਸੰਗਤਾਂ ਨੂੰ ਸਤਿਗੁਰੂ ਰਵਿਦਾਸ ਦੇ ਪ੍ਰਕਾਸ਼ ਦਿਵਸ ਦੀ ਵਧਾਈਆਂ ਪ੍ਰਧਾਨ ਜਗਜੀਤ ਸਿੰਘ ਗਿੱਲ, ਚੇਅਰਮੈਨ ਪ੍ਰੇਮ ਲਾਲ ਸੌਂਧੀ, ਸਤਿਗੁਰੂ ਰਵਿਦਾਸ ਟੈਂਪਲ ਦੀ ਪ੍ਰਬੰਧਕ ਕਮੇਟੀ ਵੱਲੋਂ ਰਾਮ ਸੇਵਕ ਭਾਟੀਆ ਤੇ ਸੋਸ਼ਲ ਵਰਕਰ ਸਤਿਨਾਮ ਸਿੰਘ ਜੀ ਵੱਲੋਂ ਦਿੱਤੀਆਂ ਗਈਆਂ।

ਇਸ ਸਾਰੇ ਪ੍ਰੋਗਰਾਮ ਦੌਰਾਨ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਸੰਤੋਖ ਸਿੰਘ ਜਨਰਲ ਸਕੱਤਰ ਮਹਾਂਰਿਸ਼ੀ ਵਾਲਮੀਕ ਸਭਾ ਵੱਲੋਂ ਨਿਭਾਈ ਗਈ।

****





ਰਿਪੋਰਟ ਅਤੇ ਤਸਵੀਰਾਂ- ਸੰਤੋਖ ਸਿੰਘ ਗਿੱਲ
























# ਮਹਾਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ ਵਿਖੇ ਸਤਿਗੁਰ ਰਵਿਦਾਸ ਜੀ ਦੇ ਪ੍ਰਕਾਸ਼ ਉਤਸਵ ਮਨਾਏ ਜਾਣ ਦੀਆਂ ਝਲਕੀਆਂ ਤਸਵੀਰਾਂ ਦੀ ਜ਼ਬਾਨੀ














